@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 24 June 2024

Punjabi National Daily

Qaumi Patrika NO.1

VISIT: www.qaumipatrika.org

Email: qpatrika@gmail.com

ਨਵੀਂ ਦਿੱਲੀ: ਸੋਮਵਾਰ 24 ਜੂਨ 2024, 10 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 216, qpatrika@gmail.com ਫੋਨ : 9971359517 www.qaumipatrika.org

## ਬੰਗਲਾਦੇਸ਼ੀ ਨਾਗਰਿਕਾਂ ਨੂੰ ਇਲਾਜ ਲਈ ਮਿਲੇਗਾ ਈ-ਵੀਜ਼ਾ: ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 23 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਦਿੱਲੀ ਦੇ ਹੈਦਰਾਬਾਦ ਹਾਊਸ 'ਚ ਵਫਦ ਪੱਧਰੀ ਬੈਠਕ ਕੀਤੀ। ਇਸ ਤੋਂ ਬਾਅਦ ਦੋਹਾਂ ਨੇਤਾਵਾਂ ਨੇ ਸਾਂਝਾ ਬਿਆਨ ਜਾਰੀ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਪਿਛਲੇ ਇਕ ਸਾਲ ਵਿਚ ਅਸੀਂ 10 ਵਾਰ ਮਿਲ ਚੁੱਕੇ ਹਾਂ ਪਰ ਅੱਜ ਦੀ ਮੁਲਾਕਾਤ ਖਾਸ ਹੈ। ਅਜਿਹਾ ਇਸ ਲਈ ਕਿਉਂਕਿ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਸਾਡੇ ਤੀਜੇ ਕਾਰਜਕਾਲ ਵਿਚ ਸਾਡੀ ਪਹਿਲੀ ਮਹਿਮਾਨ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਨਵੇਂ ਵਿਜਨ ਨਾਲ ਅੱਗੇ ਵਧਾਂਗੇ। ਬੈਠਕ ਮਗਰੋਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬੰਗਲਾਦੇਸ਼ ਨਾਲ ਸਬੰਧਾਂ ਨੂੰ ਭਾਰਤ ਤਰਜੀਹ ਦਿੰਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਅਤੇ ਬੰਗਲਾਦੇਸ਼ ਗੰਗਾ ਜਲ ਸੰਧੀ ਦੀ ਸਮੀਖਿਆ ਕਰਨ 'ਤੇ ਸਹਿਮਤ ਹੋਏ ਹਨ ਅਤੇ ਬੰਗਲਾਦੇਸ਼ ਤੋਂ ਮੈਡੀਕਲ ਲਈ ਭਾਰਤ ਆਉਣ ਵਾਲਿਆਂ ਲਈ ਈ-ਵੀਜ਼ਾ ਦੀ ਸਹੂਲਤ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਦੋਵੇਂ ਦੇਸ ਡਿਜੀਟਲ ਤਕਨਾਲੋਜੀ, ਸਮੁੰਦਰੀ ਅਤੇ ਪੁਲਾੜ ਖੇਤਰ ਦੀਆਂ ਪਹਿਲਕਦਮੀਆਂ ਅਤੇ ਰੱਖਿਆ ਉਤਪਾਦਨ ਅਤੇ ਮਨੁੱਖੀ ਸਰੋਤ ਵਿਕਾਸ ਦੇ ਖੇਤਰ ਵਿਚ ਸਹਿਯੋਗ ਵਧਾਉਣ ਲਈ ਸਹਿਮਤ ਹੋਏ ਹਨ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ 2026 ਵਿਚ ਬੰਗਲਾਦੇਸ਼ ਘੱਟ ਵਿਕਸਿਤ ਦੇਸ਼ ਦੀ ਸ਼੍ਰੇਣੀ ਤੋਂ ਨਿਕਲ ਕੇ ਵਿਕਾਸਸ਼ੀਲ ਦੇਸ਼ ਬਣਨ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਅਤੇ ਬੰਗਲਾਦੇਸ਼ ਨੇ ਪਿਛਲੇ ਇਕ ਹੀ ਸਾਲ ਵਿਚ ਇਕੱਠੇ ਮਿਲ ਕੇ ਲੋਕ ਕਲਿਆਣ ਦੇ ਕਈ ਮਹੱਤਵਪੂਰਨ ਯੋਜਨਾਵਾਂ ਨੂੰ ਪੂਰਾ ਕੀਤਾ ਹੈ। ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਗੰਗਾ ਨਦੀ 'ਤੇ ਦੁਨੀਆ ਦੀ ਸਭ ਤੋਂ ਲੰਬੀ ਰਿਵਰ ਕਰੂਜ ਸਫਲਤਾਪੂਰਵਕ ਪੂਰੀ ਹੋ ਚੁੱਕੀ ਹੈ। ਭਾਰਤ ਅਤੇ ਬੰਗਲਾਦੇਸ਼ ਵਿਚ ਪਹਿਲੀ ਕਰਾਸ ਬਾਰਡਰ ਮੈਤਰੀ ਪਾਈਪਲਾਈਨ ਪੂਰੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਿਰਫ ਇਕ ਸਾਲ ਵਿਚ ਇੰਨੇ ਸਾਰੇ ਖੇਤਰਾਂ ਵਿਚ ਇੰਨੀ ਵੱਡੀ ਪਹਿਲ ਨੂੰ ਲਾਗੂ ਕਰਨਾ ਸਾਡੇ ਸਬੰਧਾਂ ਦੀ ਗਤੀ ਅਤੇ ਪੈਮਾਨੇ ਨੂੰ ਦਰਸਾਉਂਦਾ ਹੈ। ਬੰਗਲਾਦੇਸ ਦੀ ਪ੍ਰਧਾਨ ਮੰਤਰੀ ਹਸੀਨਾ ਨਾਲ ਗੱਲਬਾਤ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਇਲਾਜ ਲਈ ਬੰਗਲਾਦੇਸ ਤੋਂ ਭਾਰਤ ਆਉਣ ਵਾਲੇ ਲੋਕਾਂ ਲਈ ਈ-ਮੈਡੀਕਲ ਵੀਜ਼ਾ ਸਹੂਲਤ ਸੁਰੂ ਕਰੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮੈਂ ਅੱਜ ਸਾਮ ਹੋਣ ਵਾਲੇ ਕ੍ਰਿਕਟ ਵਿਸਵ ਕੱਪ ਮੈਚ ਲਈ ਦੋਵਾਂ ਟੀਮਾਂ ਨੂੰ ਸੁਭਕਾਮਨਾਵਾਂ ਦਿੰਦਾ ਹਾਂ। ਬੰਗਲਾਦੇਸ ਭਾਰਤ ਦਾ ਸਭ ਤੋਂ ਵੱਡਾ ਵਿਕਾਸ ਭਾਈਵਾਲ ਹੈ ਅਤੇ ਅਸੀਂ ਬੰਗਲਾਦੇਸ ਨਾਲ ਆਪਣੇ ਸਬੰਧਾਂ ਨੂੰ ਸਭ ਤੋਂ ਵੱਧ ਤਰਜੀਹ ਦਿੰਦੇ ਹਾਂ। ਦੋਹਾਂ ਦੇਸਾਂ ਨੇ ਸੰਪਰਕ, ਵਣਜ ਅਤੇ ਸਹਿਯੋਗ ਨੂੰ ਆਪਣਾ ਫੋਕਸ ਰੱਖਿਆ ਹੈ। ਪਿਛਲੇ 10 ਸਾਲਾਂ ਵਿਚ ਅਸੀਂ 1965 ਤੋਂ ਪਹਿਲਾਂ ਦੀ ਕਨੈਕਟੀਵਿਟੀ ਨੂੰ ਬਹਾਲ ਕੀਤਾ ਹੈ। ਹੁਣ ਅਸੀਂ ਡਿਜੀਟਲ ਅਤੇ ਐਨਰਜੀ ਕਨੈਕਟੀਵਿਟੀ 'ਤੇ ਹੋਰ ਵੀ ਜ਼ਿਆਦਾ ਧਿਆਨ ਦੇਵਾਂਗੇ, ਜਿਸ ਨਾਲ ਦੋਵਾਂ ਦੇਸਾਂ ਦੀਆਂ ਅਰਥਵਿਵਸਥਾਵਾਂ ਨੂੰ ਹੁਲਾਰਾ ਮਿਲੇਗਾ। 54 ਨਦੀਆਂ ਭਾਰਤ ਅਤੇ ਬੰਗਲਾਦੇਸ ਨੂੰ ਜੋੜਦੀਆਂ ਹਨ। ਅਸੀਂ ਹੜ੍ਹ ਪ੍ਰਬੰਧਨ, ਅਗਾਊਂ ਚੇਤਾਵਨੀ ਅਤੇ ਪੀਣ ਵਾਲੇ ਪਾਣੀ ਦੇ ਪ੍ਰੋਜੈਕਟਾਂ 'ਤੇ ਸਹਿਯੋਗ ਕੀਤਾ ਹੈ। ਬੰਗਲਾਦੇਸ 'ਚ ਤੀਸਤਾ ਨਦੀ ਦੀ ਸੰਭਾਲ ਅਤੇ ਪ੍ਰਬੰਧਨ ਲਈ, ਇਕ ਤਕਨੀਕੀ ਟੀਮ ਜਲਦੀ ਹੀ ਬੰਗਲਾਦੇਸ ਦਾ ਦੌਰਾ ਕਰੇਗੀ।



## ਜਲੰਧਰ ਸ਼ਿਫਟ ਹੋਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਐਲਾਨ


ਜਲੰਧਰ 23 ਜੂਨ। ਜਲੰਧਰ ਵੈਸਟ ਵਿਧਾਨ ਸਭਾ ਸੀਟ 'ਤੇ ਹੋ ਰਹੀ ਜ਼ਿਮਨੀ ਚੋਣ ਲਈ ਮੁੱਖ ਮੰਤਰੀ ਭਗਵੰਤ ਮਾਨ ਟੀਮ ਸਮੇਤ ਜਲੰਧਰ ਸ਼ਿਫਟ ਹੋ ਗਏ ਹਨ। ਇਸ ਲਈ ਉਨ੍ਹਾਂ ਨੇ ਬਕਾਇਦਾ ਮਕਾਨ ਵੀ ਕਿਰਾਏ 'ਤੇ ਲੈ ਰਹੇ ਹਨ। ਇਸ ਦੌਰਾਨ ਮੁੱਖ ਮੰਤਰੀ ਨੇ




ਕਿਹਾ ਕਿ ਮੇਰੀ ਪਾਰਟੀ ਵੱਲੋਂ ਡਿਊਟੀ ਲੱਗੀ ਹੈ, ਮੈਂ ਜਲੰਧਰ ਵਿਖੇ ਘਰ ਕਿਰਾਏ 'ਤੇ ਲੈ ਰਿਹਾ ਹਾਂ। ਮੇਰੀ ਅਗਵਾਈ 'ਚ ਜਲੰਧਰ ਦੀ ਜ਼ਿਮਨੀ ਚੋਣ ਹੋਵੇਗੀ। ਇਹ ਘਰ ਸਿਰਫ ਚੋਣਾਂ ਤੱਕ ਹੀ ਜਲੰਧਰ 'ਚ ਕਿਰਾਏ 'ਤੇ ਨਹੀਂ ਲਿਆ ਜਾਵੇਗਾ ਬਲਕਿ ਇਸ ਤੋਂ ਬਾਅਦ ਵੀ ਇੱਥੇ ਹੀ ਆਪਣੇ ਲੋਕਾਂ 'ਚ ਰਹਾਂਗਾ। ਮੁੱਖ ਮੰਤਰੀ ਨੇ ਕਿਹਾ ਕਿ ਬਾਅਦ ਵਿਚ ਇਸ ਘਰ ਨੂੰ ਦੋਆਬੇ ਅਤੇ ਮਾਝੇ ਦਾ ਦਫਤਰ ਬਣਾਇਆ ਜਾਵੇਗਾ ਅਤੇ ਹਫਤੇ ਦੇ ਦੋ ਤੋਂ ਤਿੰਨ ਦਿਨ ਉਹ ਇਥੇ ਹੀ ਰਿਹਾ ਕਰਨਗੇ। ਕਿਸੇ ਨੂੰ ਚੰਡੀਗੜ੍ਹ ਜਾਣ ਦੀ ਜ਼ਰੂਰਤ ਨਹੀਂ ਪਵੇਗੀ ਅਤੇ ਜਲੰਧਰ ਵਿਚ ਹੀ ਉਨ੍ਹਾਂ ਦਾ ਮੁਲਾਕਾਤ ਹੋ ਜਾਇਆ ਕਰੇਗੀ।

## "ਜੇਲ 'ਚ ਲਗਾਤਾਰ ਕਮਜੋਰ ਹੋ ਰਹੇ ਕੇਜਰੀਵਾਲ, ਹੁਣ ਤੱਕ ਘਟ ਚੁੱਕੈ 8 ਕਿੱਲੋ ਭਾਰ"

ਨਵੀਂ ਦਿੱਲੀ 23 ਜੂਨ। ਆਮ ਆਦਮੀ ਪਾਰਟੀ (ਆਪ) ਨੇ ਤਿਹਾੜ ਜੇਲ੍ਹ 'ਚ ਬੰਦ ਸੀ.ਐੱਮ. ਅਰਵਿੰਦ ਕੇਜਰੀਵਾਲ ਦੀ ਸਿਹਤ ਵਿਗੜਨ ਦਾ ਦਾਅਵਾ ਕੀਤਾ ਹੈ। ਪਾਰਟੀ ਨੇ ਕਿਹਾ ਕਿ ਜੇਲ੍ਹ 'ਚ ਕੇਜਰੀਵਾਲ ਦਾ ਭਾਰ ਲਗਾਤਾਰ ਘਟ ਰਿਹਾ ਹੈ। ਹੁਣ ਤੱਕ ਉਨ੍ਹਾਂ ਦਾ 8 ਕਿੱਲੋ ਤੱਕ ਭਾਰ ਘਟ ਚੁੱਕਾ ਹੈ। ਇਸ ਤਰ੍ਹਾਂ ਭਾਰ 'ਚ ਗਿਰਾਵਟ ਹੋਣਾ ਚਿੰਤਾਜਨਕ ਗੱਲ ਹੈ। ਆਮ ਆਦਮੀ ਪਾਰਟੀ ਨੇ ਕਿਹਾ ਕਿ 21 ਮਾਰਚ ਨੂੰ ਗ੍ਰਿਫਤਾਰੀ ਦੌਰਾਨ ਸੀ.ਐੱਮ. ਕੇਜਰੀਵਾਲ ਦਾ ਭਾਰ 70 ਕਿੱਲੋ ਸੀ। 2 ਜੂਨ ਨੂੰ ਭਾਰ ਘਟ ਕੇ 63.5 ਕਿੱਲੋ ਹੋ ਗਿਆ। ਸ਼ਨੀਵਾਰ 22 ਜੂਨ ਨੂੰ ਭਾਰ ਹੋਰ ਘਟ ਕੇ 62 ਕਿੱਲੋ ਰਹਿ



ਗਿਆ। ਇਸ ਤਰ੍ਹਾਂ ਹੁਣ ਤੱਕ ਉਨ੍ਹਾਂ ਦਾ ਭਾਰ 8 ਕਿੱਲੋ ਤੱਕ ਘਟ ਚੁੱਕਾ ਹੈ। ਪਾਰਟੀ ਨੇ ਕਿਹਾ ਕਿ ਏਮਸ ਦੇ ਮੈਡੀਕਲ ਬੋਰਡ ਨੇ ਸੀ.ਐੱਮ. ਕੇਜਰੀਵਾਲ ਦੇ ਘਟਦੇ ਭਾਰ ਨੂੰ ਵੇਖ ਕੇ ਉਨ੍ਹਾਂ ਦੀ ਡਾਈਟ 'ਚ ਪਰਾਂਠਾ ਅਤੇ ਪੂੜੀ ਵੀ ਸ਼ਾਮਲ ਕਰਨ ਲਈ ਕਿਹਾ ਹੈ। 'ਆਪ' ਨੇ ਕਿਹਾ ਕਿ ਏਮਸ ਨੇ ਹੁਣ ਤੱਕ ਸਿਰਫ ਖੂਨ ਨਾਲ ਸਬੰਧਤ ਕੁਝ ਟੈਸਟ ਹੀ ਕਰਵਾਏ ਹਨ। ਹਾਰਟ ਅਤੇ ਕੈਂਸਰ ਨਾਲ ਸਬੰਧਤ ਟੈਸਟ ਅਜੇ ਤੱਕ ਨਹੀਂ ਹੋਏ ਹਨ। ਸੀ.ਐੱਮ. ਕੇਜਰੀਵਾਲ ਦੇ ਭਾਰ ਲਗਾਤਾਰ ਘਟਣ ਨੂੰ ਮੈਕਸ ਦੇ ਡਾਕਟਰਾਂ ਨੇ ਗੰਭੀਰ ਮੰਨਿਆ ਸੀ ਅਤੇ ਕਈ ਟੈਸਟ ਕਰਾਉਣ ਲਈ ਕਿਹਾ ਸੀ, ਜਿਸ ਦੇ ਲਈ ਸੀ.ਐੱਮ. ਕੇਜਰੀਵਾਲ ਨੇ ਅੰਤ੍ਰਿਮ ਜਮਾਨਤ 7 ਦਿਨ ਵਧਾਉਣ ਦੀ ਅਪੀਲ ਕੀਤੀ ਸੀ, ਜਿਸ ਨੂੰ ਕੋਰਟ ਨੇ ਨਹੀਂ ਮੰਨਿਆ।

## ਉੜੀ ਸੈਕਟਰ 'ਚ ਘੁਸਪੈਠ ਦੀ ਕੋਸ਼ਿਸ਼ ਨਾਕਾਮ, ਸੁਰੱਖਿਆ ਫੋਰਸ ਨੇ ਦੋ ਅੱਤਵਾਦੀ ਕੀਤੇ ਢੇਰ

ਸ਼੍ਰੀਨਗਰ 23 ਜੂਨ। ਉੱਤਰੀ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਦੇ ਉੜੀ ਦੇ ਗੋਲਲਾਨ ਇਲਾਕੇ 'ਚ ਸੁਰੱਖਿਆ ਫੋਰਸ ਨੇ ਘੁਸਪੈਠ ਦੀ ਕੋਸ਼ਿਸ਼ ਨਾਕਾਮ ਕਰ ਦਿੱਤੀ। ਸੁਰੱਖਿਆ ਫੋਰਸ ਨੇ ਉੜੀ ਸੈਕਟਰ 'ਚ ਐੱਲ.ਓ.ਸੀ. ਨੇੜੇ ਦੋ ਅੱਤਵਾਦੀਆਂ ਨੂੰ ਮਾਰ ਮੁਕਾਇਆ ਹੈ। ਜਾਣਕਾਰੀ ਮੁਤਾਬਕ, ਦੋਵੇਂ ਅੱਤਵਾਦੀ ਘੁਸਪੈਠ ਦੀ ਕੋਸ਼ਿਸ਼ ਕਰ ਰਹੇ ਸਨ। ਦੱਸ ਦੇਈਏ ਕਿ ਅੱਤਵਾਦੀਆਂ ਦੇ ਨਾਲ ਸੁਰੱਖਿਆ ਫੋਰਸ ਦਾ ਮੁਕਾਬਲਾ ਅਜੇ ਵੀ ਜਾਰੀ ਹੈ। ਫਿਲਹਾਲ ਮਾਰੇ ਗਏ ਅੱਤਵਾਦੀਆਂ ਬਾਰੇ ਅਜੇ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ। ਸੁਰੱਖਿਆ ਫੋਰਸ ਇਨ੍ਹਾਂ ਦੀ ਪਛਾਣ 'ਚ ਜੁਟੀ ਹੋਈ ਹੈ। ਇਸ ਤੋਂ ਪਹਿਲਾਂ ਬੀਤੇ ਬੁੱਧਵਾਰ 21 ਜੂਨ ਨੂੰ ਬਾਰਾਮੂਲਾ 'ਚ ਮਕੁਬਾਲੇ 'ਚ ਸੁਰੱਖਿਆ ਫੋਰਸ ਨੇ ਦੋ ਪਾਕਿਸਤਾਨੀ ਅੱਤਵਾਦੀਆਂ ਨੂੰ ਮਾਰ ਮੁਕਾਇਆ ਸੀ।

## ਨੀਟ ਪੇਪਰ ਲੀਕ ਮਾਮਲੇ 'ਤੇ ਭੜਕੀ ਪ੍ਰਿਯੰਕਾ, ਸਾਫ ਢੰਗ ਨਾਲ ਇਕ ਪ੍ਰੀਖਿਆ ਤੱਕ ਨਹੀਂ ਕਰਵਾ ਸਕਦੀ ਮੋਦੀ ਸਰਕਾਰ

**ਏਜੰਸੀਆਂ**

ਨਵੀਂ ਦਿੱਲੀ 23 ਜੂਨ। ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਨੇ ਐਤਵਾਰ ਨੂੰ 'ਨੀਟ-ਯੂਜੀ' ਸਮੇਤ ਰਾਸਟਰੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਕਥਿਤ ਬੇਨਿਯਮੀਆਂ ਨੂੰ ਲੈ ਕੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ 'ਤੇ ਨਿਸਾਨਾ ਵਿੰਨ੍ਹਿਆ। ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਇਸ ਨੇ ਪੂਰੀ ਸਿੱਖਿਆ ਪ੍ਰਣਾਲੀ ਨੂੰ 'ਮਾਫੀਆ' ਅਤੇ ਭ੍ਰਿਸਟਾਚਾਰੀਆਂ ਦੇ ਹਵਾਲੇ ਕਰ ਦਿੱਤਾ ਹੈ। ਕਾਂਗਰਸ ਨੇਤਾ ਦੀ ਟਿੱਪਣੀ ਦੇ ਠੀਕ ਇਕ ਦਿਨ ਪਹਿਲਾਂ, ਕੇਂਦਰੀ ਸਿੱਖਿਆ ਮੰਤਰਾਲਾ ਨੇ ਪ੍ਰੀਖਿਆ ਕਰਵਾਉਣ ਲਈ ਜ਼ਿੰਮੇਵਾਰ ਸੰਸਥਾ ਨੈਸਨਲ ਟੈਸਟਿੰਗ ਏਜੰਸੀ (ਐੱਨਟੀਏ) ਦੇ ਕੰਮਕਾਜ ਦੀ ਸਮੀਖਿਆ ਕਰਨ ਅਤੇ ਪ੍ਰੀਖਿਆ 'ਚ ਸੁਧਾਰ ਲਈ ਸਿਫਾਰਸਾਂ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਹੈ। ਕੇਂਦਰ ਸਰਕਾਰ ਨੇ ਸਨੀਵਾਰ ਨੂੰ ਨੈਸਨਲ ਟੈਸਟਿੰਗ ਏਜੰਸੀ ਦੇ ਡਾਇਰੈਕਟਰ ਜਨਰਲ ਸੁਬੋਧ ਸਿੰਘ ਨੂੰ ਹਟਾ ਦਿੱਤਾ ਅਤੇ ਮੈਡੀਕਲ ਦਾਖਲਾ ਪ੍ਰੀਖਿਆ '-' (ਰਾਸਟਰੀ ਯੋਗਤਾ ਕਮ ਦਾਖਲਾ ਪ੍ਰੀਖਿਆ-ਗ੍ਰੈਜੂਏਟ) 'ਚ ਬੇਨਿਯਮੀਆਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਸੌਂਪ ਦਿੱਤੀ। ਪ੍ਰਿਯੰਕਾ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ 'ਨੀਟ-ਯੂਜੀ' ਪ੍ਰੀਖਿਆ ਦਾ ਪ੍ਰਸ਼ਨ ਪੱਤਰ ਲੀਕ ਹੋਇਆ, ਉੱਥੇ ਹੀ ਨੀਟ-ਪੀਜੀ, ਯੂਜੀਸੀ ਨੈੱਟ ਅਤੇ ਸੀਐੱਸਆਈਆਰ-ਨੈੱਟ ਰੱਦ ਕਰ ਦਿੱਤੇ ਗਏ। ਉਨ੍ਹਾਂ ਨੇ ਪੋਸਟ ਕੀਤਾ,"ਅੱਜ, ਦੇਸ਼ ਦੀਆਂ ਕੁਝ ਸਭ ਤੋਂ ਵੱਡੀਆਂ ਪ੍ਰੀਖਿਆਵਾਂ ਦਾ ਇਹ ਹਾਲ ਹੈ। ਭਾਜਪਾ ਰਾਜ 'ਚ ਪੂਰੀ ਸਿੱਖਿਆ ਦਾ ਢਾਂਚਾ ਮਾਫੀਆ-ਭ੍ਰਿਸ਼ਟਾਚਾਰੀਆਂ ਦੇ ਹਵਾਲੇ ਹੋ ਚੁੱਕਿਆ ਹੈ।" ਪ੍ਰਿਯੰਕਾ ਨੇ ਪੋਸਟ 'ਚ ਕਿਹਾ,"ਲਾਲਚੀ ਕਿਸਮ ਦੇ ਅਯੋਗ ਲੋਕਾਂ ਦੇ



ਹੱਥ 'ਚ ਦੇਸ਼ ਦੀ ਸਿੱਖਿਆ ਅਤੇ ਬੱਚਿਆਂ ਦਾ ਭਵਿੱਖ ਸੌਂਪਣ ਦੀ ਰਾਜਨੀਤਕ ਜ਼ਿੱਦ ਅਤੇ ਹੰਕਾਰ ਨੇ ਪੇਪਰ ਲੀਕ, ਪ੍ਰੀਖਿਆ ਰੱਦ, ਕੈਂਪਸ ਤੋਂ ਪੜ੍ਹਾਈ-ਲਿਖਾਈ ਦਾ ਵਿਲੋਪ ਅਤੇ ਰਾਜਨੀਤਕ ਗੁੰਡਾਗਰਦੀ ਨੂੰ ਸਾਡੀ ਸਿੱਖਿਆ ਵਿਵਸਥਾ ਦੀ ਪਛਾਣ ਬਣਾ ਦਿੱਤਾ ਹੈ।" ਉਨ੍ਹਾਂ ਕਿਹਾ ਕਿ ਹਾਲਤ ਇਹ ਹੋ ਗਈ ਹੈ ਕਿ ਭਾਜਪਾ ਸਰਕਾਰ ਸਾਫ-ਸੁਥਰੇ ਤਰੀਕੇ ਨਾਲ ਇਕ ਪ੍ਰੀਖਿਆ ਤੱਕ ਨਹੀਂ ਕਰਵਾ ਸਕਦੀ। ਪੋਸਟ 'ਚ ਕਿਹਾ ਗਿਆ ਹੈ,"ਅੱਜ ਨੌਜਵਾਨਾਂ ਦੇ ਭਵਿੱਖ ਦੇ ਸਾਹਮਣੇ ਭਾਜਪਾ ਸਰਕਾਰ ਇਕਮਾਤਰ ਸਭ ਤੋਂ ਵੱਡੀ ਰੁਕਾਵਟ ਬਣ ਕੇ ਖੜ੍ਹੀ ਹੈ। ਦੇਸ਼ ਦੇ ਕਾਬਿਲ ਨੌਜਵਾਨ ਆਪਣਾ ਬੇਸ਼ਕੀਮਤੀ ਸਮਾਂ, ਸਾਰੀ ਊਰਜਾ ਭਾਜਪਾ ਦੇ ਭ੍ਰਿਸ਼ਟਾਚਾਰ ਨਾਲ ਲੜਨ 'ਚ ਗੁਆ ਰਹੇ ਹਨ ਅਤੇ ਮਜਬੂਰ ਮੋਦੀ ਜੀ ਸਿਰਫ ਤਮਾਸ਼ਾ ਦੇਖ ਰਹੇ ਹਨ।"

## ਲੋਕ ਸਭਾ ਚੋਣਾਂ ਤੋਂ ਬਾਅਦ ਸੜਕਾਂ 'ਤੇ ਮਿਲੇ ਸੈਂਕੜੇ ਵੋਟਰ ਆਈ. ਡੀ. ਕਾਰਡ

ਨੈਸ਼ਨਲ ਡੈਸਕ 23 ਜੂਨ। ਮਹਾਰਾਸ਼ਟਰ ਦੇ ਕਲਿਆਣ ਦੇ ਸੀਲ ਰੋਡ 'ਤੇ ਬੁੱਧਵਾਰ ਨੂੰ ਸੈਂਕੜਿਆਂ ਦੀ ਗਿਣਤੀ 'ਚ ਵੋਟਰ ਆਈ. ਡੀ. ਕਾਰਡ ਮਿਲਣ ਨਾਲ ਭਾਜੜਾਂ ਪੈ ਗਈਆਂ। ਇਕ ਮੀਡੀਆ ਰਿਪੋਰਟ ਮੁਤਾਬਕ ਸਥਾਨਕ ਲੋਕਾਂ ਨੇ ਵੋਟਰ ਆਈ. ਡੀ. ਕਾਰਡ ਦੇਖੇ ਅਤੇ ਤੁਰੰਤ ਮਾਨਪਾੜਾ ਪੁਲਸ ਨੂੰ ਇਸਦੀ ਸੂਚਨਾ ਦਿੱਤੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਾਰੇ ਵੋਟਰ ਆਈ. ਡੀ. ਕਾਰਡ ਜਬਤ ਕਰ ਲਏ ਅਤੇ ਜਾਂਚ ਸੁਰੂ ਕਰ ਦਿੱਤੀ। ਪੁਲਸ ਮੁਤਾਬਕ ਇਹ ਸਪੱਸਟ ਨਹੀਂ ਹੋ ਸਕਿਆ ਹੈ ਕਿ ਵੋਟਰ ਆਈ. ਡੀ. ਕਾਰਡ ਉੱਥੇ ਕਿਵੇਂ ਪਹੁੰਚੇ? ਦੱਸ ਦੇਈਏ ਕਿ ਇਹ ਘਟਨਾ ਚੋਣ ਪ੍ਰਕਿਰਿਆ 'ਚ ਗੰਭੀਰ ਲਾਪ੍ਰਵਾਹੀ ਜਾਂ ਧੋਖਾਦੇਹੀ ਵੱਲ ਇਸਾਰਾ ਕਰ ਸਕਦੀ ਹੈ। ਸਥਾਨਕ ਨਿਵਾਸੀਆਂ ਨੇ ਇਸ ਘਟਨਾ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਉੱਚਿਤ ਜਾਂਚ ਦੀ ਮੰਗ ਕੀਤੀ ਹੈ। ਉਥੇ ਹੀ ਚੋਣ ਕਮਿਸਨ ਨੇ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਾਂਚ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਦੋਸੀਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਘਟਨਾ ਨੇ ਸਹਿਰ 'ਚ ਸਿਆਸੀ ਅਤੇ ਸਮਾਜਿਕ ਚਰਚਾ ਨੂੰ ਜਨਮ ਦੇ ਦਿੱਤਾ ਹੈ ਅਤੇ ਲੋਕ ਚੋਣ ਪ੍ਰਕਿਰਿਆ ਦੀ ਸੁਰੱਖਿਆ 'ਤੇ ਸਵਾਲ ਉਠਾ ਰਹੇ ਹਨ। ਮਾਨਪਾੜਾ ਥਾਣੇ ਦੇ ਸੀਨੀਅਰ ਪੁਲਸ ਇੰਸਪੈਕਟਰ ਵਿਜੇ ਕਾਬਦਾਨੇ ਨੇ ਦੱਸਿਆ ਕਿ ਬਹੁਤ ਸਾਰੇ ਵੋਟਰ ਆਈ. ਡੀ. ਕਾਰਡ ਮਿਲੇ ਹਨ ਅਤੇ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ 'ਚ ਇਹ ਪਤਾ ਲਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ ਕਿ ਇਹ ਵੋਟਰ ਆਈ. ਡੀ. ਕਾਰਡ ਕਿਸਦੇ ਹਨ ਅਤੇ ਉੱਥੇ ਕਿਵੇਂ ਪਹੁੰਚੇ? ਕੁਝ ਸਥਾਨਕ ਨਿਵਾਸੀਆਂ ਦਾ ਮੰਨਣਾ ਹੈ ਕਿ ਇਹ ਕਿਸੇ ਸਿਆਸੀ ਸਾਜ਼ਿਸ ਦਾ ਹਿੱਸਾ ਹੋ ਸਕਦਾ ਹੈ, ਜਦਕਿ ਹੋਰ ਇਸ ਨੂੰ ਪ੍ਰਸਾਸਨਿਕ ਲਾਪ੍ਰਵਾਹੀ ਦਾ ਨਤੀਜਾ ਮੰਨ ਰਹੇ ਹਨ। ਪੁਲਸ ਵੱਖ-ਵੱਖ ਪਹਿਲੂਆਂ ਦੀ ਜਾਂਚ ਕਰ ਰਹੀ ਹੈ, ਜਿਸ 'ਚ ਇਹ ਦੇਖਣਾ ਵੀ ਸਾਮਲ ਹੈ ਕਿ ਕੀ ਇਹ ਕਿਸੇ ਸੰਗਠਿਤ ਗਿਰੋਹ ਦਾ ਕੰਮ ਸੀ, ਜੋ ਚੋਣ ਧੋਖਾਦੇਹੀ ਦੀ ਯੋਜਨਾ ਬਣਾ ਰਿਹਾ ਸੀ।

## ਕੇਰਲ ਦੇ ਕਾਲੀਕਟ ਏਅਰਪੋਰਟ 'ਚ ਪਈਆਂ ਭਾਜੜਾਂ, ਜਹਾਜ 'ਚ ਬੰਬ ਦੀ ਧਮਕੀ

ਨੈਸ਼ਨਲ ਡੈਸਕ 23 ਜੂਨ। ਕੇਰਲ ਦੇ ਕਾਲੀਕਟ ਅੰਤਰਰਾਸਟਰੀ ਹਵਾਈ ਅੱਡੇ ਤੋਂ ਸਾਰਜਾਹ ਲਈ ਰਵਾਨਾ ਹੋਣ ਵਾਲੀ ਏਅਰ ਅਰੇਬੀਆ ਦੀ ਇਕ ਉਡਾਣ ਵਿਚ ਸ਼ਨੀਵਾਰ ਨੂੰ ਬੰਬ ਹੋਣ ਦੀ ਸੂਚਨਾ ਮਿਲੀ ਹੈ, ਜਿਸ ਤੋਂ ਉਡਾਣ ਨੂੰ ਰੋਕ ਦਿੱਤਾ ਗਿਆ। ਬੰਬ ਨਿਰੋਧਕ ਦਸਤੇ ਨੇ ਜਹਾਜ ਦੀ ਡੂੰਘਾਈ ਨਾਲ ਜਾਂਚ ਕੀਤੀ, ਜਿਸ ਦੌਰਾਨ ਬੰਬ ਮਿਲਣ ਦੀ ਜਾਣਕਾਰੀ ਫਰਜੀ ਨਿਕਲੀ। ਇਸ ਘਟਨਾ ਦੀ ਜਾਣਕਾਰੀ ਹਵਾਈ ਅੱਡੇ ਦੇ ਸੂਤਰਾਂ ਵਲੋਂ ਦਿੱਤੀ ਗਈ ਹੈ। ਹਵਾਈ ਅੱਡੇ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਾਰਜਾਹ ਤੋਂ ਕਾਲੀਕਟ ਆ ਰਹੇ ਯਾਤਰੀਆਂ 'ਚੋਂ ਇਕ ਨੇ ਸੀਟ 'ਤੇ 'ਬੰਬ' ਲਿਖਿਆ ਹੋਇਆ ਨੋਟ ਛੱਡਿਆ ਸੀ, ਜਿਸ 'ਤੇ ਜਹਾਜ ਦੇ ਉਡਾਣ ਭਰਨ ਤੋਂ ਪਹਿਲਾਂ ਇਕ ਕਰਮਚਾਰੀ ਦੀ ਨਜਰ ਪੈ ਗਈ। ਅਧਿਕਾਰੀ ਨੇ ਦੱਸਿਆ ਕਿ ਇਸ ਤੋਂ ਬਾਅਦ ਬੰਬ ਬਾਰੇ ਪੁਲਸ ਨੂੰ ਸੂਚਿਤ ਕੀਤਾ ਗਿਆ ਅਤੇ ਬੰਬ ਨਿਰੋਧਕ ਦਸਤੇ ਨੇ ਜਹਾਜ ਦੀ ਬਾਰੀਕੀ ਨਾਲ ਜਾਂਚ ਕੀਤੀ। ਅਧਿਕਾਰੀ ਨੇ ਸਵੇਰੇ ਕਰੀਬ 11 ਵਜੇ ਕਿਹਾ ਕਿ ਬਾਅਦ ਵਿੱਚ ਸਾਨੂੰ ਪਤਾ ਲੱਗਾ ਕਿ ਇਹ ਇੱਕ ਫਰਜੀ ਧਮਕੀ ਸੀ। ਨਿਰੀਖਣ ਅਤੇ ਸੁਰੱਖਿਆ ਜਾਂਚ ਹੁਣੇ-ਹੁਣੇ ਸਮਾਪਤ ਹੋਈ ਹੈ। ਅਸੀਂ ਉਡਾਣ ਭਰਨ ਤੋਂ ਪਹਿਲਾਂ ਬੰਬ ਖੋਜਣ ਵਾਲੇ ਦਸਤੇ ਦੀ ਰਿਪੋਰਟ ਦਾ ਇੰਤਜਾਰ ਕਰ ਰਹੇ ਹਾਂ।" ਉਨ੍ਹਾਂ ਨੇ ਕਿਹਾ ਕਿ ਜਹਾਜ ਹੁਣ ਕਰੀਬ ਸਾਮ 5 ਵਜੇ ਦੇ ਕਰੀਬ ਉਡਾਣ ਭਰੇਗਾ।

## ਸਪਾ ਪ੍ਰਧਾਨ ਅਖਿਲੇਸ਼ ਅਤੇ ਡਿਪਟੀ ਸੀ. ਐੱਮ. ਮੌਰਿਆ ਵਿਚਾਲੇ ਛਿੜੀ ਜੁਬਾਨੀ ਜੰਗ

**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 23 ਜੂਨ। ਸਮਾਜਵਾਦੀ ਪਾਰਟੀ (ਸਪਾ) ਦੇ ਰਾਸ਼ਟਰੀ ਪ੍ਰਧਾਨ ਅਖਿਲੇਸ਼ ਯਾਦਵ ਨੇ ਪੇਪਰ ਲੀਕ ਮਾਮਲੇ 'ਚ ਸੋਸ਼ਲ ਮੀਡੀਆ ਐਕਸ 'ਤੇ ਲਿਖਿਆ, 'ਭਾਜਪਾਈਓਂ ਕੀ ਹੈ ਯਹੀ ਪਹਿਚਾਨ, ਝੂਠੋਂ ਕੋ ਕਾਮ, ਝੂਠੋਂ ਕੋ ਸਲਾਮ।' ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਕਿ ਪੁਲਸ ਭਰਤੀ ਪ੍ਰੀਖਿਆ ਆਯੋਜਿਤ ਕਰਾਉਣ ਵਾਲੀ ਗੁਜਰਾਤ ਦੀ ਕੰਪਨੀ ਦਾ ਹੀ ਪੇਪਰ ਲੀਕ ਕਰਵਾਉਣ 'ਚ ਹੱਥ ਹੈ ਅਤੇ ਉਸ ਦਾ ਮਾਲਕ ਜਦ ਸਫਲਤਾ ਨਾਲ ਵਿਦੇਸ਼ ਭੱਜ ਗਿਆ ਤਾਂ ਉਸ ਤੋਂ ਬਾਅਦ ਹੀ ਉੱਤਰ ਪ੍ਰਦੇਸ਼ ਸਰਕਾਰ ਨੇ ਉਸ ਬਾਰੇ ਜਨਤਾ ਨੂੰ ਦੱਸਿਆ ਅਤੇ ਜਨਤਾ ਦੇ ਗੁੱਸੇ ਤੋਂ ਬਚਣ ਲਈ ਸਿਰਫ ਦਿਖਾਵੇ ਲਈ ਉਸ ਕੰਪਨੀ ਨੂੰ ਬਲੈਕਲਿਸਟ ਕਰ ਦਿੱਤਾ। ਇਸ ਤੋਂ ਬਾਅਦ ਸਪਾ ਪ੍ਰਧਾਨ ਅਖਿਲੇਸ਼ ਅਤੇ ਡਿਪਟੀ ਸੀ. ਐੱਮ. ਕੇਸ਼ਵ ਪ੍ਰਸਾਦ ਮੌਰਿਆ ਵਿਚਾਲੇ ਸੋਸ਼ਲ ਮੀਡੀਆ 'ਤੇ ਜੁਬਾਨੀ ਜੰਗ ਛਿੜ ਗਈ ਹੈ। ਇਸ 'ਤੇ ਤੰਜ ਕਰਦੇ ਹੋਏ ਡਿਪਟੀ ਸੀ. ਐੱਮ. ਮੌਰਿਆ ਨੇ ਕਿਹਾ ਕਿ ਅਖਿਲੇਸ਼ ਯਾਦਵ



ਸ਼ੀਸ਼ੇ ਦੇ ਘਰ 'ਚ ਰਹਿੰਦੇ ਹਨ, ਬਹੁਤ ਜ਼ਿਆਦਾ ਨਾ ਬੋਲਣ। ਕੇਸ਼ਵ ਪ੍ਰਸਾਦ ਮੌਰਿਆ ਨੇ ਯੂ. ਪੀ. 'ਚ ਛੇਤੀ ਹੀ 10 ਸੀਟਾਂ 'ਤੇ ਹੋਣ ਜਾ ਰਹੀਆਂ ਵਿਧਾਨ ਸਭਾ ਉਪ ਚੋਣਾਂ ਨੂੰ ਲੈ ਕੇ ਕਿਹਾ ਹੈ ਕਿ ਭਾਜਪਾ ਨੇ ਆਪਣੀ ਰਣਨੀਤੀ ਤੈਅ ਕਰ ਲਈ ਹੈ। ਰਣਨੀਤੀ ਇਹ ਬਣਾਈ ਗਈ ਹੈ ਕਿ ਜਿਨ੍ਹਾਂ ਸੀਟਾਂ 'ਤੇ ਉਪ ਚੋਣ ਹੋਣੀ ਹੈ, ਉਥੇ ਇਸ ਵਾਰ ਕਮਲ ਖਿੜਾਉਣਾ ਹੈ। ਨੀਟ 'ਚ ਪੇਪਰ ਲੀਕ ਦੇ ਮਾਮਲੇ 'ਤੇ ਉਨ੍ਹਾਂ ਨੇ ਕਿਹਾ ਕਿ ਇਸ ਦੀ ਜਾਂਚ ਚੱਲ ਰਹੀ ਹੈ, ਇਸ ਲਈ ਬੋਲਣਾ ਸਹੀ ਨਹੀਂ ਹੈ ਪਰ ਗੜਬੜੀ ਕਰਨ ਵਾਲੇ ਕਿਸੇ ਵੀ ਹਾਲਤ 'ਚ ਬਖਸ਼ੇ ਨਹੀਂ ਜਾਣਗੇ। ਲੀਕ ਮਾਮਲੇ 'ਚ ਸਾਬਕਾ ਸੀ. ਐੱਮ. ਅਖਿਲੇਸ਼ ਯਾਦਵ ਦੇ ਟਵੀਟ 'ਤੇ ਡਿਪਟੀ ਸੀ. ਐੱਮ. ਕੇਸ਼ਵ ਮੌਰਿਆ ਨੇ ਤੰਜ ਕਰਦੇ ਹੋਏ ਕਿਹਾ ਕਿ ਅਖਿਲੇਸ਼ ਸ਼ੀਸ਼ੇ ਦੇ ਘਰ 'ਚ ਰਹਿੰਦੇ ਹੋ, ਬਹੁਤ ਜ਼ਿਆਦਾ ਬੜਬੋਲੇ ਨਾ ਬਣੋ। ਕੌਸ਼ਾਂਬੀ ਦੇ ਸਰਕਟ ਹਾਊਸ ਪਹੁੰਚੇ ਡਿਪਟੀ ਸੀ. ਐੱਮ. ਦਾ ਕਾਰਕੁੰਨਾਂ ਨੇ ਜੋਰਦਾਰ ਸਵਾਗਤ ਕੀਤਾ। ਉਨ੍ਹਾਂ ਨੇ 2027 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਦੇ ਅਹੁਦੇਦਾਰਾਂ ਤੇ ਕਾਰਕੁੰਨਾਂ ਨਾਲ ਬੈਠਕ ਕਰ ਕੇ ਚਰਚਾ ਕੀਤੀ।

## ਕਾਂਗਰਸ ਸਰਕਾਰ ਹਿੰਦੁਸਤਾਨ ਦਾ ਪੈਸਾ 'ਹਿੰਦੁਸਤਾਨੀਆਂ' 'ਤੇ ਹੀ ਖਰਚ ਕਰੇਗੀ : ਖੜਗੇ

ਨਵੀਂ ਦਿੱਲੀ, 23 ਜੂਨ। ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੇ ਸਨੀਵਾਰ ਤੇਲੰਗਾਨਾ 'ਚ ਕਿਸਾਨਾਂ ਦਾ 2 ਲੱਖ ਰੁਪਏ ਤਕ ਦਾ ਕਰਜਾ ਮੁਆਫ ਕਰਨ ਦੇ ਐਲਾਨ ਨੂੰ ਇਤਿਹਾਸਕ ਕਰਾਰ ਦਿੰਦੇ ਹੋਏ ਕਿਹਾ ਕਿ ਜਿੱਥੇ ਵੀ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਹੋਵੇਗੀ, ਉਥੇ 'ਹਿੰਦੁਸਤਾਨ' ਦਾ ਪੈਸਾ ਸਰਮਾਏਦਾਰਾਂ 'ਤੇ ਨਹੀਂ, 'ਹਿੰਦੁਸਤਾਨੀਆਂ' 'ਤੇ ਖਰਚ ਕੀਤਾ ਜਾਵੇਗਾ। ਤੇਲੰਗਾਨਾ ਦੇ ਮੁੱਖ ਮੰਤਰੀ ਏ. ਰੇਵੰਤ ਰੈੱਡੀ ਨੇ ਸ਼ੁੱਕਰਵਾਰ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ ਕਿਹਾ ਸੀ ਕਿ ਜਿਨ੍ਹਾਂ ਕਿਸਾਨਾਂ ਨੇ 12 ਦਸੰਬਰ 2018 ਤੋਂ 9 ਦਸੰਬਰ 2023 ਦਰਮਿਆਨ 2 ਲੱਖ ਰੁਪਏ ਤੱਕ ਦਾ ਕਰਜਾ ਲਿਆ ਹੈ, ਨੂੰ ਪੂਰੀ ਤਰ੍ਹਾਂ ਮੁਆਫ ਕਰ ਦਿੱਤਾ ਜਾਵੇਗਾ। ਖੜਗੇ ਨੇ 'ਐਕਸ' ਤੇ ਪੋਸਟ ਕੀਤਾ ਕਿ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਤੇਲੰਗਾਨਾ ਦੇ 40 ਲੱਖ ਤੋਂ ਵੱਧ ਕਿਸਾਨ ਪਰਿਵਾਰਾਂ ਨੂੰ ਕਰਜਾ ਮੁਕਤ ਕਰਨ ਦਾ ਇਤਿਹਾਸਕ ਫੈਸਲਾ ਲਿਆ ਹੈ। 16 ਸਾਲ ਪਹਿਲਾਂ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਨੇ 3.73 ਕਰੋੜ ਕਿਸਾਨਾਂ ਦੇ 72,000 ਕਰੋੜ ਰੁਪਏ ਦੇ ਖੇਤੀ ਕਰਜੇ ਅਤੇ ਵਿਆਜ ਨੂੰ ਮੁਆਫ ਕੀਤਾ ਸੀ।

## ਮਾਇਆਵਤੀ ਨੇ ਡੇਢ ਮਹੀਨੇ 'ਚ ਪਲਟਿਆ ਫੈਸਲਾ, ਭਤੀਜੇ ਆਕਾਸ਼ ਨੂੰ ਮੁੜ ਬਣਾਇਆ 'ਉੱਤਰਾਧਿਕਾਰੀ'

**ਤੇਜਿੰਦਰ ਕੌਰ ਬੱਬਰ**


ਲਖਨਊ 23 ਜੂਨ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਮਾਇਆਵਤੀ ਨੇ ਕਰੀਬ ਡੇਢ ਮਹੀਨੇ ਬਾਅਦ ਆਪਣਾ ਫੈਸਲਾ ਪਲਟਦੇ ਹੋਏ ਐਤਵਾਰ ਨੂੰ ਆਪਣੇ ਭਤੀਜੇ ਆਕਾਸ਼ ਆਨੰਦ ਨੂੰ ਪਾਰਟੀ ਦੇ ਰਾਸਟਰੀ ਕੋਆਰਡੀਨੇਟਰ ਦੀ ਜ਼ਿੰਮੇਵਾਰੀ ਸੌਂਪਦੇ ਹੋਏ ਉਸ ਨੂੰ ਮੁੜ ਆਪਣਾ ਉੱਤਰਾਧਿਕਾਰੀ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਲੋਕ ਸਭਾ ਚੋਣਾਂ ਦਰਮਿਆਨ ਹੀ 7 ਮਈ ਨੂੰ ਉਨ੍ਹਾਂ ਨੇ ਅਕਾਸ ਆਨੰਦ ਨੂੰ ਅਪਰਿਪੱਕ ਕਰਾਰ ਦਿੰਦਿਆਂ ਇਨ੍ਹਾਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਸੀ। ਪਾਰਟੀ ਮੁਖੀ ਮਾਇਆਵਤੀ ਨੇ ਐਤਵਾਰ ਨੂੰ ਇੱਥੇ ਬਸਪਾ ਦੇ ਸੂਬਾ ਦਫਤਰ 'ਚ ਰਾਸਟਰੀ ਪੱਧਰ ਦੀ ਮੀਟਿੰਗ ਦਾ ਆਯੋਜਨ ਕੀਤਾ, ਜਿਸ 'ਚ ਕੇਂਦਰੀ ਅਧਿਕਾਰੀਆਂ ਤੋਂ ਇਲਾਵਾ ਸੂਬਿਆਂ ਦੇ ਪ੍ਰਦੇਸ਼ ਪ੍ਰਧਾਨ ਅਤੇ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ। ਲੋਕ ਸਭਾ ਚੋਣਾਂ 'ਚ ਪਾਰਟੀ ਦੀ ਕਰਾਰੀ ਹਾਰ ਤੋਂ ਬਾਅਦ ਪਹਿਲੀ ਵਾਰ ਹੋਈ ਇਸ ਮੀਟਿੰਗ 'ਚ ਕਈ ਮੁੱਦਿਆਂ ਦੀ ਡੂੰਘਾਈ ਨਾਲ ਸਮੀਖਿਆ ਕੀਤੀ ਗਈ। ਬੈਠਕ ਤੋਂ ਬਾਅਦ ਪਾਰਟੀ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ,"ਬਸਪਾ ਦੀ ਰਾਸਟਰੀ ਪ੍ਰਧਾਨ ਮਾਇਆਵਤੀ ਨੇ ਆਕਾਸ ਆਨੰਦ ਨੂੰ ਪੂਰੀ ਪਰਿਪੱਕਤਾ ਨਾਲ ਪਾਰਟੀ 'ਚ ਕੰਮ ਕਰਨ ਦਾ ਫਿਰ ਤੋਂ ਮੌਕਾ ਦਿੱਤਾ ਹੈ। ਪਹਿਲਾਂ ਦੀ ਤਰ੍ਹਾਂ ਉਹ ਪਾਰਟੀ 'ਚ ਆਪਣੇ ਸਾਰੇ ਅਹੁਦਿਆਂ 'ਤੇ ਬਣੇ ਰਹਿਣਗੇ। ਭਾਵ ਪਾਰਟੀ ਦੇ ਰਾਸਟਰੀ ਕੋਆਰਡੀਨੇਟਰ ਹੋਣ ਦੇ ਨਾਲ-ਨਾਲ ਉਹ ਮੇਰੇ ਇਕਲੌਤੇ ਉੱਤਰਾਧਿਕਾਰੀ ਵੀ ਬਣੇ ਰਹਿਣਗੇ।" ਬਸਪਾ ਮੁਖੀ ਨੇ ਪਿਛਲੇ ਸਾਲ ਦਸੰਬਰ ਮਹੀਨੇ 'ਚ ਆਕਾਸ਼ ਆਨੰਦ ਨੂੰ ਆਪਣਾ




'ਉੱਤਰਾਧਾਕਰੀ' ਐਲਾਨ ਕੀਤਾ ਸੀ ਅਤੇ ਉਨ੍ਹਾਂ ਹਟਾਉਣ ਦਾ ਹੈਰਾਨੀਜਨਕ ਫੈਸਲਾ ਉਸ ਸਮੇਂ ਲਿਆ ਗਿਆ, ਜਦੋਂ ਦੇਸ਼ 'ਚ ਲੋਕ ਸਭਾ ਚੋਣਾਂ ਦੇ ਤੀਜੇ ਪੜਾਅ ਲਈ ਵੋਟਿੰਗ ਸੰਪੰਨ ਹੋ ਗਈ। ਬਸਪਾ ਮੁਖੀ ਨੇ 7 ਮਈ ਦੀ ਰਾਤ 'ਐਕਸ' 'ਤੇ ਪੋਸਟ ਕੀਤੇ ਗਏ ਆਪਣੇ ਇਕ ਸੰਦੇਸ਼ 'ਚ ਕਿਹਾ ਸੀ,"ਬਸਪਾ ਇਕ ਪਾਰਟੀ ਦੇ ਨਾਲ ਹੀ ਬਾਬਾ ਸਾਹਿਬ ਡਾ. ਭੀਮਰਾਵ ਅੰਬੇਡਕਰ ਦੇ ਆਤਮਸਨਮਾਨ, ਸਵੈ-ਮਾਣ ਅਤੇ ਸਮਾਜਿਕ ਪਰਿਵਰਤਨ ਦਾ ਵੀ ਅੰਦੋਲਨ ਹੈ, ਜਿਸ ਲਈ ਕਾਂਸ਼ੀਰਾਮ ਜੀ ਅਤੇ ਖੁਦ ਮੈਂ ਵੀ ਆਪਣੀ ਪੂਰੀ ਜ਼ਿੰਦਗੀ ਸਮਰਪਿਤ ਕੀਤੀ ਹੈ ਅਤੇ ਇਸ ਨੂੰ ਗਤੀ ਦੇਣ ਲਈ ਨਵੀਂ ਪੀੜ੍ਹੀ ਨੂੰ ਵੀ ਤਿਆਰ ਕੀਤਾ ਜਾ ਰਿਹਾ ਹੈ।" ਆਪਣੀ ਲੜੀਵਾਰ ਪੋਸਟ 'ਚ ਮਾਇਆਵਤੀ ਨੇ ਕਿਹਾ,"ਇਸੇ ਕ੍ਰਮ 'ਚ ਪਾਰਟੀ 'ਚ ਹੋਰ ਲੋਕਾਂ ਨੂੰ ਅੱਗੇ ਵਧਾਉਣ ਦੇ ਨਾਲ ਹੀ ਆਕਾਸ਼ ਆਨੰਦ ਨੂੰ ਰਾਸ਼ਟਰੀ ਕੋਆਰਡੀਨੇਟਰ ਅਤੇ ਆਪਣਾ ਉੱਤਰਾਧਿਕਾਰੀ ਐਲਾਨ ਕੀਤਾ ਪਰ ਪਾਰਟੀ ਅਤੇ ਅੰਦੋਲਨ ਦੇ ਵਿਆਪਕ ਹਿੱਤ 'ਚ ਪੂਰਨ ਪਰਿਪੱਕਤਾ ਆਉਣ ਤੱਕ ਅਜੇ ਉਨ੍ਹਾਂ ਨੂੰ ਇਨ੍ਹਾਂ ਦੋਹਾਂ ਅਹਿਮ ਜ਼ਿੰਮੇਵਾਰੀਆਂ ਤੋਂ ਵੱਖ ਕੀਤਾ ਜਾ ਰਿਹਾ ਹੈ। ਸੀਤਾਪੁਰ 'ਚ ਇਕ ਚੋਣ ਰੈਲੀ 'ਚ ਇਤਰਾਜਯੋਗ ਭਾਸ਼ਾ ਦਾ ਇਸਤੇਮਾਲ ਕਰਨ ਦੇ ਦੋਸ਼ 'ਚ ਆਨੰਦ ਅਤੇ ਚਾਰ ਹੋਰ ਖ਼ਿਲਾਫ ਚੋਣ ਜਾਬਤਾ ਦੀ ਉਲੰਘਣਾ ਦਾ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਹੀ ਮਾਇਆਵਤੀ ਨੇ ਇਹ ਕਦਮ ਚੁੱਕਿਆ ਸੀ। ਲੋਕ ਸਭਾ ਚੋਣਾਂ 'ਚ ਇਕੱਲੇ ਦੇ ਦਮ 'ਤੇ ਮੈਦਾਨ 'ਚ ਉਤਰੀ ਬਸਪਾ ਨੂੰ ਇਸ ਵਾਰ ਰਾਜ 'ਚ 80 ਸੀਟਾਂ 'ਚੋਂ ਇਕ ਵੀ ਸੀਟ 'ਤੇ ਜਿੱਤ ਨਹੀਂ ਮਿਲੀ।

## ਨੌਜਵਾਨਾਂ ਨੂੰ ਸਸਕਤ ਬਣਾਉਣਾ, ਜੰਮੂ-ਕਸ਼ਮੀਰ 'ਚ ਬਦਲਾਅ ਲਿਆਉਣਾ ਇੱਕੋ-ਇੱਕ ਟੀਚਾ: ਮਨੋਜ ਸਿਨਹਾ

ਸ੍ਰੀਨਗਰ 23 ਜੂਨ। ਵੀਰਵਾਰ ਨੂੰ ਸ੍ਰੀਨਗਰ 'ਚ ਆਯੋਜਿਤ ਇਕ ਪ੍ਰੋਗਰਾਮ 'ਚ ਮਾਣਯੋਗ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੇ ਕਿਹਾ ਕਿ ਨੌਜਵਾਨਾਂ ਨੂੰ ਸਸਕਤ ਬਣਾਉਣਾ ਅਤੇ ਜੰਮੂ-ਕਸਮੀਰ 'ਚ ਬਦਲਾਅ ਲਿਆਉਣਾ ਉਨ੍ਹਾਂ ਦਾ ਇਕਮਾਤਰ ਟੀਚਾ ਹੈ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਨ। ਸਿਨਹਾ ਨੇ 'ਇਮਪਾਵਰਿੰਗ ਯੂਥ, ਟ੍ਰਾਂਸਫਾਰਮਿੰਗ ਜੰਮੂ ਐਂਡ ਕਸਮੀਰ' ਦੇ ਉਦਘਾਟਨ ਸਮਾਰੋਹ ਵਿੱਚ ਸਾਮਲ ਹੋਣ ਅਤੇ ਪਾਣੀ, ਸੜਕਾਂ, ਸਿਹਤ, ਖੇਤੀਬਾੜੀ ਆਦਿ ਵਰਗੇ ਮਹੱਤਵਪੂਰਨ ਖੇਤਰਾਂ ਵਿੱਚ ਕਈ ਪ੍ਰੋਜੈਕਟਾਂ ਨੂੰ ਸਮਰਪਿਤ ਕਰਨ ਲਈ ਮਾਨਯੋਗ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, "ਮਾਨਯੋਗ ਪ੍ਰਧਾਨ ਮੰਤਰੀ ਦੇ ਮਾਰਗਦਰਸਨ ਵਿੱਚ, ਜੰਮੂ ਅਤੇ ਕਸਮੀਰ ਪ੍ਰਸਾਸਨ ਇੱਕ ਵਿਕਸਤ ਭਾਰਤ ਲਈ ਨੌਜਵਾਨਾਂ ਨੂੰ ਹੁਨਰਾਂ ਨਾਲ ਸਸਕਤ ਕਰ ਰਿਹਾ ਹੈ। ਅੱਜ, ਉੱਚ ਸਿੱਖਿਆ ਸੰਸਥਾਵਾਂ ਅਤੇ ਸਰਕਾਰੀ ਏਜੰਸੀਆਂ ਉਨ੍ਹਾਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਦਾ ਅਹਿਸਾਸ ਕਰਨ ਅਤੇ ਰਾਸਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਲੋੜੀਂਦੇ ਸਰੋਤ, ਮੌਕੇ ਅਤੇ ਸਹਾਇਤਾ ਪ੍ਰਦਾਨ ਕਰ ਰਹੀਆਂ ਹਨ। ਸਾਡੀ ਨੌਜਵਾਨ ਪੀੜ੍ਹੀ ਲਈ ਇੱਕ ਉਜਵਲ ਅਤੇ ਸਸਕਤ ਭਵਿੱਖ ਬਣਾਉਣ ਦੀ ਕੋਸ਼ਿਸ ਵਿੱਚ, ਯੂਟੀ ਪ੍ਰਸਾਸਨ ਨੇ ਉਨ੍ਹਾਂ ਨੂੰ ਹੁਨਰ ਵਿਕਾਸ, ਨਵੀਨਤਾ, ਖੋਜ ਅਤੇ ਸਟਾਰਟ-ਅੱਪ ਬਣਾਉਣ ਲਈ ਸਾਰੇ ਲੋੜੀਂਦੇ ਸਮਰਥਨ ਪ੍ਰਦਾਨ ਕਰਨ 'ਤੇ ਕੇਂਦ੍ਰਿਤ ਕਈ ਉਤਸਾਹੀ ਪਹਿਲਕਦਮੀਆਂ ਕੀਤੀਆਂ ਹਨ।



# ਹੈਬੋਵਾਲ ਦੇ ਜੱਸੀਆਂ ਰੋਡ 'ਤੇ ਬਣ ਰਹੀਆਂ ਨਾਜਾਇਜ਼ ਕਾਲੋਨੀਆਂ ਅਤੇ ਬਿਲਡਿੰਗਾਂ ਨੂੰ ਲੈ ਕੇ ਆਖਿਰ ਖੁੱਲ੍ਹੀ ਨਿਗਮ ਦੀ ਨੀਂਦ

ਲੁਧਿਆਣਾ 23 ਜੂਨ। ਹੈਬੋਵਾਲ ਦੇ ਜੱਸੀਆਂ ਰੋਡ 'ਤੇ ਬਣ ਰਹੀਆਂ ਨਾਜਾਇਜ਼ ਕਾਲੋਨੀਆਂ ਅਤੇ ਬਿਲਡਿੰਗਾਂ ਨੂੰ ਲੈ ਕੇ ਆਖਿਰ ਨਗਰ ਨਿਗਮ ਦੀ ਨੀਂਦ ਖੁੱਲ੍ਹ ਗਈ ਹੈ, ਜਿਸ ਦੇ ਤਹਿਤ ਮੰਗਲਵਾਰ ਨੂੰ ਜ਼ੋਨ-ਡੀ ਦੀ ਟੀਮ ਵੱਲੋਂ ਉਥੇ ਹੋਏ ਨਿਰਮਾਣ ਨੂੰ ਤੋੜਨ ਦੀ ਕਾਰਵਾਈ ਕੀਤੀ ਗਈ। ਇਹ ਕਾਰਵਾਈ ਨਗਰ ਨਿਗਮ ਕਮਿਸ਼ਨਰ ਕੋਲ ਸ਼ਿਕਾਇਤ ਪੁੱਜਣ ਤੋਂ ਬਾਅਦ ਖਿਚਾਈ ਹੋਣ 'ਤੇ ਕੀਤੀ ਗਈ, ਜਿਸ ਨੂੰ ਲੈ ਕੇ ਬਿਲਡਿੰਗ ਬ੍ਰਾਂਚ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਲੋਨੀ ਦਾ ਮਾਲਕ ਨਾ ਤਾਂ ਮਨਜ਼ੂਰੀ ਲੈਣ ਲਈ ਤਿਆਰ ਹੈ ਅਤੇ ਨਾ ਹੀ ਕਈ ਵਾਰ ਰੋਕਣ ਦੇ ਬਾਵਜੂਦ ਸਾਈਟ 'ਤੇ ਨਿਰਮਾਣ ਕਾਰਜ ਬੰਦ ਕੀਤਾ ਜਾ ਰਿਹਾ ਹੈ। ਇਸ ਦੇ ਮੱਦੇਨਜ਼ਰ ਕਾਲੋਨੀ 'ਚ ਬਣੀਆਂ ਸੜਕਾਂ ਤੋਂ ਇਲਾਵਾ 2 ਕਮਰਸ਼ੀਅਲ ਬਿਲਡਿੰਗਾਂ ਅਤੇ ਮਕਾਨਾਂ ਨੂੰ ਵੀ ਤੋੜ ਦਿੱਤਾ ਗਿਆ ਹੈ। ਨਗਰ ਨਿਗਮ ਅਧਿਕਾਰੀਆਂ ਮੁਤਾਬਕ ਕਾਲੋਨੀ ਦੇ ਮਾਲਕ ਨੇ ਜੇਕਰ ਫੀਸ ਜਮ੍ਹਾ ਕਰਵਾਉਣ ਲਈ ਅਪਲਾਈ ਨਹੀਂ ਕੀਤਾ ਤਾਂ ਉਸ ਦੇ ਖਿਲਾਫ ਪੁਲਸ ਕੇਸ ਦਰਜ ਕਰਵਾਉਣ ਦੇ ਨਾਲ ਰਜਿਸਟਰੀ ਅਤੇ ਬਿਜਲੀ ਕੁਨੈਕਸ਼ਨ ਪਾਸ ਕਰਨ 'ਤੇ ਰੋਕ ਲਗਾਉਣ ਦੀ ਸਿਫਾਰਿਸ਼ ਕੀਤੀ ਜਾਵੇਗੀ। ਸਰਾਭਾ ਨਗਰ ਦੇ ਰਿਹਾਇਸ਼ੀ ਇਲਾਕੇ 'ਚ ਨਾਜਾਇਜ਼ ਤੌਰ 'ਤੇ ਚੱਲ ਰਹੀਆਂ ਕਮਰਸ਼ੀਅਲ ਗਤੀਵਿਧੀਆਂ ਖਿਲਾਫ ਕਾਰਵਾਈ ਦੌਰਾਨ ਫਿਰ ਹੋਇਆ ਪਿੱਕ ਐਂਡ ਚੂਜ ਨਗਰ ਨਿਗਮ ਵੱਲੋਂ ਮੰਗਲਵਾਰ ਨੂੰ ਸਰਾਭਾ ਨਗਰ ਸਥਿਤ ਗਾਰਡਨ ਕੈਫੇ ਨੂੰ ਸੀਲ ਕਰ ਦਿੱਤਾ




ਗਿਆ। ਇਹ ਕਾਰਵਾਈ ਰਿਹਾਇਸ਼ੀ ਇਲਾਕੇ 'ਚ ਨਾਜਾਇਜ਼ ਤੌਰ 'ਤੇ ਚੱਲ ਰਹੀ ਕਮਰਸ਼ੀਅਲ ਗਤੀਵਿਧੀਆਂ ਦੇ ਦੋਸ਼ 'ਚ ਕੀਤੀ ਗਈ ਹੈ। ਭਾਵੇਂ ਨਗਰ ਨਿਗਮ ਵੱਲੋਂ ਇਸ ਤੋਂ ਪਹਿਲਾਂ ਵੀ ਗਾਰਡਨ ਕੈਫੇ ਨੂੰ ਸੀਲ ਕੀਤਾ ਗਿਆ ਸੀ ਪਰ ਸਿਆਸੀ ਦਖਲਅੰਦਾਜ਼ੀ ਕਾਰਨ ਕੁਝ ਦੇਰ ਬਾਅਦ ਖੋਲ੍ਹ ਦਿੱਤਾ ਗਿਆ ਅਤੇ ਹੁਣ ਸਰਕਾਰ ਕੋਲ ਸ਼ਿਕਾਇਤ ਪੁੱਜਣ ਦੀ ਵਜ੍ਹਾ ਨਾਲ ਦੋਬਾਰਾ ਤਾਲਾਬੰਦੀ ਕੀਤੀ ਗਈ ਹੈ। ਇਸ ਕਾਰਵਾਈ ਨੂੰ ਲੈ ਕੇ ਨਗਰ ਨਿਗਮ 'ਤੇ ਪਿਕ ਐਂਡ ਚੂਜ ਪਾਲਿਸੀ ਵਰਤਣ ਦੇ ਦੋਸ਼ ਲੱਗ ਰਹੇ ਹਨ ਕਿਉਂਕਿ ਸਰਾਭਾ ਨਗਰ 'ਚ ਮਲਹਾਰ ਰੋਡ ਤੋਂ ਗੁਰੂ ਨਾਨਕ ਪਬਲਿਕ ਸਕੂਲ ਅਤੇ ਗੋਪਾਲ ਸਵੀਟ ਦੇ ਨਾਲ ਤੋਂ ਲੈ ਕੇ ਚਰਚ ਤਕ ਦਾ ਏਰੀਆ ਰਿਹਾਇਸ਼ੀ ਹੋਣ ਦੇ ਬਾਵਜੂਦ ਉਥੇ ਨਾਜਾਇਜ਼ ਤੌਰ 'ਤੇ ਕਮਰਸ਼ੀਅਲ ਗਤੀਵਿਧੀਆਂ ਚੱਲ ਰਹੀਆਂ ਹਨ, ਜਿਨ੍ਹਾਂ 'ਚੋਂ ਸਿਰਫ ਇਕ ਦੇ ਖਿਲਾਫ ਹੀ ਸੀਲਿੰਗ ਦੀ ਕਾਰਵਾਈ ਕੀਤੀ ਗਈ ਹੈ। ਨਗਰ ਨਿਗਮ ਕਮਿਸ਼ਨਰ ਵੱਲੋਂ ਮੰਗਲਵਾਰ ਨੂੰ ਚਾਰੇ ਜ਼ੋਨਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਬਿਲਡਿੰਗ ਬ੍ਰਾਂਚ ਦਾ ਰੈਵੇਨਿਊ ਟਾਰਗੈੱਟ ਦੇ ਮੁਕਾਬਲੇ ਕਾਫੀ ਡਾਊਨ ਨੂੰ ਲੈ ਕੇ ਨਾਰਾਜ਼ਗੀ ਜਾਹਿਰ ਕੀਤੀ ਅਤੇ ਏ. ਟੀ. ਪੀਜ ਨੂੰ ਫੀਲਡ 'ਚ ਉਤਰ ਕੇ ਚੈਕਿੰਗ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜੋ ਵੀ ਬਿਲਡਿੰਗ ਨਕਸ਼ਾ ਪਾਸ ਕਰਵਾਏ ਬਿਨਾਂ ਬਣ ਰਹੀ ਹੈ, ਉਨ੍ਹਾਂ ਤੋਂ ਨਿਯਮਾਂ ਅਨੁਸਾਰ ਜੁਰਮਾਨਾ ਵਸੂਲਣ ਦੀ ਕਾਰਵਾਈ ਕੀਤੀ ਜਾਵੇ। ਇਸੇ ਉਦੇਸ਼ ਤਹਿਤ ਨਾਜਾਇਜ਼ ਤੌਰ 'ਤੇ ਬਿਲਡਿੰਗ ਬਣਾਉਣ ਦੇ ਦੋਸ਼ 'ਚ ਜਾਰੀ ਚਲਾਨਾਂ ਦੀ ਅਸਿਸਮੈਂਟ ਦਾ ਕੰਮ ਜਲਦ ਪੂਰਾ ਕਰਨ ਲਈ ਬੋਲਿਆ ਗਿਆ ਹੈ।

## ਊਠ ਦੇ ਬਾਅਦ ਇਕ ਆਦਮੀ ਨੇ ਆਪਣੇ ਗਧੇ ਦੀ ਇਕ ਲੱਤ ਅਤੇ ਗੁਪਤ ਅੰਗ ਵੱਢ ਦਿੱਤਾ, ਦੋਸੀ ਗ੍ਰਿਫਤਾਰ


ਗੁਰਦਾਸਪੁਰ/ ਇਸਲਾਮਾਬਾਦ 23 ਜੂਨ। ਪਾਕਿਸਤਾਨ ਦੇ ਸੰਘਰ ਜ਼ਿਲ੍ਹੇ ਵਿਚ ਇਕ ਊਠ ਦਾ ਪੈਰ ਵੱਢਣ ਦੀ ਤਾਜਾ ਘਟਨਾ ਤੋਂ ਬਾਅਦ ਹੈਦਰਾਬਾਦ ਵਿਚ ਜਾਨਵਰਾਂ ਨਾਲ ਜੁਲਮ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ। ਸਰਹੱਦ ਪਾਰਲੇ ਸੂਤਰਾਂ ਅਨੁਸਾਰ ਸਿਰੀ ਪੁਲਸ ਸਟੇਸਨ ਦੀ ਹੱਦ ਅੰਦਰ ਇਕ ਪਸੂ ਕਾਲੋਨੀ ਨੇੜੇ ਇਕ ਗਧੇ ਦੀ ਲੱਤ ਅਤੇ ਗੁਪਤ ਅੰਗ ਕਥਿਤ ਤੌਰ 'ਤੇ ਕੱਟੇ ਗਏ ਸਨ। ਘਟਨਾ ਦੀ ਸੂਚਨਾ ਮਿਲਣ 'ਤੇ ਸੀਰੀ ਪੁਲਸ ਨੇ ਪੀੜਤ ਜਾਨਵਰ ਨੂੰ ਹਿਰਾਸਤ 'ਚ ਲੈ ਕੇ ਉਸ ਦੇ ਮਾਲਕ ਮੀਰ



ਹਸਨ ਰਿੰਦ ਨੂੰ ਗ੍ਰਿਫਤਾਰ ਕਰ ਲਿਆ ਹੈ। ਸਬ-ਇੰਸਪੈਕਟਰ ਅਰਸਲਾਨ ਲਤੀਫ ਚੰਨਾ ਵੱਲੋਂ ਦਾਇਰ ਸ਼ਿਕਾਇਤ ਤੋਂ ਬਾਅਦ ਦੋਸੀ ਰਿੰਦ 'ਤੇ ਪਾਕਿਸਤਾਨ ਪੀਨਲ ਕੋਡ ਦੀ ਧਾਰਾ 429 ਤਹਿਤ ਦੋਸ ਆਇਦ ਕੀਤੇ ਗਏ ਹਨ। ਅਦਾਲਤ ਨੇ ਰਿੰਦ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਰਿਪੋਰਟਾਂ ਦੇ ਅਨੁਸਾਰ ਗਧੇ ਦੇ ਮਾਲਕ ਰਿੰਦ ਨੇ ਗੁੱਸੇ ਵਿਚ ਜਾਨਵਰ ਦੀ ਲੱਤ ਅਤੇ ਜਣਨ ਅੰਗਾਂ ਨੂੰ ਕੱਟਣ ਲਈ ਕੁਹਾੜੀ ਦੀ ਵਰਤੋਂ ਕੀਤੀ।

## ਅੰਮ੍ਰਿਤਸਰ ਜਿਲ੍ਹੇ 'ਚ ਵਾਪਰਿਆ ਦਰਦਨਾਕ ਭਾਣਾ

ਹਰਸਾ ਛੀਨਾ 23 ਜੂਨ। ਹਲਕਾ ਰਾਜਾਸਾਂਸੀ ਅਧੀਨ ਆਉਂਦੇ ਪਿੰਡ ਤੋਲਾ ਨੰਗਲ ਹਰਸ਼ਾ ਛੀਨਾ ਸਬਾਜਪੁਰਾ ਵਿਖੇ 3 ਬੱਚਿਆਂ ਦੀ ਨਹਿਰ 'ਚ ਡੁੱਬ ਕੇ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਜਸਕਰਨ ਸਿੰਘ (13), ਕ੍ਰਿਸ (14), ਲਵਪ੍ਰੀਤ ਸਿੰਘ (14) ਵਾਸੀ ਪਿੰਡ ਤੋਲਾ ਨੰਗਲ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਨੇੜਲੇ ਪਿੰਡ ਸਬਾਜਪੁਰਾ ਵਿਖੇ ਬਾਬਾ ਭਾਗ ਦੇ ਗੁਰਦੁਆਰਾ ਸਾਹਿਬ ਵਿਖੇ ਮੇਲਾ ਵੇਖਣ ਗਏ ਸਨ ਅਤੇ ਮੇਲਾ



ਦੇਖਣ ਤੋਂ ਬਾਅਦ ਲਾਹੌਰ ਬ੍ਰਾਂਚ ਨਹਿਰ 'ਚ ਨਹਾਉਣ ਲੱਗੇ। ਇਸ ਦੌਰਾਨ 4 ਦੋਸਤ ਨਹਿਰ 'ਚ ਪਾਣੀ ਦੇ ਤੇਜ ਵਹਾਅ 'ਚ ਫਸ ਕੇ ਰੁੜ੍ਹ ਗਏ, ਜਿਨ੍ਹਾਂ 'ਚੋਂ 1 ਬੱਚੇ ਨੂੰ ਸਥਾਨਕ ਲੋਕਾਂ ਨੇ ਬਚਾਅ ਲਿਆ, ਜਦੋਂਕਿ ਬਾਕੀ ਨਹਿਰ 'ਚ ਰੁੜ੍ਹ ਗਏ। ਮੌਕੇ 'ਤੇ ਪਹੁੰਚੇ ਥਾਣਾ ਰਾਜਾਸਾਂਸੀ ਦੇ ਐੱਸ.ਐੱਚ.ਓ. ਕਰਮਪਾਲ ਸਿੰਘ, ਤਹਿਸੀਲਦਾਰ ਜਸਵਿੰਦਰ ਸਿੰਘ ਏ.ਡੀ.ਸੀ. ਅੰਮ੍ਰਿਤਸਰ ਨੇ ਪਹੁੰਚ ਕੇ ਗੋਤਾਖੋਰਾਂ ਦੀ ਟੀਮ ਨੂੰ ਬੁਲਾਇਆ ਅਤੇ 2 ਬੱਚਿਆਂ ਦੀਆਂ ਲਾਸਾਂ ਬਰਾਮਦ ਕੀਤੀਆਂ, ਜਦਕਿ ਇਕ ਦੀ ਭਾਲ ਜਾਰੀ ਹੈ।

## ਸਕਾਰਪੀਓ ਗੱਡੀ ਅਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਵਿਅਕਤੀ ਦੀ ਮੌਤ

ਬਰਨਾਲਾ 23 ਜੂਨ। ਸਕਾਰਪੀਓ ਗੱਡੀ ਅਤੇ ਮੋਟਰਸਾਈਕਲ ਦੀ ਟੱਕਰ ਵਿਚ ਮੋਟਰਸਾਈਕਲ ਚਾਲਕ ਦੀ ਮੌਤ ਹੋ ਗਈ। ਜਾਣਕਾਰੀ ਦਿੰਦਿਆਂ ਥਾਣਾ ਸਦਰ ਬਰਨਾਲਾ ਦੇ ਪੁਲਸ ਅਧਿਕਾਰੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਕੋਲ ਗੁਰਜੰਟ ਸਿੰਘ ਵਾਸੀ ਚੀਮਾਂ ਨੇ ਬਿਆਨ ਦਰਜ ਕਰਵਾਏ ਕਿ ਮੇਰਾ ਭਰਾ ਹਰਬੰਸ ਸਿੰਘ ਆਪਣੇ ਮੋਟਰਸਾਈਕਲ 'ਤੇ ਬਰਨਾਲਾ ਤੋਂ ਆਪਣੇ ਪਿੰਡ ਚੀਮਾ ਨੂੰ ਆ ਰਿਹਾ ਸੀ ਤਾਂ ਪਿੱਛੋਂ ਦੀ ਆ ਰਹੀ ਸਕਾਰਪੀਓ ਗੱਡੀ ਦੇ ਡਰਾਇਵਰ ਯਾਦਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਨੀਆਲਾ ਜ਼ਿਲ੍ਹਾ ਤਰਨਤਾਰਨ ਨੇ ਬੜੀ ਤੇਜ਼ ਰਫ਼ਤਾਰ ਅਤੇ ਅਣਗਹਿਲੀ ਨਾਲ ਮੇਰੇ ਭਰਾ ਦੇ ਮੋਟਰਸਾਈਕਲ ਵਿਚ ਟੱਕਰ ਮਾਰੀ। ਇਸ ਹਾਦਸੇ ਕਾਰਨ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਇਸ ਦੌਰਾਨ ਉਸ ਨੂੰ ਗੰਭੀਰ ਹਾਲਤ ਵਿਚ ਇਲਾਜ ਲਈ ਹਸਪਤਾਲ ਲਿਆਂਦਾ ਗਿਆ ਪਰ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਮੁਦੱਈ ਦੇ ਬਿਆਨਾਂ ਦੇ ਆਧਾਰ 'ਤੇ ਯਾਦਵਿੰਦਰ ਸਿੰਘ ਖਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਕਾਰ 'ਤੇ ਹੈਰੋਇਨ ਦੀ ਸਪਲਾਈ ਦੇਣ ਜਾ ਰਹੇ ਮੁਲਜਮਾਂ ਨੂੰ ਪੁਲਸ ਨੇ ਪਾ ਲਿਆ ਘੇਰਾ, ਨਕਦੀ ਸਣੇ ਕਾਬੂ

ਲੁਧਿਆਣਾ 23 ਜੂਨ। ਕਾਰ ਵਿਚ ਹੈਰੋਇਨ ਸਪਲਾਈ ਕਰਨ ਆਏ 2 ਮੁਲਜਮਾਂ ਨੂੰ ਥਾਣਾ ਫੋਕਲ ਪੁਆਇੰਟ ਦੀ ਪੁਲਸ ਨੇ ਕਾਬੂ ਕੀਤਾ ਹੈ। ਫੜੇ ਗਏ ਮੁਲਜਮਾਂ ਦੀ ਪਛਾਣ ਵਰਿੰਦਰ ਸਿੰਘ ਉਰਫ ਬਿੰਦੀ ਅਤੇ ਅਮਰੀਕ ਸਿੰਘ ਵਜੋਂ ਹੋਈ ਹੈ। ਮੁਲਜਮਾਂ ਤੋਂ 235 ਗ੍ਰਾਮ ਹੈਰੋਇਨ, 10 ਹਜਾਰ ਡਰੱਗ ਮਨੀ, 2 ਮੋਬਾਈਲ ਤੇ ਕਾਰ ਬਰਾਮਦ ਹੋਈ ਹੈ। ਸੇਠੀ ਕੁਮਾਰ ਮੁਤਾਬਕ ਉਹ ਪਿੰਡ ਰਾਮਗੜ੍ਹ ਕਟ 'ਤੇ ਮੌਜੂਦ ਸਨ। ਇਸ ਦੌਰਾਨ ਮੁਲਜਮ ਆਪੀ ਈਟੀਓਸ ਕਾਰ 'ਤੇ ਆ ਰਹੇ ਸਨ, ਜਿਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਮੁਲਜਮ ਪੁਲਸ ਨੂੰ ਵੇਖ ਕੇ ਭੱਜਣ ਲੱਗ ਪਏ। ਪੁਲਸ ਨੇ ਮੁਲਜਮਾਂ ਨੂੰ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਮੁਲਜਮਾਂ ਤੋਂ ਹੈਰੋਇਨ ਬਰਾਮਦ ਹੋਈ। ਪੁਲਸ ਮੁਲਜਮਾਂ ਦਾ ਰਿਮਾਂਡ ਹਾਸਲ ਕਰ ਕੇ ਪੁੱਛਗਿੱਛ ਕਰ ਰਹੀ ਹੈ।

### ਪੰਜਾਬ ਪੁਲਸ ਨੇ ਅੰਤਰਰਾਸ਼ਟਰੀ ਸਮੱਗਲਿੰਗ ਗਿਰੋਹ ਦਾ ਕੀਤਾ ਪਰਦਾਫਾਸ਼

ਅੰਮ੍ਰਿਤਸਰ 23 ਜੂਨ। ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਤਹਿਤ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਕਾਰਵਾਈ ਕਰਦੇ ਹੋਏ ਵੱਡੀ ਸਫਲਤਾ ਹਾਸਲ ਕੀਤੀ ਹੈ। ਕੇਂਦਰੀ ਏਜੰਸੀਆਂ ਦੀ ਮਦਦ ਨਾਲ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਹਥਿਆਰਾਂ ਦੀ ਸਮੱਗਲਿੰਗ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਨੇ ਅਮਰੀਕਾ ਆਧਾਰਿਤ ਸਮੱਗਲਰ ਭੋਲਾ ਹਵੇਲੀਆਂ, (ਰਣਜੀਤ ਚੀਤਾ ਦਾ ਭਰਾ) ਦੇ ਨਿਰਦੇਸ਼ਾਂ 'ਤੇ ਕੰਮ ਕਰਨ ਵਾਲੇ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ 6 ਪਿਸਤੌਲ ਤੇ 10 ਮੈਗਜੀਨ ਬਰਾਮਦ ਕੀਤੇ ਗਏ ਹਨ।

## ਜਿਲ੍ਹਾ ਜਲੰਧਰ 35 ਸੇਵਾ ਕੇਂਦਰਾਂ ਰਾਹੀਂ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ 'ਚ ਸੂਬੇ 'ਚ ਬਣਿਆ ਮੋਹਰੀ

ਜਲੰਧਰ 23 ਜੂਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਜ਼ਿਲ੍ਹੇ ਵਿਚ ਸੇਵਾ ਕੇਂਦਰਾਂ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਿਚ 'ਜੀਰੋ ਪੈਂਡੈਂਸੀ'ਦਾ ਟੀਚਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਸਥਾਨਕ ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਚ ਸੇਵਾ ਕੇਂਦਰਾਂ, ਮਾਲੀਆ ਵਿਭਾਗ ਅਤੇ ਵੱਖ-ਵੱਖ ਸੇਵਾਵਾਂ ਨਾਲ ਸਬੰਧਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਜਲੰਧਰ ਨੇ 0.09 ਫੀਸਦੀ ਦੀ ਦਰ ਨਾਲ ਲੋਕਾਂ ਨੂੰ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਿਚ ਸੂਬੇ ਭਰ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੱਸਿਆ ਕਿ 19 ਜੂਨ 2023 ਤੋਂ 18 ਜੂਨ 2024 ਤਕ ਪ੍ਰਸ਼ਾਸਨ ਨੂੰ ਜ਼ਿਲ੍ਹੇ ਦੇ ਸਾਰੇ 35 ਸੇਵਾ ਕੇਂਦਰਾਂ ਵਿਚ 430 ਤੋਂ ਜ਼ਿਆਦਾ ਸੇਵਾਵਾਂ ਲਈ 389771 ਅਰਜੀਆਂ ਪ੍ਰਾਪਤ



ਹੋਈਆਂ, ਜਿਨ੍ਹਾਂ ਵਿਚੋਂ ਸਿਰਫ 366 (0.09 ਫੀਸਦੀ) ਹੀ ਨਿਪਟਾਰੇ ਲਈ ਪੈਂਡਿੰਗ ਹਨ। ਉਨ੍ਹਾਂ ਨੇ ਇਸ ਪ੍ਰਾਪਤੀ ਲਈ ਪੂਰੀ ਟੀਮ ਦਾ ਮਨੋਬਲ ਵਧਾਉਂਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਸੇਵਾਵਾਂ ਲਈ ਆਨਲਾਈਨ ਅਤੇ ਆਫਲਾਈਨ ਢੰਗ ਨਾਲ ਪ੍ਰਾਪਤ ਅਰਜੀਆਂ ਦਾ ਨਿਪਟਾਰਾ ਸਮਾਂਬੱਧ ਢੰਗ ਨਾਲ ਕਰਨ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਪੈਂਡੈਂਸੀ ਨੂੰ ਜੀਰੋ ਕੀਤਾ ਜਾ ਸਕੇ। ਡਾ. ਅਗਰਵਾਲ ਨੇ ਸੇਵਾ ਕੇਂਦਰਾਂ ਦੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਵੱਖ-ਵੱਖ ਸੇਵਾਵਾਂ ਲਈ ਬਿਨੈਕਾਰਾਂ ਤੋਂ ਸਿਰਫ ਉਹੀ ਦਸਤਾਵੇਜ ਲਏ ਜਾਣ ਜੋ ਵਿਭਾਗ ਵੱਲੋਂ ਜਰੂਰੀ ਹਨ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਬੈਠਕ ਵਿਚ ਮੌਜੂਦ ਮਾਲੀਆ ਵਿਭਾਗ, ਸਮਾਜਿਕ ਸੁਰੱਖਿਆ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਆਪਣੇ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਦਾ ਸਮੇਂ 'ਤੇ ਨਿਪਟਾਰਾ ਕੀਤਾ ਜਾਵੇ। ਇਸ ਮੌਕੇ ਜ਼ਿਲਾ ਰੈਵੇਨਿਊ ਅਧਿਕਾਰੀ ਨਵਦੀਪ ਸਿੰਘ ਭੋਗਲ, ਜ਼ਿਲਾ ਸਮਾਜਿਕ ਸੁਰੱਖਿਆ ਅਧਿਕਾਰੀ ਮਨਜਿੰਦਰ ਸਿੰਘ ਅਤੇ ਹੋਰ ਮੌਜੂਦ ਸਨ।

### ਇਤਿਹਾਸਕ ਮੁਗਲ ਰੋਡ 'ਤੇ ਹੋਈ ਭਾਰੀ ਬਰਫਬਾਰੀ, ਬਰਫ ਦੀ ਚਿੱਟੀ ਚਾਦਰ ਨਾਲ ਢਕਿਆ ਇਲਾਕਾ

ਪੁੰਛ 23 ਜੂਨ। ਮੌਜੂਦਾ ਸਮੇਂ ਵਿਚ ਜਿੱਥੇ ਪੂਰਾ ਦੇਸ ਭਿਆਨਕ ਦੀ ਗਰਮੀ ਨਾਲ ਜੂਝ ਰਿਹਾ ਹੈ, ਉਥੇ ਹੀ ਵੱਡੀ ਗਿਣਤੀ ਵਿਚ ਲੋਕ ਗਰਮੀ ਦਾ ਸ਼ਿਕਾਰ ਹੋ ਰਹੇ ਹਨ। ਅਜਿਹੇ 'ਚ ਜੂਨ ਮਹੀਨੇ 'ਚ ਸੁੱਕਰਵਾਰ ਨੂੰ ਪੁੰਛ ਜ਼ਿਲ੍ਹੇ ਦੇ ਇਤਿਹਾਸਕ ਮੁਗਲ ਰੋਡ 'ਤੇ ਹੋਈ ਤਾਜਾ ਬਰਫਬਾਰੀ ਨੇ ਪੂਰੇ ਇਲਾਕੇ ਨੂੰ ਠੰਢ ਦੀ ਲਪੇਟ 'ਚ ਲੈ ਲਿਆ। ਇਸ ਮੌਕੇ ਇਸ ਰਸਤੇ ਤੋਂ ਆਉਣ-ਜਾਣ ਵਾਲੇ ਲੋਕਾਂ ਅਤੇ ਸੈਲਾਨੀਆਂ ਨੇ ਆਪਣੇ ਵਾਹਨ ਰੋਕ ਕੇ ਬਰਫਬਾਰੀ ਦਾ ਆਨੰਦ ਮਾਣਿਆ ਅਤੇ ਯਾਦਗਾਰੀ ਪਲਾਂ ਨੂੰ ਕੈਮਰੇ 'ਚ ਕੈਦ ਕੀਤਾ। ਦੱਸ ਦੇਈਏ ਕਿ ਪੁੰਛ-ਰਾਜੌਰੀ ਜ਼ਿਲ੍ਹੇ ਨੂੰ ਕਸਮੀਰ ਵਾਦੀ ਨਾਲ ਜੋੜਨ ਵਾਲੀ ਇਤਿਹਾਸਕ ਮੁਗਲ ਰੋਡ 'ਤੇ ਵੀਰਵਾਰ ਦੇਰ ਰਾਤ ਇਕ ਵਾਰ ਫਿਰ ਤੋਂ ਤਾਜਾ ਬਰਫਬਾਰੀ ਸੁਰੂ ਹੋ ਗਈ, ਜਿਸ ਕਾਰਨ ਸਾਰਾ ਇਲਾਕਾ ਬਰਫ ਦੀ ਸਫੈਦ ਚਾਦਰ ਨਾਲ ਢਕਿਆ ਗਿਆ। ਲੋਕਾਂ ਨੇ ਬਰਫਬਾਰੀ ਦਾ ਖੂਬ ਆਨੰਦ ਲਿਆ, ਜਦਕਿ ਪਹਾੜਾਂ ਦੇ ਨਾਲ-ਨਾਲ ਮੁੱਖ ਮਾਰਗ 'ਤੇ ਵੀ ਕਈ ਇੰਚ ਚਿੱਟੀ ਬਰਫ ਫੈਲ ਗਈ, ਜਿਸ ਕਾਰਨ ਮੁਗਲ ਰੋਡ 'ਤੇ ਆਵਾਜਾਈ ਪ੍ਰਭਾਵਿਤ ਹੋਈ। ਬਰਫ ਦੀ ਸਫੈਦ ਚਾਦਰ ਵਾਲੇ ਇਸ ਖੂਬਸੂਰਤ ਨਜਾਰੇ ਨੇ ਉੱਥੇ ਆਉਣ-ਜਾਣ ਵਾਲੇ ਲੋਕਾਂ ਨੂੰ ਆਕਰਸ਼ਿਤ ਕਰ ਦਿੱਤਾ। ਪੁੰਛ ਅਤੇ ਰਾਜੌਰੀ ਜ਼ਿਲ੍ਹਿਆਂ ਤੋਂ ਕਸਮੀਰ ਘਾਟੀ ਵੱਲ ਜਾ ਰਹੇ ਕੁਝ ਯਾਤਰੀਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਦਾ ਨਜਾਰਾ ਸੱਚਮੁੱਚ ਕੁਦਰਤ ਦਾ ਕ੍ਰਿਸਮਾ ਹੈ। ਜਿੱਥੇ ਪੂਰਾ ਦੇਸ ਹੀਟ ਵੇਵ ਨਾਲ ਜੂਝ ਰਿਹਾ ਹੈ, ਉੱਥੇ ਹੀ ਇੱਥੇ ਬਰਫਬਾਰੀ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪੁੰਛ ਰਾਜੌਰੀ 'ਚ ਬਹੁਤ ਗਰਮੀ ਹੈ ਅਤੇ ਗਰਮੀ ਕਾਰਨ ਲੋਕਾਂ ਨੂੰ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਮੁਗਲ ਰੋਡ 'ਤੇ ਤਾਜਾ ਬਰਫਬਾਰੀ ਇਸ ਨੂੰ ਸਵਰਗ ਵਰਗਾ ਮਹਿਸੂਸ ਕਰਵਾਉਂਦੀ ਹੈ।

### ਮਾਝੇ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਚ ਬੇਅਦਬੀ ਦੀ ਘਟਨਾ, ਤਣਾਅਪੂਰਨ ਹੋਇਆ ਮਾਹੌਲ

ਝਬਾਲ 23 ਜੂਨ। ਮਾਝੇ ਦੇ ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਅੱਜ ਸਵੇਰੇ ਇਕ ਲੱਤ ਤੋਂ ਅਪਾਹਜ ਨੌਜਵਾਨ ਨੇ ਗੁਰਦੁਆਰਾ ਸਾਹਿਬ ਜੀ ਦੇ ਅੰਦਰ ਨਿੱਤ ਨੇਮ ਦੇ ਗੁੱਟਕਾ ਸਾਹਿਬ ਦੇ ਰਹਿਰਾਸ ਸਾਹਿਬ ਦੇ ਅੰਗ ਪਾੜ ਦਿੱਤੇ। ਜਿਸ ਨੂੰ ਮੌਕੇ 'ਤੇ ਹਾਜਰ ਸੰਗਤ ਨੇ ਫੜਕੇ ਕੁਟਾਪਾ ਚਾੜ੍ਹਨ ਉਪਰੰਤ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਘਟਨਾ ਦਾ ਪਤਾ ਲੱਗਦਿਆਂ ਥਾਣਾ ਝਬਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ ਦੇ ਪ੍ਰਧਾਨ ਤਰਲੋਚਨ ਸਿੰਘ ਸੋਹਲ ਅਤੇ ਸਰੂਪ ਸਿੰਘ ਭੁੱਚਰ ਦੀ ਅਗਵਾਈ ਵਿਚ ਸਿੰਘ ਮੌਕੇ 'ਤੇ ਪਹੁੰਚੇ ਜਿਨ੍ਹਾਂ ਨੇ ਪੁਲਸ ਕੋਲੋਂ ਬਾਰੀਕੀ ਨਾਲ ਜਾਂਚ ਦੀ ਮੰਗ ਕੀਤੀ। ਇਸ ਸਮੇਂ ਮਾਹੌਲ ਤਣਾਅਪੂਰਨ ਹੁੰਦਿਆਂ ਦੇਖ ਤੁਰੰਤ ਮੌਕੇ 'ਤੇ ਪਹੁੰਚੇ ਥਾਣਾ ਮੁਖੀ ਜੱਸਾ ਸਿੰਘ ਨੇ ਕਿਹਾ ਕਿ ਫੜੇ ਗਏ ਮੁਲਜਮ ਕੋਲੋਂ ਸਖਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਮੁਲਜਮ ਦੀ ਪਛਾਣ ਕਰਮਜੀਤ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਭੋਜੀਆਂ ਹਾਲ ਵਾਸੀ ਅੱਡਾ ਝਬਾਲ ਵਜੋਂ ਹੋਈ ਹੈ

## ਨਸ਼ੇ ਦੀ ਲਪੇਟ 'ਚ ਆਇਆ 8 ਸਾਲ ਦਾ ਮਾਸੂਮ ਬੱਚਾ! ਕਹਿੰਦਾ- 'ਕਾਲੂ ਅੰਕਲ ਦਿੰਦੇ ਨੇ ਨਸ਼ਾ'

ਬਰਨਾਲਾ 23 ਜੂਨ। ਬਰਨਾਲਾ ਤੋਂ ਇਕ ਬੇਹੱਦ ਚਿੰਤਾਜਨਕ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਇਕ 8 ਸਾਲ ਦੇ ਬੱਚਾ ਨਸ਼ੇ ਦੀ ਲਪੇਟ ਵਿਚ ਆ ਗਿਆ ਹੈ। ਇਸ ਉਮਰ ਵਿਚ ਬੱਚੇ ਨੂੰ ਇਸ ਗੱਲ ਦਾ ਸ਼ਾਇਦ ਅੰਦਾਜਾ ਵੀ ਨਹੀਂ ਹੋਵੇਗਾ ਕਿ ਨਸ਼ਾ ਅਸਲ ਵਿਚ ਹੁੰਦਾ ਕੀ ਹੈ। ਇਸ ਬੱਚੇ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਇਸ ਮਗਰੋਂ ਪੁਲਸ ਪ੍ਰਸ਼ਾਸਨ ਵੀ ਹਰਕਤ ਵਿਚ ਆਇਆ ਹੈ ਤੇ ਕਾਰਵਾਈ ਸ਼ੁਰੂ ਕੀਤੀ ਹੈ। ਪੁਲਸ ਵੱਲੋਂ ਉਸ ਦਾ ਮੈਡੀਕਲ ਕਰਵਾਉਣ ਦੀ ਗੱਲ ਕਹੀ ਜਾ ਰਹੀ ਹੈ। ਦਰਅਸਲ, ਬਰਨਾਲਾ ਦੇ ਬੱਸ ਸਟੈਂਡ ਨੇੜੇ ਇਕ 8 ਸਾਲ ਦਾ ਬੱਚਾ ਸਮਾਜ ਸੇਵੀ ਸੰਸਥਾ ਨੂੰ ਮਿਲਿਆ। ਸੰਸਥਾ ਮੁਤਾਬਕ ਬੱਚਾ ਨਸ਼ੇ ਦੀ ਹਾਲਤ ਵਿਚ ਸੀ। ਉਨ੍ਹਾਂ ਨੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕਰ ਦਿੱਤੀ। ਸਮਾਜ ਸੇਵੀ ਸੰਸਥਾ ਦੀ ਮੁਖੀ ਸੀਰਾ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਦੇ ਕੁਝ ਮੈਂਬਰ ਮੰਗਲਵਾਰ ਨੂੰ ਬਰਨਾਲਾ ਵਿਚ ਸਨ। ਬੱਸ ਸਟੈਂਡ ਨੇੜੇ ਉਨ੍ਹਾਂ ਨੂੰ ਇਕ ਬੱਚਾ ਮਿਲਿਆ। ਬੱਚੇ ਕੋਲੋਂ ਨਾ ਤਾਂ ਸਹੀ ਤਰ੍ਹਾਂ ਤੁਰਿਆ ਜਾ ਰਿਹਾ ਸੀ ਤੇ ਨਾ ਹੀ ਸਹੀ ਤਰ੍ਹਾਂ ਬੋਲਿਆ ਜਾ ਰਿਹਾ ਸੀ। ਬੱਚੇ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਨੂੰ 'ਕਾਲੂ ਅੰਕਲ' ਨਸ਼ਾ ਕਰਵਾਉਂਦੇ ਹਨ। ਉਸ ਨੇ ਦੱਸਿਆ ਕਿ ਉਸ ਨੇ



2 ਕੈਪਸੂਲ ਖਾਧੇ ਹੋਏ ਹਨ। ਆਲੇ-ਦੁਆਲੇ ਦੇ ਲੋਕਾਂ ਨੇ ਦੱਸਿਆ ਕਿ ਇਹ ਬੱਚਾ ਇੱਥੇ ਹੀ ਘੁੰਮਦਾ ਰਹਿੰਦਾ ਹੈ। ਇਸ ਸਬੰਧੀ ਡੀ.ਐੱਸ.ਪੀ. ਸਿਟੀ ਸਤਬੀਰ ਸਿੰਘ ਅਤੇ ਬੱਸ ਸਟੈਂਡ ਚੌਕੀ ਦੇ ਇੰਚਾਰਜ ਚਰਨਜੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬੱਚੇ ਨੂੰ ਲੱਭ ਲਿਆ ਹੈ। ਬੱਚਾ ਗਰੀਬ ਪਰਿਵਾਰ ਨਾਲ ਸਬੰਧਤ ਹੈ ਤੇ ਦਿਮਾਗੀ ਤੌਰ 'ਤੇ ਠੀਕ ਨਹੀਂ ਹੈ। ਮਾਪਿਆਂ ਨੇ ਕਿਹਾ ਕਿ ਉਹ ਬੱਚੇ ਨੂੰ ਸਕੂਲ ਵੀ ਨਹੀਂ ਲਗਾ ਸਕੇ। ਪੁਲਸ ਅਧਿਕਾਰੀਆਂ ਨੇ ਬੱਚੇ ਨੂੰ ਨਸ਼ਾ ਕਿਸ ਨੇ ਦਿੱਤਾ ਹੈ, ਪੁਲਸ ਇਸ ਦੀ ਜਾਂਚ ਜਰੂਰ ਕਰੇਗੀ।

### ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ਮਸ਼ਾਨਘਾਟ 'ਚੋਂ ਮਿਲੀ ਹਿਮਾਚਲ ਦੇ ਰਹਿਣ ਵਾਲੇ ਨੌਜਵਾਨ ਦੀ ਲਾਸ਼

ਗੜ੍ਹਸ਼ੰਕਰ/ਸ੍ਰੀ ਖੁਰਾਲਗੜ੍ਹ ਸਾਹਿਬ 23 ਜੂਨ। ਸ੍ਰੀ ਖੁਰਾਲਗੜ੍ਹ ਸਾਹਿਬ ਦੇ ਨਜਦੀਕ ਪੈਂਦੇ ਪਿੰਡ ਸੀਹਵਾਂ ਵਿਚ ਮਾਤਾ ਮਨਸਾ ਦੇਵੀ ਮੰਦਰ ਦੇ ਪਿੱਛੇ ਸਮਸਾਨਘਾਟ ਵਿੱਚੋਂ ਇਕ ਨੌਜਵਾਨ ਦੀ ਲਾਸ ਬਰਾਮਦ ਕੀਤੀ ਗਈ ਹੈ। ਉਕਤ ਨੌਜਵਾਨ ਦੀ ਉਮਰ ਕਰੀਬ 30 ਸਾਲ ਦੱਸੀ ਜਾ ਰਹੀ ਹੈ। ਮ੍ਰਿਤਕ ਨੇ ਧਾਰੀਦਾਰ ਕਮੀਜ ਅਤੇ ਕੈਪਰੀ ਪਾਈ ਹੋਈ ਸੀ ਅਤੇ ਪੈਰਾਂ ਵਿੱਚ ਕੈਂਚੀ ਵਾਲੀਆਂ ਚੱਪਲਾਂ ਸਨ। ਜਾਣਕਾਰੀ ਅਨੁਸਾਰ ਬੀਤੀ ਰਾਤ ਕਰੀਬ 11 ਵਜੇ ਜਦੋਂ ਕੁਝ ਨੌਜਵਾਨ ਮਾਤਾ ਮਨਸਾ ਦੇਵੀ ਮੰਦਰ ਦੇ ਪਿੱਛੇ ਬਣੇ ਆਵਾਰਾ ਪਸੂਆਂ ਲਈ ਪੀਣ ਵਾਲੇ ਪਾਣੀ ਦੀ ਟੈਂਕੀ ਵਿਚ ਪਾਣੀ ਪਾਉਣ ਗਏ ਤਾਂ ਉਨ੍ਹਾਂ ਨੇ ਉਥੇ ਲਾਸ ਪਈ ਵੇਖ ਕੇ ਪੁਲਸ ਚੌਕੀ ਬੀਨੇਵਾਲ ਦੇ ਇੰਚਾਰਜ ਨੂੰ ਸੂਚਨਾ ਦਿੱਤੀ।

### ਅੱਧਾ ਕਿਲੋਮੀਟਰ ਸਕੂਟਰੀ ਨੂੰ ਘੜੀਸਦਾ ਲੈ ਗਿਆ ਟਰੱਕ

ਬਠਿੰਡਾ 23 ਜੂਨ। ਬੀਤੀ ਸ਼ਾਮ ਬਾਦਲ ਰੋਡ ਓਵਰਬ੍ਰਿਜ 'ਤੇ ਇਕ ਟਰੱਕ ਚਾਲਕ ਨੇ ਸਕੂਟਰੀ ਨੂੰ ਟਰੱਕ ਹੇਠ ਫਸਾ ਲਿਆ ਅਤੇ ਅੱਧਾ ਕਿਲੋਮੀਟਰ ਸਕੂਟਰੀ ਨੂੰ ਘੜੀਸਦਾ ਹੀ ਚਲਾ ਗਿਆ। ਪਤਾ ਲੱਗਣ 'ਤੇ ਟਰੱਕ ਚਾਲਕ ਟਰੱਕ ਨੂੰ ਛੱਡ ਕੇ ਫਰਾਰ ਹੋ ਗਿਆ। ਹਾਦਸੇ ਦੌਰਾਨ ਸਕੂਟਰੀ ਚਾਲਕ ਵਾਲ-ਵਾਲ ਬਚ ਗਿਆ। ਜਾਣਕਾਰੀ ਦਿੰਦਿਆਂ ਪੀੜਤ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਉਹ ਦੀਪ ਨਗਰ ਵਿਖੇ ਕਰਿਆਨੇ ਦੀ ਦੁਕਾਨ ਕਰਦਾ ਹੈ ਅਤੇ ਡੱਬਵਾਲੀ ਰੋਡ ਤੋਂ ਸਕੂਟਰੀ 'ਤੇ ਬਾਦਲ ਰੋਡ ਵੱਲ ਜਾ ਰਿਹਾ ਸੀ। ਜਦੋਂ ਉਹ ਬਾਦਲ ਰੋਡ ਓਵਰਬ੍ਰਿਜ 'ਤੇ ਜਾ ਰਿਹਾ ਸੀ ਤਾਂ ਪਿੱਛੇ ਤੋਂ ਆ ਰਹੇ ਟਰੱਕ ਨੇ ਉਸ ਨੂੰ ਲਪੇਟ ਵਿਚ ਲੈ ਲਿਆ ਪਰ ਉਸ ਵੱਲੋਂ ਸਕੂਟਰੀ ਤੋਂ ਛਾਲ ਮਾਰ ਦਿੱਤੀ ਗਈ। ਟਰੱਕ ਚਾਲਕ ਟਰੱਕ ਨੂੰ ਰੋਕਣ ਦੀ ਬਜਾਏ ਲਗਭਗ ਅੱਧਾ ਕਿਲੋਮੀਟਰ ਤੱਕ ਸਕੂਟਰੀ ਨੂੰ ਘੜੀਸਦਾ ਹੀ ਚਲਾ ਗਿਆ। ਨੰਨੀ ਛਾਂ ਚੌਂਕ ਨਜਦੀਕ ਲੋਕਾਂ ਵੱਲੋਂ ਰੌਲਾ ਪਾਉਣ 'ਤੇ ਉਹ ਟਰੱਕ ਨੂੰ ਚੌਂਕ ਨਜਦੀਕ ਛੱਡ ਕੇ ਫਰਾਰ ਹੋ ਗਿਆ। ਹਾਦਸੇ ਤੋਂ ਬਾਅਦ ਪਰਿਵਾਰ ਵੱਲੋਂ ਉਸ ਨੂੰ ਸਿਵਲ ਹਸਪਤਾਲ ਪਹੁੰਚਾਇਆ। ਪੁਲਸ ਵੱਲੋਂ ਸ਼ਿਕਾਇਤ ਦੇ ਆਧਾਰ 'ਤੇ ਟਰੱਕ ਨੂੰ ਕਬਜੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਡਿਊਟੀ ਦੌਰਾਨ ਸਹਾਇਕ ਥਾਣੇਦਾਰ ਦੀ ਕੁੱਟਮਾਰ ਕਰਨ ਅਤੇ ਧਮਕੀਆਂ ਦੇਣ ਦੇ ਮਾਮਲੇ 'ਚ 7 ਨਾਮਜ਼ਦ

ਘੱਗਾ 23 ਜੂਨ। ਥਾਣਾ ਘੱਗਾ ਅਧੀਨ ਪੈਂਦੇ ਪਿੰਡ ਅਤਾਲਾਂ ਵਿਖੇ ਸਹਾਇਕ ਥਾਣੇਦਾਰ ਦੀ ਡਿਊਟੀ ਦੌਰਾਨ ਕੀਤੀ ਕੁੱਟਮਾਰ ਅਤੇ ਧਮਕੀਆਂ ਦੇਣ ਦੇ ਮਾਮਲੇ 'ਚ 3 ਔਰਤਾਂ ਸਮੇਤ 7 ਵਿਅਕਤੀਆਂ ਖ਼ਿਲਾਫ ਕੇਸ ਦਰਜ ਕੀਤਾ ਗਿਆ ਹੈ। ਇਸ ਸਬੰਧੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਉਂਦਿਆਂ ਥਾਣਾ ਘੱਗਾ ਵਿਖੇ ਤਾਇਨਾਤ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ 19 ਜੂਨ ਨੂੰ ਕੰਟਰੋਲ ਰੂਮ ਪਟਿਆਲਾ ਤੋਂ ਸੂਚਨਾ ਮਿਲੀ ਕਿ ਅਮਨਦੀਪ ਕੌਰ ਪੁੱਤਰੀ ਬਲਵੀਰ ਸਿੰਘ ਵਾਸੀ ਪਿੰਡ ਅਤਾਲਾਂ ਦੀ ਉਸ ਦਾ ਪਤੀ ਨਾਨਕ ਸਿੰਘ ਕੁੱਟਮਾਰ ਕਰ ਰਿਹਾ ਹੈ। ਪ੍ਰੰਤੂ ਜਦੋਂ ਮੈਂ ਮੌਕੇ 'ਤੇ ਪੁੱਜਾ ਤਾਂ ਨਾਨਕ ਸਿੰਘ ਅਤੇ ਉਸ ਦੇ ਸਾਥੀ 6 ਹੋਰ ਮਰਦਾਂ ਅਤੇ ਔਰਤਾਂ ਨੇ ਇਕੱਠੇ ਹੋ ਕੇ ਸਰਕਾਰੀ ਡਿਊਟੀ 'ਚ ਵਿਘਨ ਪਾਉਂਦਿਆਂ ਮੇਰੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ, ਜਿਸ ਕਾਰਨ ਮੈਂ




ਸਿਵਲ ਹਸਪਤਾਲ ਪਾਤੜਾਂ ਵਿਖੇ ਦਾਖਲ ਹਾਂ। ਪੁਲਸ ਨੇ ਪੀੜਤ ਦੇ ਬਿਆਨਾਂ ਦੇ ਆਧਾਰ 'ਤੇ ਕਥਿਤ ਮੁਲਜਮਾਂ ਨਾਨਕ ਸਿੰਘ ਪੁੱਤਰ ਅਵਤਾਰ ਸਿੰਘ, ਅਵਤਾਰ ਸਿੰਘ ਪੁੱਤਰ ਵਜੀਰ ਸਿੰਘ, ਗੁਰਮਾਨ ਸਿੰਘ ਪੁੱਤਰ ਨਾਨਕ ਸਿੰਘ ਵਾਸੀਆਨ ਪਿੰਡ ਅਤਾਲਾਂ, ਮਨਪ੍ਰੀਤ ਕੌਰ ਪਤਨੀ ਹਰਵਿੰਦਰ ਸਿੰਘ ਵਾਸੀ ਪਿੰਡ ਕਲਬੁਰਛਾਂ, ਪਿੰਦਰਦੀਪ ਕੌਰ ਪਤਨੀ ਗੁਰਵਿੰਦਰ ਸਿੰਘ ਵਾਸੀ ਪਿੰਡ ਹਸਨਪੁਰ, ਅਮਨਦੀਪ ਕੌਰ ਪਤਨੀ ਅਮਨਦੀਪ ਸਿੰਘ ਅਤੇ ਨਵਜੋਤ ਸਿੰਘ ਪੁੱਤਰ ਅਮਨਦੀਪ ਸਿੰਘ ਵਾਸੀਆਨ ਟਿੱਬਾ ਬਸਤੀ ਪਾਤੜਾਂ ਖਿਲਾਫ ਥਾਣਾ ਘੱਗਾ ਵਿਖੇ ਕੇਸ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਫਿਰ ਵੱਡੀ ਵਾਰਦਾਤ ਨਾਲ ਕੰਬਿਆ ਪੰਜਾਬ, ਅੰਨ੍ਹੇਵਾਹ ਗੋਲੀਆਂ ਮਾਰ ਕੇ 18 ਸਾਲਾ ਮੁੰਡੇ ਦਾ ਕਤਲ

ਮਲੋਟ 23 ਜੂਨ। ਬੁੱਧਵਾਰ ਨੂੰ ਮੋਹਲਾਂ ਤੇ ਰੱਤਾ ਟਿੱਬਾ ਵਿਚਕਾਰ ਸੜਕ 'ਤੇ ਅਣਪਛਾਤੇ ਵਿਅਕਤੀਆਂ ਨੇ ਇਕ 18 ਸਾਲਾਂ ਦੇ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸ ਮਾਮਲੇ ਵਿਚ ਕਬਰਵਾਲਾ ਪੁਲਸ ਨੇ ਮ੍ਰਿਤਕ ਦੀ ਮਾਂ ਦੇ ਬਿਆਨਾਂ 'ਤੇ ਅਣਪਛਾਤੇ ਮੁਲਜਮਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਇਸ ਸਬੰਧੀ ਮਨਪ੍ਰੀਤ ਕੌਰ ਪਤਨੀ ਮਿੱਠੂ ਸਿੰਘ ਵਾਸੀ ਗੱਦਾਡੋਬ ਨੇ ਪੁਲਸ ਨੂੰ ਦਰਜ ਬਿਆਨਾਂ ਵਿਚ ਕਿਹਾ ਕਿ ਉਹ ਗੱਦਾਡੋਬ ਦੀ



ਰਹਿਣ ਵਾਲੀ ਹੈ ਅਤੇ ਮਿਹਨਤ-ਮਜਦੂਰੀ ਕਰਦੀ ਹੈ। ਉਸਦੀ ਲੜਕੀ ਰਮਨਦੀਪ ਕੌਰ ਰੱਤਾ ਟਿੱਬਾ ਵਿਖੇ ਵਿਆਹੀ ਹੈ ਅਤੇ ਦੋ ਲੜਕੇ ਸੇਵਲ ਸਿੰਘ ਅਤੇ ਵਿਸ਼ਾਲ ਸਿੰਘ ਹਨ। ਛੋਟਾ ਲੜਕਾ ਵਿਸਾਲ ਸਿੰਘ ਕੱਲ ਕੰਮ 'ਤੇ ਗਿਆ ਸੀ। ਉਨ੍ਹਾਂ ਨੂੰ ਦੁਪਿਹਰ ਵੇਲੇ ਕਿਸੇ ਨੇ ਫੋਨ ਕਰ ਕੇ ਦੱਸਿਆ ਕਿ ਉਸਦਾ ਲੜਕਾ ਵਿਸ਼ਾਲ ਸਿੰਘ ਏਜੰਸੀ ਵਿਚ ਆਪਣੇ ਕੰਮ ਕਰਨ ਤੋਂ ਬਾਅਦ ਵਾਪਸ ਆ ਰਿਹਾ ਸੀ ਕਿ ਕਿਸੇ ਨੇ ਉਸਦੇ ਗੋਲੀਆਂ ਮਾਰ ਦਿੱਤੀਆਂ। ਇਸ ਦੌਰਾਨ ਜਦੋਂ ਉਹ ਮੌਕੇ 'ਤੇ ਪੁੱਜੀ ਤਾਂ ਵੇਖਿਆ ਕਿ ਉਸਦੇ ਲੜਕੇ ਦੇ ਤਿੰਨ ਗੋਲੀਆਂ ਵੱਜੀਆਂ ਹੋਈਆਂ ਸਨ ਤੇ ਉਸਦੀ ਲਾਸ਼ ਪਈ ਸੀ। ਇਸ ਮਾਮਲੇ 'ਚ ਕਬਰਵਾਲਾ ਪੁਲਸ ਨੇ ਮਹਿਲਾਂ ਦੇ ਬਿਆਨਾਂ 'ਤੇ ਅਣਪਛਾਤੇ ਮੁਲਜਮਾਂ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਥਾਣਾ ਦੋਰਾਹਾ ਦਾ ਏ. ਐੱਸ. ਆਈ. ਥਾਣੇ 'ਚ ਹੀ ਗ੍ਰਿਫਤਾਰ, ਹੈਰਾਨ ਕਰਨ ਵਾਲਾ ਹੈ ਪੂਰਾ ਮਾਮਲਾ

ਚੰਡੀਗੜ੍ਹ/ਲੁਧਿਆਣਾ 23 ਜੂਨ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਬੁੱਧਵਾਰ ਨੂੰ ਥਾਣਾ ਸਮਰਾਲਾ ਵਿਖੇ ਤਾਇਨਾਤ ਰਿਹਾ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ.) ਸਿਕੰਦਰ ਰਾਜ ਨੂੰ 18,000 ਰੁਪਏ ਦੀ ਰਿਸਵਤ ਮੰਗਣ ਦੇ ਦੋਸ ਹੇਠ ਗ੍ਰਿਫਤਾਰ ਕੀਤਾ ਹੈ ਜੋ ਹੁਣ ਥਾਣਾ ਦੋਰਾਹਾ ਜ਼ਿਲ੍ਹਾ ਲੁਧਿਆਣਾ ਵਿਖੇ ਪੁਲਸ ਵਿਚ ਤਾਇਨਾਤ ਹੈ, ਜਿਥੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਿਜੀਲੈਂਸ ਬਿਊਰੋ ਦੇ ਇਕ ਸਰਕਾਰੀ ਬੁਲਾਰੇ ਨੇ ਖੁਲਾਸਾ ਕੀਤਾ ਕਿ ਉਕਤ ਪੁਲਸ ਮੁਲਾਜਮ ਵਿਰੁੱਧ ਇਹ ਮੁਕੱਦਮਾ ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ ਦੇ ਵਸਨੀਕ ਰਵਿੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੇ ਬਿਆਨ ਦਰਜ ਕਰਵਾਏ ਸਨ ਕਿ 13 ਮਾਰਚ, 2021 ਨੂੰ ਉਸਦੇ ਡਰਾਈਵਰ ਰਾਜਦੀਪ ਸਿੰਘ ਵਾਸੀ ਖਡੂਰ ਸਾਹਿਬ, ਜ਼ਿਲਾ ਤਰਨਤਾਰਨ ਅਤੇ ਹੈਲਪਰ ਬਿਰਜੂ, ਵਾਸੀ ਸੰਜੇ ਗਾਂਧੀ ਕਲੋਨੀ, ਲੁਧਿਆਣਾ ਨੇੜੇ ਨੀਲੋਂ ਪੁਲ, ਸਮਰਾਲਾ ਵਿਖੇ ਇਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਉਸ ਦਿਨ ਥਾਣਾ ਸਮਰਾਲਾ ਤੋਂ ਏ.ਐੱਸ.ਆਈ. ਸਿਕੰਦਰ ਰਾਜ ਹੋਰ ਪੁਲਸ ਮੁਲਾਜਮਾਂ ਨਾਲ ਮੌਕੇ 'ਤੇ ਪਹੁੰਚਿਆ ਅਤੇ ਦੋਵੇਂ ਵਾਹਨਾਂ ਨੂੰ ਥਾਣੇ ਲੈ ਗਏ। ਇਸ ਤੋਂ ਬਾਅਦ ਏ.ਐੱਸ.ਆਈ. ਸਿਕੰਦਰ ਰਾਜ ਨੇ ਸ਼ਿਕਾਇਤਕਰਤਾ ਤੋਂ ਉਸਦੇ ਡਰਾਈਵਰ ਨੂੰ ਜਮਾਨਤ ਦਿਵਾਉਣ, ਉਸਦੀ ਗੱਡੀ ਵਿਚ ਲੱਦਿਆ ਸਮਾਨ ਛੱਡਣ



ਅਤੇ ਉਸਦੇ ਡਰਾਈਵਰ ਖ਼ਿਲਾਫ ਦਰਜ ਹੋਏ ਹਾਦਸੇ ਦੇ ਕੇਸ 'ਚੋਂ ਬਰੀ ਕਰਵਾਉਣ ਬਦਲੇ 20,000 ਰੁਪਏ ਰਿਸਵਤ ਦੀ ਮੰਗ ਕੀਤੀ ਸੀ। ਆਖਰਕਾਰ ਸੌਦਾ 18,000 ਰੁਪਏ ਵਿਚ ਹੋਇਆ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਉਕਤ ਪੁਲਸ ਮੁਲਾਜਮ ਵੱਲੋਂ ਰਿਸਵਤ ਦੀ ਮੰਗ ਸਬੰਧੀ ਗੱਲਬਾਤ ਰਿਕਾਰਡ ਕਰ ਲਈ ਅਤੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ। ਬੁਲਾਰੇ ਨੇ ਦੱਸਿਆ ਕਿ ਜਾਂਚ ਦੌਰਾਨ ਸ਼ਿਕਾਇਤ ਵਿਚ ਲਗਾਏ ਗਏ ਦੋਸ ਸਹੀ ਅਤੇ ਦਰੁਸਤ ਪਾਏ ਗਏ ਹਨ। ਇਸ ਤੋਂ ਬਾਅਦ ਥਾਣਾ ਦੋਰਾਹਾ ਵਿਖੇ ਤਾਇਨਾਤ ਏਐੱਸਆਈ ਸਿਕੰਦਰ ਰਾਜ ਖ਼ਿਲਾਫ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਉਕਤ ਮੁਲਜਮ ਨੂੰ ਅੱਜ ਬਿਊਰੋ ਦੀ ਲੁਧਿਆਣਾ ਰੇਂਜ ਦੀ ਟੀਮ ਵੱਲੋਂ ਥਾਣਾ ਦੋਰਾਹਾ ਤੋਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਭਲਕੇ ਸਮਰੱਥ ਅਦਾਲਤ ਵਿਚ ਪੇਸ ਕੀਤਾ ਜਾਵੇਗਾ।

### ਪਿਉ-ਪੁੱਤਰ ਦੀ ਲਾਪਰਵਾਹੀ ਕਾਰਨ ਗਈ ਨੌਜਵਾਨ ਦੀ ਜਾਨ, ਦੋਹਾਂ ਖਿਲਾਫ਼ ਮਾਮਲਾ ਦਰਜ

ਫਾਜ਼ਿਲਕਾ 23 ਜੂਨ। ਥਾਣਾ ਅਰਨੀਵਾਲਾ ਪੁਲਸ ਨੇ ਇਕ ਵਿਅਕਤੀ ਦੀ ਸ਼ਿਕਾਇਤ 'ਤੇ ਉਸ ਦੇ ਦੋਸਤ ਨੂੰ ਲਾਪਰਵਾਹੀ ਨਾਲ ਮੌਤ ਦੇ ਘਾਟ ਉਤਾਰਨ ਵਾਲੇ ਪਿਉ-ਪੁੱਤਰ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਰਾਜਪਾਲ ਸਿੰਘ ਵਾਸੀ ਢਾਣੀ ਕੜਾਕਾ ਸਿੰਘ ਅਬੋਹਰ ਨੇ ਦੱਸਿਆ ਕਿ 12 ਜੂਨ ਨੂੰ 10.30 ਵਜੇ ਉਸ ਦਾ ਦੋਸਤ ਜਗਰੂਪ ਸਿੰਘ ਵਾਸੀ ਪਿੰਡ ਅਲਿਆਣਾ ਆਪਣੇ ਕੰਮ ਤੋਂ ਪਿੰਡ ਬੁੱਧੋ ਕੇ ਜਾ ਰਿਹਾ ਸੀ। ਜਦ ਉਹ ਪਿੰਡ ਹੌਜ ਖਾਸ ਕੋਲ ਲੋਹੇ ਵਾਲੀ ਤਾਰ ਦੀ ਫੈਕਟਰੀ ਕੋਲ ਪਹੁੰਚੇ ਤਾਂ ਉੱਥੇ ਸੜਕ ਦੇ ਸੱਜੇ ਹੱਥ ਬਿਜਲੀ ਵਾਲਾ ਟਰਾਂਸਫਾਰਮ ਅਤੇ ਸੜਕ ਦੇ ਖੱਬੇ ਥੋੜ੍ਹਾ ਅੱਗੇ ਸੁਰੇਸ਼ ਕੁਮਾਰ ਵਾਸੀ ਲੱਖੇਵਾਲੀ ਆਪਣਾ ਮਕਾਨ ਬਣਾ ਰਿਹਾ ਸੀ। ਜਿੱਥੇ ਸੁਰੇਸ਼ ਕੁਮਾਰ ਦਾ ਮੁੰਡਾ ਚੰਦਨ ਬਿਜਲੀ ਵਾਲੇ ਟਰਾਂਸਫਾਰਮ 'ਤੇ ਕਾਲੇ ਰੰਗ ਦੀ ਕੇਬਲ ਲਗਾ ਰਿਹਾ ਸੀ ਤਾਂ ਮੋਟਰਸਾਈਕਲ ਚਲਾ ਰਹੇ ਜਗਰੂਪ ਸਿੰਘ ਨੂੰ ਤਾਰ ਕਾਲੇ ਰੰਗ ਦੀ ਹੋਣ ਕਾਰਨ ਦਿਖਾਈ ਨਾ ਦਿੱਤੀ, ਜੋ ਕਿ ਮੋਟਰਸਾਈਕਲ ਦੇ ਪੈਰਦਾਨ 'ਚ ਫਸ ਗਈ ਅਤੇ ਮੋਟਰਸਾਈਕਲ ਹੇਠਾਂ ਡਿੱਗ ਗਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮਰਦਾਨਾ ਕਮਜੋਰੀ ਤੇ ਤਾਕਤ ਦੀ ਕਮੀ ਲਈ ਆਹ ਦੇਸੀ ਨੁਕਤਾ ਹੋਵੇਗਾ ਕਾਰਗਰ

ਜਲੰਧਰ 23 ਜੂਨ। ਦੋਸਤੋ! ਪੁਰਸ਼ਾਂ ’ਚ ਮਰਦਾਨਾ ਤਾਕਤ ਦੀ ਕਮੀ ਜਾਂ ਮਰਦਾਨਾ ਕਮਜੋਰੀ ਹੋਣਾ ਇਕ ਗੰਭੀਰ ਸਮੱਸਿਆ ਹੈ। ਜਵਾਨੀ ਹੋਵੇ ਜਾਂ ਬੁਢਾਪਾ ਇਹ ਸਮੱਸਿਆ ਕਿਸੇ ਵੀ ਉਮਰ ਵਿਚ ਹੋ ਸਕਦੀ ਹੈ। ਜੋ ਨੌਜਵਾਨ ਵਿਆਹ ਤੋਂ ਪਹਿਲਾਂ ਜਾਂ ਬਾਅਦ ਕਿਸੇ ਵੀ ਤਰ੍ਹਾਂ ਦੀ ਸੈਕਸੂਅਲ ਕਮਜੋਰੀ ਤੋਂ ਪ੍ਰੇਸ਼ਾਨ ਹਨ ਅਤੇ ਜਿਹੜੇ ਬਜੁਰਗ ਵੀਰ ਵਧੇਰੇ ਉਮਰ ਕਾਰਨ ਜਾਂ ਸ਼ੂਗਰ ਕਾਰਨ ਮਰਦਮੀ ਤਾਕਤ ਦੀ ਕਮੀ ਮਹਿਸੂਸ ਕਰਦੇ ਹਨ ਤਾਂ ਇਹ ਖਾਸ ਖਬਰ ਜਰੂਰ ਧਿਆਨ ਨਾਲ ਪੜ੍ਹੋ। ਮਰਦਾਨਾ ਕਮਜੋਰੀ ( ) ਇਕ ਅਜਿਹੀ ਸਮੱਸਿਆ ਹੈ, ਜਿਸ ਨਾਲ ਅੱਜ ਦੁਨੀਆ ਭਰ ਦੇ ਕਰੋੜਾਂ ਲੋਕ ਜੂਝ ਰਹੇ ਹਨ। ਇਹ ਕਮਜੋਰੀ ਕਈ ਪ੍ਰਕਾਰ ਦੀ ਹੋ ਸਕਦੀ ਹੈ, ਜਿਵੇਂ ਸ਼ੀਘਰਪਤਨ (ਸਰੀਰਕ ਸੰਬੰਧ ਬਣਾਉਂਦੇ ਸਮੇਂ ਜਲਦੀ ਗਿਰ ਜਾਣਾ), ਨਸਾਂ ’ਚ ਢਿੱਲਾਪਣ (ਇਰੈਕਸ਼ਨ ਦੀ ਕਮੀ), ਧਾਂਤ ਰੋਗ (ਪਿਸ਼ਾਬ ਕਰਦੇ ਸਮੇਂ ਧਾਤੂ ਦਾ ਗਿਰਨਾ), ਸੁਪਨਦੋਸ਼ (ਰਾਤ ਨੂੰ ਸੁੱਤੇ ਹੋਏ ਆਪਣੇ-ਆਪ ਵੀਰਜ ਦਾ ਰਿਸਣਾ), ਮਰਦਾਨਾ ਕਮਜੋਰੀ (ਜੋਸ਼ ਤੇ ਸਟੈਮਿਨਾ ਦੀ ਕਮੀ), ਨਾਮਰਦੀ (ਸੰਭੋਗ ’ਚ ਰੁਚੀ ਨਾ ਰਹਿਣਾ) ਆਦਿ। ਇਨ੍ਹਾਂ ਸਭ ਸਮੱਸਿਆਵਾਂ ਦੇ ਪਿੱਛੇ ਦਾ ਕਾਰਨ ਨਸ਼ੇ, ਵਧੀਆ ਖੁਰਾਕ ਦੀ ਕਮੀ, ਅੱਜ ਦਾ ਗਲਤ ਲਾਈਫ ਸਟਾਈਲ, ਬਚਪਨ ’ਚ ਕੀਤੀਆਂ ਗਲਤੀਆਂ ਅਤੇ ਮਾਨਸਿਕ ਤਣਾਅ ਵੀ ਹੋ ਸਕਦਾ ਹੈ। ਆਪਣੀ ਖੁਰਾਕ ’ਚ ਸਹੀ ਪੌਸਟਿਕ ਤੱਤਾਂ ਨਾਲ ਭਰਪੂਰ ਭੋਜਨ ਸਾਮਲ ਕਰੋ, ਜਿਸ ਵਿੱਚ ਖਣਿਜ, ਵਿਟਾਮਿਨ, ਕਾਰਬੋਹਾਈਡਰੇਟ, ਚਰਬੀ, ਪ੍ਰੋਟੀਨ, ਫਾਈਬਰ ਵਰਗੇ ਪੌਸਟਿਕ ਤੱਤ ਮੌਜੂਦ ਹੋਣ ਤਾਂ ਜੋ ਤੁਹਾਡੇ ਸਰੀਰ ਵਿੱਚ ਪੌਸਟਿਕ ਤੱਤਾਂ ਦੀ ਕਮੀ ਕਾਰਨ ਤੁਹਾਨੂੰ ਮਰਦਾਨਾ ਕਮਜੋਰੀ ਮਹਿਸੂਸ ਨਾ ਹੋਵੇ ਅਤੇ ਤੁਸੀਂ ਆਪਣੀ ਫਰਟੀਲਿਟੀ ਨੂੰ ਮੈਨਟੇਨ ਰੱਖ ਸਕੋ। ਯੋਗ, ਪ੍ਰਾਣਾਯਾਮ, ਮੈਡੀਟੇਸ਼ਨ ਅਤੇ ਕੋਈ ਵੀ ਹਲਕੀ-ਫੁਲਕੀ ਐਕਸਰਸਾਈਜ ਨੂੰ ਆਪਣੇ ਜੀਵਨ ਦਾ ਅਨਿੱਖੜਵਾਂ ਅੰਗ ਬਣਾਓ। ਕਈ ਤਰ੍ਹਾਂ ਦੇ ਯੋਗ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਨ ਨਾਲ ਸਾਡੇ ਸਰੀਰ ’ਚ ਬਲੱਡ ਸਰਕੂਲੇਸ਼ਨ ਨਿਰਵਿਘਨ ਹੋ ਜਾਂਦਾ ਹੈ, ਜਿਸ ਦੇ ਕਾਰਨ ਮਰਦਾਂ ਵਿੱਚ ਫਰਟੀਲਿਟੀ ਤੋਂ ਉਭਰਿਆ ਜਾ ਸਕਦਾ ਹੈ। ਜੇਕਰ ਤੁਸੀਂ ਵੀ ਮਰਦਾਨਾ ਕਮਜੋਰੀ ਮਹਿਸੂਸ ਕਰ ਰਹੇ ਹੋ ਤਾਂ ਆਪਣੀ ਜੀਵਨ ਸ਼ੈਲੀ ਵਿੱਚ ਸੁਧਾਰ ਕਰੋ ਅਤੇ ਇਸ ਨੂੰ ਯੋਗ ਬਣਾਓ। ਸਿਗਰਟ, ਸਰਾਬ, ਤੰਬਾਕੂ ਅਤੇ ਨਸ਼ਿਆਂ ਦਾ ਸੇਵਨ ਕਰਨ ਤੋਂ ਸਦਾ ਲਈ ਬਚੋ। ਪੁਰਸ਼ਾਂ ਦੀਆਂ ਕਿਸੇ ਵੀ ਮਰਦਾਨਾ ਸਮੱਸਿਆਵਾਂ ਸੰਬੰਧੀ ਇਕ ਵਾਰ ਰੌਸ਼ਨ ਹੈਲਥ ਕੇਅਰ ਦੇ ਤਜਰਬੇਕਾਰ ਡਾਕਟਰਾਂ ਨਾਲ ਜਰੂਰ ਸਲਾਹ ਕਰੋ। ਦੋਸਤੋ! ਜੇਕਰ ਤੁਹਾਨੂੰ ਕਿਸੇ ਵੀ ਯੌਨ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਇਸ ਗੱਲ ਨੂੰ ਛੁਪਾਉਣਾ ਨਹੀਂ ਚਾਹੀਦਾ। ਇਸ ਦੇ ਨਾਲ ਹੀ ਸਮਾਜ ਦੇ ਡਰ ਅਤੇ ਸ਼ਰਮ ਨੂੰ ਛੱਡ ਕੇ ਆਪਣੇ ਜੀਵਨ ਸਾਥੀ ਨਾਲ ਆਪਣੀ ਇਹ ਸਮੱਸਿਆ ਸ਼ੇਅਰ ਕਰਨੀ ਚਾਹੀਦੀ ਹੈ। ਮਰਦਾਨਾ ਕਮਜੋਰੀ ਅਤੇ ਨਾਲ ਹੀ ਕੋਈ ਸੈਕਸ ਸਬੰਧੀ ਸਮੱਸਿਆਵਾਂ ਦਾ ਕੋਈ ਅਨੁਭਵ ਹੋ ਰਿਹਾ ਹੈ ਤਾਂ ਤੁਰੰਤ ਡਾਕਟਰ ਕੋਲ ਸਲਾਹ ਲਵੋ। ਅਸ਼ਵਗੰਦਾ, ਸਤਾਵਰੀ, ਸਾਲਮ ਮਿਸ਼ਰੀ, ਸਾਲਮ ਪੰਜਾ, ਸ਼ਿਲਾਜੀਤ, ਕੇਸਰ, ਕੌਂਚ ਬੀਜ, ਗੋਖਰੂ, ਬੀਜ ਬੰਦ, ਵਿਦਾਰੀਕੰਦ, ਅੰਬਰ, ਮੁਕਤਾ ਪਿਸ਼ਟੀ, ਵੰਗ ਭਸਮ, ਨਾਗ ਭਸਮ, ਲੋਹ ਭਸਮ, ਤ੍ਰਿਵੰਗ, ਰਜਤ ਭਸਮ, ਮਕਰਧਵੱਜ ਤੇ ਸਵਰਨ ਭਸਮ ਤੇ ਹੋਰ ਉੱਤਮ ਔਸ਼ਧੀਆਂ ਨੂੰ ਮਿਲਾ ਕੇ ਇਕ ਅਜਿਹੀ ਦਵਾਈ ਤਿਆਰ ਕੀਤੀ ਗਈ ਹੈ, ਜਿਸ ਦਾ ਸੇਵਨ ਕਰਨ ਤੋਂ ਬਾਅਦ ਤੁਸੀਂ ਪੁਰਾਣੀ ਤੋਂ ਪੁਰਾਣੀ ਧਾਂਤ, ਸਪਨਦੋਸ਼, ਵੀਰਜ ਦਾ ਪਤਲਾਪਣ, ਮਰਦਾਨਾ ਕਮਜੋਰੀ, ਸ਼ੀਘਰਪਤਨ, ਜੋਸ਼ ਦੀ ਘਾਟ, ਨਸਾਂ ਦਾ ਢਿੱਲਾਪਣ, ਸ਼ੁਕਰਾਣੂ ਸਮੱਸਿਆ ਤੇ ਮਰਦਾਂ ਦੇ ਹਰ ਤਰਾਂ ਦੇ ਗੁਪਤ ਰੋਗਾਂ ਨੂੰ ਹਮੇਸ਼ਾ ਲਈ ਜੜ੍ਹੋਂ ਖਤਮ ਕਰ ਸਕਦੇ ਹਾਂ। ਵਿਸ਼ਵਾਸ ਲਈ ਪਹਿਲਾਂ ਸਿਰਫ ਇਕ ਕੋਰਸ ਮੰਗਵਾ ਕੇ ਅਸਰ ਦੇਖੋ। ਪੁਰਾਣੀ ਕਹਾਵਤ ਹੈ ਕਿ “ਮਰਦ ਅਤੇ ਘੋੜਾ ਕਦੇ ਵੀ ਬੁੱਢੇ ਨਹੀਂ ਹੁੰਦੇ” ਜੇਕਰ ਵਧੀਆ ਖੁਰਾਕ ਮਿਲਦੀ ਰਹੇ। ਵਧੇਰੇ ਉਮਰ ਕਾਰਨ ਮਰਦਾਨਾ ਤਾਕਤ ਦਾ ਕਮਜੋਰ ਹੋਣਾ ਕੁਦਰਤੀ ਹੈ ਪਰ ਕੁਝ ਲੋਕਾਂ ’ਚ ਇਹ ਲੱਛਣ ਸਮੇਂ ਤੋਂ ਪਹਿਲਾਂ ਹੀ ਦਿਸਣ ਲੱਗ ਜਾਂਦੇ ਹਨ। ਅੱਜਕੱਲ 50 ਸਾਲ ਛੱਡੋ 30-40 ਸਾਲ ਦੇ ਨੌਜਵਾਨਾਂ ’ਚ ਵੀ ਮਰਦਾਨਾ ਕਮਜੋਰੀ ਆ ਰਹੀ ਹੈ। ਮਰਦਾਨਾ ਕਮਜੋਰੀ, ਸ਼ੀਘਰਪਤਨ ਅਤੇ ਨਸਾਂ ਦਾ ਢਿੱਲਾਪਣ ਭਾਵੇਂ ਵਧ ਰਹੀ ਉਮਰ ਕਾਰਨ, ਜ਼ਿਆਦਾ ਅੰਗਰੇਜੀ ਦਵਾਈਆਂ ਦੀ ਵਰਤੋਂ, ਘਰੇਲੂ ਤੇ ਕਾਰੋਬਾਰ ਟੈਨਸ਼ਨ, ਬੀ. ਪੀ. ਜਾਂ ਸ਼ੂਗਰ ਕਾਰਨ ਹੋਵੇ। ਉਮਰ ਭਾਵੇਂ 50 ਹੋਵੇ ਜਾਂ 60 ਸਾਲ ਬਜੁਰਗ ਵੀਰ ਇਕ ਵਾਰ ਜਰੂਰ ਸਾਡੇ ਆਯੁਰਵੈਦਿਕ ਨੁਸਖੇ ਦਾ ਸੇਵਨ ਕਰਨ, ਬੁਢਾਪੇ ’ਚ ਵੀ ਜਵਾਨੀ ਵਰਗਾ ਪੂਰਾ ਜੋਸ਼ ਤੇ ਭਰਪੂਰ ਆਨੰਦ ਪਾਓ। ਇਸ ਤੋਂ ਇਲਾਵਾ ਪੁਰਾਣੇ ਤੋਂ ਪੁਰਾਣਾ ਰੇਸ਼ਾ, ਨਜਲਾ-ਜੁਕਾਮ, ਖਾਂਸੀ, ਸਾਹ ਦੀ ਐਲਰਜੀ, ਦਮਾ-ਅਸਥਮਾ, ਬਵਾਸੀਰ, ਖੂਨੀ ਹੋਵੇ ਜਾਂ ਬਾਦੀ, ਮੌਕੇ ਨਿਕਲਣਾ, ਭਗੰਦਰ, ਔਰਤਾਂ ਦੇ ਰੋਗਾਂ- ਲੋਕੋਰੀਆ (ਸਫੈਦ ਪਾਣੀ), ਵਾਲਾਂ ਦਾ ਝੜਨਾ/ਸਫੈਦ ਹੋਣਾ, ਵਜਨ ਵਧਾਉਣ, ਚਮੜੀ ਰੋਗ, ਜੋੜਾਂ ਦੇ ਦਰਦ ਤੇ ਸ਼ੂਗਰ ਕਾਰਨ ਆਈ ਮਰਦਾਨਾ ਕਮਜੋਰੀ ਦਾ ਆਯੁਰਵੈਦਿਕ ਦੇਸੀ ਇਲਾਜ। ਘੱਟ ਸ਼ੁਕਰਾਣੂ ਸਮੱਸਿਆ ( ) ਵਾਲੇ ਮਰੀਜ ਇਕ ਵਾਰ ਜਰੂਰ ਸਲਾਹ ਲਵੋ। ਕਿਉਂਕਿ ਦੇਸ਼ਾਂ-ਵਿਦੇਸ਼ਾਂ ’ਚ ਬੈਠੇ ਹਜਾਰਾਂ ਨਿਰਾਸ਼ ਰੋਗੀ ਇਨ੍ਹਾਂ ਦੀਆਂ ਦੇਸੀ ਦਵਾਈਆਂ ਦਾ ਸੇਵਨ ਕਰਕੇ ਆਪਣੇ ਵਿਆਹੁਤਾ ਜੀਵਨ ਦਾ ਭਰਪੂਰ ਆਨੰਦ ਲੈ ਰਹੇ ਹਨ। ਜੇ ਤੁਸੀਂ ਵੀ ਮਰਦਾਨਾ ਸਮੱਸਿਆਵਾਂ ਤੋਂ ਪ੍ਰੇਸ਼ਾਨ ਹੋ ਅਤੇ ਹਰ ਥਾਂ ਤੋਂ ਇਲਾਜ ਕਰਵਾ ਕੇ ਨਿਰਾਸ਼ ਹੋ ਚੁੱਕੇ ਹੋ ਤਾਂ ਇਕ ਵਾਰ ‘ਰੌਸ਼ਨ ਹੈਲਥ ਕੇਅਰ’ ਰੇਲਵੇ ਰੋਡ, ਜਲੰਧਰ ਸ਼ਹਿਰ (ਪੰਜਾਬ) ਨਾਲ ਜਰੂਰ ਸੰਪਰਕ ਕਰੋ। ਤੁਹਾਡੀ ਕਮਜੋਰੀ, ਉਮਰ ਤੇ ਰੋਗ ਮੁਤਾਬਕ ਇਕ ਅਜਿਹੀ ਆਯੁਰਵੈਦਿਕ ਦਵਾਈ ਬਣਾ ਕੇ ਦੇਵਾਂਗੇ, ਜਿਸ ਦਾ ਇਸੇਤਮਾਲ ਕਰਨ ਤੋਂ ਬਾਅਦ ਤੁਸੀਂ ਆਪਣੀ ਮਰਦਾਨਾ ਕਮਜੋਰੀ ਨੂੰ ਭੁੱਲ ਜਾਓਗੇ। ਇਕ ਵਾਰ ਸਾਡੇ ਕੁਆਲੀਫਾਈਡ ਤੇ ਤਜਰਬੇਕਾਰ (ਆਯੁਰਵੇਦ ਆਚਾਰੀਆ) ਡਾਕਟਰਾਂ ਤੋਂ ਜਰੂਰ ਮੁਫਤ ਸਲਾਹ ਲਵੋ।

## ਰਾਜਪੁਰਾ ਪੁਲਸ ਵੱਲੋਂ ਇਕ ਲੱਖ ਨਸੀਲੀਆਂ ਗੋਲੀਆਂ ਬਰਾਮਦ

ਪਟਿਆਲ 23 ਜੂਨ। ਥਾਣਾ ਸਦਰ ਰਾਜਪੁਰਾ ਦੇ ਐੱਸ.ਐੱਚ.ਓ. ਇੰਸਪੈਕਟਰ ਕਿਰਪਾਲ ਸਿੰਘ ਮੋਹੀ (ਸਟੇਟ ਐਵਾਰਡੀ) ਅਤੇ ਟੀਮ ਨੇ ਰਾਜਪੁਰਾ ਦੇ ਡੀ.ਐੱਸ.ਪੀ. ਬਿਕਰਮਜੀਤ ਬਰਾੜ (ਰਾਸਟਰਪਤੀ ਐਵਾਰਡੀ) ਦੀ ਅਗਵਾਈ ਹੇਠਾਂ ਅਮਲ ’ਚ ਲਿਆਂਦੀ ਗਈ ਇਕ ਵੱਡੀ ਕਾਰਵਾਈ ਦੌਰਾਨ ਤਕਰੀਬਨ ਸਵਾ ਲੱਖ ਨਸੀਲੀਆਂ ਗੋਲੀਆਂ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਅੱਜ ਇੱਥੇ ਪੁਲਸ ਲਾਈਨ ਪਟਿਆਲਾ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਜਮਾਂ ਦਾ ਪੁਲਸ ਰਿਮਾਂਡ ਲੈ ਕੇ ਪੁਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਨਸੀਲੀਆਂ ਗੋਲੀਆਂ ਦੀ ਇਹ ਖੇਪ ਉਹ ਕਿੱਥੋਂ ਲੈ ਕੇ ਆਏ ਹਨ ਅਤੇ ਇਸਦੀ ਸਪਲਾਈ ਕਿਥੋਂ ਕੀਤੀ ਜਾਣੀ ਸੀ।

## ਸੋਨੂੰ ਸ਼ਾਹ ਕਤਲਕਾਂਡ ’ਚ ਫਰਾਰ ਧਰਮਿੰਦਰ ਨੇ ਲਾਈ ਅਗਾਊਂ ਜਮਾਨਤ ਪਟੀਸ਼ਨ

ਚੰਡੀਗੜ੍ਹ 23 ਜੂਨ। ਸੋਨੂੰ ਸ਼ਾਹ ਅਤੇ ਸੈਕਟਰ-25 ’ਚ ਅਜੈ ਕਤਲਕਾਂਡ ’ਚ ਮੁਲਜ਼ਮ ਧਰਮਿੰਦਰ ਨੇ ਜ਼ਿਲ੍ਹਾ ਅਦਾਲਤ ’ਚ ਅਗਾਊਂ ਜਮਾਨਤ ਪਟੀਸ਼ਨ ਦਾਇਰ ਕੀਤੀ ਹੈ। ਉਸ ਨੇ ਖੁਦ ਨੂੰ ਬੇਗੁਨਾਹ ਦੱਸਦੇ ਹੋਏ ਕਿਹਾ ਹੈ ਕਿ ਉਸ ’ਤੇ ਝੂਠਾ ਕੇਸ ਦਰਜ ਕੀਤਾ ਗਿਆ ਹੈ। ਦੱਸ ਦੇਈਏ ਕਿ ਸੈਕਟਰ-45 ਬੁੜੈਲ ’ਚ ਸੋਨੂੰ ਸਾਹ ਕਤਲਕਾਂਡ ’ਚ ਸਮੂਲੀਅਤ ਤੋਂ ਬਾਅਦ ਸੁਰਖੀਆਂ ’ਚ ਆਇਆ ਧਰਮਿੰਦਰ ਬੀਤੇ ਸਾਲ ਅਜੈ ਕੁਮਾਰ ਕਤਲਕਾਂਡ ਵਿਚ ਵੀ ਸ਼ਾਮਲ ਰਿਹਾ। ਮਾਮਲੇ ਤਹਿਤ ਕੁੱਝ ਨੌਜਵਾਨਾਂ ਨੇ ਮਿਲ ਕੇ ਸੈਕਟਰ-25 ਦੇ ਅਜੈ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਸੀ। ਵਾਰਦਾਤ ’ਚ ਧਰਮਿੰਦਰ ਵੀ ਸ਼ਾਮਲ ਸੀ, ਜੋ ਫਰਾਰ ਹੈ। ਉਸ ਖ਼ਿਲਾਫ ਗੈਰ ਜਮਾਨਤੀ ਵਾਰੰਟ ਜਾਰੀ ਕਰ ਦਿੱਤੇ ਗਏ ਸੀ। ਹੁਣ ਅਦਾਲਤ ਨੇ ਭਗੌੜਾ ਐਲਾਨ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

## ਹਥਿਆਰਾਂ ਦੀ ਤਸਕਰੀ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼, 10 ਪਿਸਤੌਲ ਤੇ 1 ਰਾਈਫਲ ਸਣੇ 7 ਗ੍ਰਿਫਤਾਰ

ਅੰਮ੍ਰਿਤਸਰ 23 ਜੂਨ। ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਨੇ ਆਸਟ੍ਰੇਲੀਆ ਦੇ ਇਕ ਵਿਅਕਤੀ ਦੇ ਨਿਰਦੇਸ਼ਾਂ ’ਤੇ ਜੇਲ੍ਹ ’ਚ ਬੰਦ ਇਕ ਕੈਦੀ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਇਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਹ ਪੂਰਾ ਗਿਰੋਹ ਆਸਟ੍ਰੇਲੀਆ ਰਹਿੰਦੇ ਰਿਤਿਕ ਰੈਲੀ ਅਤੇ ਇੱਥੇ ਜੇਲ੍ਹ ਵਿਚ ਬੰਦ ਕੈਦੀ ਕੁਨਾਲ ਮਹਾਜਨ ਦੇ ਇਸ਼ਾਰੇ ’ਤੇ ਕਈ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਸੀ। ਕਮਿਸ਼ਨਰੇਟ ਪੁਲਸ ਅਨੁਸਾਰ ਇਸ ਗਿਰੋਹ ਦੇ 7 ਮੁਲਜਮਾਂ ਨੂੰ ਦਬੋਚ ਲਿਆ ਗਿਆ ਹੈ। ਫੜੇ ਗਏ ਵਿਅਕਤੀਆਂ ਦੀ ਪਛਾਣ ਜਸਨਦੀਪ ਸਿੰਘ ਉਰਫ ਛਿੱਲਰ (19) ਅਤੇ ਕਰਨਦੀਪ ਸਿੰਘ ਉਰਫ ਕਰਨਜੀਤ ਉਰਫ ਢਾਨੀ (21) ਦੋਵੇਂ ਵਾਸੀ ਗੁਰੂ ਕੀ ਵਡਾਲੀ ਅੰਮ੍ਰਿਤਸਰ, ਸਰਨਜੀਤ ਸਿੰਘ ਉਰਫ ਸੰਨੀ (24) ਵਾਸੀ ਪਿੰਡ ਬੀਹਲਾ, ਦੀਪਕ ਕੁਮਾਰ ਉਰਫ ਤਰਨਤਾਰਨ, ਦੀਪੂ (24) ਤਰਨਤਾਰਨ ਦੇ ਚੋਹਲਾ ਸਾਹਿਬ, ਸੰਦੀਪ ਸਿੰਘ ਉਰਫ ਕਾਕਾ (26) ਅੰਮ੍ਰਿਤਸਰ ਅਤੇ ਨਰਿੰਦਰ ਸਿੰਘ ਉਰਫ ਸੋਨੂੰ ਉਰਫ ਸੋਨੀ (30) ਤਰਨਤਾਰਨ ਦੇ ਪਿੰਡ ਹੋਠੀਆਂ ਵਜੋਂ ਹੋਈ ਹੈ।



ਪੁਲਸ ਕਮਿਸ਼ਨਰ ਗੁਰਪ੍ਰੀਤ ਭੁੱਲਰ ਨੇ ਦੱਸਿਆ ਕਿ ਪੁਲਸ ਨੇ 32 ਬੋਰ ਦੇ 10 ਪਿਸਤੌਲਾਂ ਸਮੇਤ 10 ਮੈਗਜੀਨ ਅਤੇ 15 ਜ਼ਿੰਦਾ ਕਾਰਤੂਸ ਅਤੇ ਇਕ 12 ਬੋਰ ਦੀ ਡੀ.ਬੀ.ਬੀ.ਐੱਲ. ਰਾਈਫਲ ਸਮੇਤ 11 ਹਥਿਆਰ ਬਰਾਮਦ ਕੀਤੇ ਹਨ, ਇਸ ਤੋਂ ਇਲਾਵਾ ਉਨ੍ਹਾਂ ਦੀ ਮਾਰੂਤੀ ਸਵਿਫਟ ਕਾਰ ਨੂੰ ਵੀ ਬਰਾਮਦ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੱਧ ਪ੍ਰਦੇਸ ਤੋਂ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਖੇਤਰ ਵਿਚ ਅਪਰਾਧਿਕ ਅਨਸਰਾਂ ਨੂੰ ਸਪਲਾਈ ਕਰਨ ਲਈ ਗੈਰ-ਕਾਨੂੰਨੀ ਹਥਿਆਰਾਂ ਦੀ ਸਮੱਗਲਿੰਗ ਕੀਤੇ ਜਾਣ ਦੀ ਗੁਪਤ ਸੂਚਨਾ ’ਤੇ ਤੇਜੀ ਨਾਲ ਕਾਰਵਾਈ ਕਰਦੇ ਹੋਏ ਅੰਮ੍ਰਿਤਸਰ ਕਮਿਸਨਰੇਟ ਦੀਆਂ ਪੁਲਸ ਟੀਮਾਂ ਨੇ ਇਕ ਵਿਸੇਸ ਮੁਹਿੰਮ ਚਲਾਈ ਅਤੇ ਵੱਖ-ਵੱਖ ਥਾਵਾਂ ਤੋਂ 7 ਮੁਲਜਮਾਂ ਨੂੰ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਫੜੇ ਗਏ ਮੁਲਜਮਾਂ ਨੇ ਖੁਲਾਸਾ ਕੀਤਾ ਹੈ ਕਿ ਉਹ ਆਸਟ੍ਰੇਲੀਆ ਸਥਿਤ ਰਿਤਿਕ ਰੈਲੀ ਅਤੇ ਜੇਲ੍ਹ ਦੇ ਕੈਦੀ ਕੁਨਾਲ ਮਹਾਜਨ ਦੇ ਨਿਰਦੇਸਾਂ ’ਤੇ ਮੱਧ ਪ੍ਰਦੇਸ ਤੋਂ ਹਥਿਆਰਾਂ ਦੀ ਸਮੱਗਲਿੰਗ ਕਰ ਰਹੇ ਸਨ ਤਾਂ ਜੋ ਅਪਰਾਧਿਕ ਗਤੀਵਿਧੀਆਂ ਲਈ ਅੱਗੇ ਸਪਲਾਈ ਕੀਤੀ ਜਾ ਸਕੇ। ਇਸ ਮਾਮਲੇ ‘ਚ ਇਕ ਸੱਕੀ ਯੂ.ਐੱਸ. ਬੇਸਡ ਹੈਂਡਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

## ਬਿਆਸ ਪਿੰਡ ਨੇੜਿਓਂ ਨਾਬਾਲਗ ਕੁੜੀ ਦੀ ਮਿਲੀ ਲਾਸ, ਫੈਲੀ ਸਨਸਨੀ

ਕਿਸਨਗੜ੍ਹ/ਅਲਾਵਲਪੁਰ 23 ਜੂਨ। ਜਲੰਧਰ-ਪਠਾਨਕੋਟ ਰਾਸਟਰੀ ਰਾਜ ਮਾਰਗ ’ਤੇ ਸਥਿਤ ਅੱਡਾ ਬਿਆਸ ਪਿੰਡ ਨੇੜੇ ਬੀਤੇ ਦਿਨ ਇਕ ਢਾਬੇ ਕੋਲੋਂ ਇਕ ਨਾਬਾਲਗ ਕੁੜੀ ਦੀ ਲਾਸ਼ ਬਰਾਮਦ ਕੀਤੀ ਗਈ। ਇਸ ਸਬੰਧੀ ਅਲਾਵਲਪੁਰ ਪੁਲਸ ਚੌਂਕੀ ਦੇ ਇੰਚਾਰਜ ਏ. ਐੱਸ. ਆਈ. ਰਜਿੰਦਰ ਕੁਮਾਰ ਸਰਮਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਬਿਆਸ ਪਿੰਡ ਨੇੜੇ ਇਕ ਢਾਬੇ ਕੋਲ ਕੰਬਲ ’ਚ ਲਪੇਟ ਕਿ ਰੱਸੀ ਨਾਲ ਬੰਨ੍ਹੀ ਹੋਈ ਇਕ ਲਾਸ ਪਈ ਹੈ। ਸੂਚਨਾ ਮਿਲਣ ’ਤੇ ਉਨ੍ਹਾਂ ਪੁਲਸ ਪਾਰਟੀ ਸਮੇਤ ਮੌਕੇ ’ਤੇ ਜਾ ਕੇ ਵੇਖਿਆ ਤਾਂ ਕਰੀਬ 12 ਕੁ ਸਾਲ ਦੀ ਨਾਬਾਲਗ ਕੁੜੀ, ਜਿਸ ਦੀ ਲਾਸ ਕੰਬਲ ’ਚ ਲਪੇਟ ਕੇ ਰੱਸੀ ਨਾਲ ਬੰਨ੍ਹੀ ਹੋਈ ਸੀ। ਮੌਕੇ ’ਤੇ ਮ੍ਰਿਤਕ ਲੜਕੀ ਦੀ ਪਛਾਣ ਨਾ ਹੋਣ ਦੀ ਸੂਰਤ ’ਚ ਅਲਾਵਲਪੁਰ ਪੁਲਸ ਪਾਰਟੀ ਨੇ ਨਜਦੀਕੀ ਪਿੰਡਾਂ ਦੇ ਲੋਕਾਂ ਨੂੰ ਸੱਦ ਕੇ ਮ੍ਰਿਤਕ ਲੜਕੀ ਦੀ ਪਛਾਣ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਮੌਕੇ ’ਤੇ ਪਛਾਣ ਨਾ ਹੋਣ ਕਰਕੇ ਲਾਸ ਨੂੰ ਸਨਾਖਤ ਵਾਸਤੇ 72 ਘੰਟੇ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ। ਘਟਨਾ ਸਥਾਨ ’ਤੇ ਜਿਸ ਤਰੀਕੇ ਨਾਲ ਕੁੜੀ ਦੀ ਲਾਸ ਨੂੰ ਕੰਬਲ ’ਚ ਲਪੇਟ ਕੇ ਰੱਸੀ ਨਾਲ ਬੰਨ੍ਹ ਕੇ ਸੁੱਟਿਆ ਗਿਆ ਹੈ, ਉਸ ਤੋਂ ਇਹ ਪ੍ਰਤੀਤ ਹੁੰਦਾ ਹੈ ਇਹ ਕਤਲ ਦਾ ਮਾਮਲਾ ਹੋਵੇ, ਜਦ ਇਸ ਸਬੰਧੀ ਚੌਕੀ ਇੰਚਾਰਜ ਰਜਿੰਦਰ ਕੁਮਾਰ ਸਰਮਾ ਦਾ ਪੱਖ ਜਾਣਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਸਾਰਾ ਮਾਮਲਾ ਸਾਫ ਹੋਵੇਗਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

## ਨਾਬਾਲਗ ਵਿਦਿਆਰਥਣ ਨਾਲ ਜਬਰ-ਜਿਨਾਹ ਕਰਨ ਦੇ ਦੋਸ ’ਚ ਮਦਰੱਸਾ ਮੌਲਵੀ ਗ੍ਰਿਫਤਾਰ

ਗੁਰਦਾਸਪੁਰ/ਪਾਕਿਸਤਾਨ 23 ਜੂਨ। ਪਾਕਿਸਤਾਨੇ ਦੇ ਪੰਜਾਬ ਸੂਬੇ ਦੇ ਕਿਲ੍ਹਾ ਸੌਂਧਾ ਸਿੰਘ ਵਿਚ ਇਕ ਮੌਲਵੀ ਨੂੰ ਆਪਣੀ ਨਾਬਾਲਗ ਵਿਦਿਆਰਥਣ ਨਾਲ ਜਬਰ-ਜ਼ਿਨਾਹ ਕਰਨ ਦੇ ਦੋਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਸਰਹੱਦ ਪਾਰਲੇ ਸੂਤਰਾਂ ਅਨੁਸਾਰ ਕਿਲ੍ਹਾ ਸੌਂਧਾ ਸਿੰਘ ਦੀ ਇੱਕ ਮਸਜਿਦ ਵਿੱਚ ਬੱਚਿਆਂ ਨੂੰ ਕੁਰਾਨ ਪੜ੍ਹਾਉਣਾ ਸਿਖਾ ਰਹੇ ਕਾਰੀ ਇਕਰਾਮ ਨੇ ਆਪਣੀ ਨਾਬਾਲਗ ਵਿਦਿਆਰਥਣ ਨੂੰ ਮਸਜਿਦ ਦੇ ਅੰਦਰ ਇੱਕ ਕਮਰੇ ਵਿੱਚ ਲਿਜਾ ਕੇ ਉਸ ਨਾਲ ਬਲਾਤਕਾਰ ਕੀਤਾ। ਪੀੜਤਾ ਨੇ ਆਪਣੇ ਨਾਲ ਵਾਪਰੀ ਘਟਨਾ ਦੀ ਜਾਣਕਾਰੀ ਆਪਣੇ ਪਰਿਵਾਰ ਵਾਲਿਆਂ ਨੂੰ ਦਿੱਤੀ। ਜਿਸ ’ਤੇ ਪਰਿਵਾਰਕ ਮੈਂਬਰਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਅਤੇ ਹੁਜਰਾ ਸਾਹ ਮੁਕੀਮ ਪੁਲਸ ਨੇ ਤੁਰੰਤ ਦੋਸੀ ਸਜਾਦ ਅਲੀ ਨੂੰ ਗ੍ਰਿਫਤਾਰ ਕਰ ਲਿਆ।

## ਥਾਣੇ ਦੀ ਚੈਕਿੰਗ ਦੌਰਾਨ ਸਹਾਇਕ ਥਾਣੇਦਾਰ ਮੁਅੱਤਲ

ਜੋਗਾ 23 ਜੂਨ। ਪੰਜਾਬ ਪੁਲਸ ਦੇ ਡੀ. ਆਈ. ਜੀ. (ਵਿਜੀਲੈਂਸ ਅਤੇ ਐੱਨ. ਆਰ. ਆਈ.) ਡਾ. ਨਰਿੰਦਰ ਭਾਰਗਵ ਵੱਲੋਂ ਅਚਨਚੇਤ ਥਾਣਾ ਜੋਗਾ ਦੀ ਚੈਕਿੰਗ ਕਰਦਿਆਂ ਸਹਾਇਕ ਥਾਣੇਦਾਰ (ਏ. ਐੱਸ. ਆਈ.) ਦਲੇਲ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਦੱਸਿਆ ਗਿਆ ਹੈ ਕਿ ਡੀ. ਆਈ. ਜੀ. ਡਾ. ਨਰਿੰਦਰ ਭਾਰਗਵ ਵੱਲੋਂ ਅਚਾਨਕ ਥਾਣਾ ਦਾ ਨਿਰੀਖਣ ਕੀਤਾ ਗਿਆ। ਇਸ ਦੌਰਾਨ ਏ. ਐੱਸ. ਆਈ. ਡਿਊਟੀ ਦੌਰਾਨ ਹਾਜ਼ਰ ਨਹੀਂ ਪਾਇਆ ਗਿਆ, ਜਦੋਂ ਕਿ ਆਮ ਪਬਲਿਕ ਥਾਣੇ ਵਿਚ ਕੰਮਾਂ-ਕਾਰਾਂ ਲਈ ਹਾਜ਼ਰ ਸਨ। ਲੋਕਾਂ ਨੇ ਸੀਨੀਅਰ ਪੁਲਸ ਅਧਿਕਾਰੀ ਨੂੰ ਆਪਣੀਆਂ ਤਕਲੀਫਾਂ ਤੋਂ ਜਾਣੂੰ ਕਰਵਾਉਂਦਿਆਂ ਹਾਜ਼ਰ ਡਿਊਟੀ ਮੁਲਾਜ਼ਮ ਦੇ ਮੌਜੂਦ ਨਾ ਹੋਣ ਦੀ ਸ਼ਿਕਾਇਤ ਕੀਤੀ

## ਫਗਵਾੜਾ ਬਾਈਪਾਸ ’ਤੇ ਮੋਟਰਸਾਈਕਲ ਸਵਾਰ 5 ਅਣਪਛਾਤਿਆਂ ਨੇ ਵਿਅਕਤੀ ਨੂੰ ਲੁੱਟਿਆ

ਫਗਵਾੜਾ 23 ਜੂਨ। ਫਗਵਾੜਾ-ਚੰਡੀਗੜ੍ਹ ਬਾਈਪਾਸ ’ਤੇ ਪਿੰਡ ਮੇਹਟਾਂ ਨੇੜੇ ਮੋਟਰਸਾਈਕਲ ’ਤੇ ਸਵਾਰ ਜਲੰਧਰ ਤੋਂ ਅੰਬਾਲਾ ਆਪਣੇ ਘਰ ਜਾ ਰਹੇ ਇਕ ਨੌਜਵਾਨ ਨੂੰ 3 ਮੋਟਰਸਾਈਕਲਾਂ ’ਤੇ ਆਏ 5 ਅਣਪਛਾਤੇ ਲੁਟੇਰਿਆਂ ਵੱਲੋਂ ਫਿਲਮੀ ਸਟਾਈਲ ’ਚ ਉਸ ਦੀ ਸੜਕ ’ਤੇ ਕੁੱਟ-ਮਾਰ ਕਰਦੇ ਹੋਏ ਉਸ ਦਾ ਮੋਟਰਸਾਈਕਲ, ਪਰਸ, ਮੋਬਾਈਲ ਅਤੇ ਹੋਰ ਕੀਮਤੀ ਸਾਮਾਨ ਲੁੱਟਣ ਦੀ ਸਨਸਨੀਖੇਜ ਸੂਚਨਾ ਮਿਲੀ ਹੈ। ਜਾਣਕਾਰੀ ਅਨੁਸਾਰ ਮਨੀਸ ਪੁੱਤਰ ਰਾਜੇਸ ਸਰਮਾ ਵਾਸੀ ਕ੍ਰਿਸਨਾ ਕਾਲੋਨੀ ਨੇੜੇ ਸਿਵਲ ਹਸਪਤਾਲ ਨਰਾਇਣਗੜ੍ਹ ਅੰਬਾਲਾ, ਹਰਿਆਣਾ ਨੇ ਥਾਣਾ ਸਦਰ ਫਗਵਾੜਾ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ’ਚ ਖੁਲਾਸਾ ਕੀਤਾ ਹੈ ਕਿ 3 ਮੋਟਰਸਾਈਕਲਾਂ ’ਤੇ ਸਵਾਰ 5 ਅਣਪਛਾਤੇ ਲੁਟੇਰਿਆਂ ਨੇ ਉਸ ਦੀ ਸੜਕ ’ਤੇ ਕੁੱਟ-ਮਾਰ ਕਰਦੇ ਹੋਏ ਉਸ ਨਾਲ ਲੁੱਟ-ਖੋਹ ਕੀਤੀ ਹੈ। ਘਟਨਾ ਤੋਂ ਬਾਅਦ ਮੁਲਜਮ ਲੁਟੇਰੇ ਮੌਕੇ ਤੋਂ ਫਰਾਰ ਹੋ ਗਏ ਹਨ। ਥਾਣਾ ਸਦਰ ਫਗਵਾੜਾ ਦੀ ਪੁਲਸ ਨੇ ਇਸ ਮਾਮਲੇ ਦੇ ਸਬੰਧ ’ਚ 5 ਅਣਪਛਾਤੇ ਲੁਟੇਰਿਆਂ ਖਿਲਾਫ ਧਾਰਾ 379 ਬੀ ਤਹਿਤ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਖਬਰ ਲਿਖੇ ਜਾਣ ਤੱਕ ਪੁਲਸ ਲੁਟੇਰਿਆਂ ਦੀ ਪਛਾਣ ਨਹੀਂ ਕਰ ਸਕੀ ਹੈ ਅਤੇ ਨਾ ਹੀ ਪੁਲਸ ਨੂੰ ਇਸ ਮਾਮਲੇ ’ਚ ਕੋਈ ਮਹੱਤਵਪੂਰਨ ਲੀਡਸ ਆਦਿ ਮਿਲੀਆਂ ਹਨ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮਾਮਲਾ ਲੋਕਾਂ ’ਚ ਭਾਰੀ ਚਰਚਾ ਦਾ ਵਿਸਾ ਬਣਿਆ ਹੋਇਆ ਹੈ।

## ਡੋਲੀ ਲੈ ਕੇ ਆ ਰਹੇ ਪਰਿਵਾਰ ਨਾਲ ਵਾਪਰਿਆ ਹਾਦਸਾ

ਖੰਨਾ 23 ਜੂਨ। ਖੰਨਾ ਦੇ ਸਮਰਾਲਾ ਰੋਡ ‘ਤੇ ਬੁੱਧਵਾਰ ਨੂੰ ਉਸ ਵੇਲੇ ਵੱਡਾ ਹਾਦਸਾ ਵਾਪਰ ਗਿਆ, ਜਦੋਂ ਡੋਲੀ ਲੈ ਕੇ ਆ ਰਿਹਾ ਪਰਿਵਾਰ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਹਾਦਸੇ ਦੌਰਾਨ ਲਾੜੇ ਦੇ ਪਿਤਾ ਅਤੇ ਭਰਾ ਸਮੇਤ 5 ਲੋਕ ਜਖਮੀ ਹੋ ਗਏ। ਫਿਲਹਾਲ ਲਾੜੇ ਦੇ ਪਿਤਾ ਨੂੰ ਖੰਨਾ ਤੋਂ ਚੰਡੀਗੜ੍ਹ ਰੈਫਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਇਹ ਹਾਦਸਾ ਉਸ ਵੇਲੇ ਵਾਪਰਿਆ, ਜਦੋਂ ਬਰਾਤ ਡੋਲੀ ਲੈ ਕੇ ਵਾਪਸ ਪਰਤ ਰਹੀ ਸੀ। ਇਹ ਬਰਾਤ ਖੰਨਾ ਤੋਂ ਸ੍ਰੀ ਮਾਛੀਵਾੜਾ ਸਾਹਿਬ ਗਈ ਸੀ। ਬਰਾਤ ਸ਼ਾਮ ਨੂੰ ਡੋਲੀ ਲੈ ਕੇ ਵਾਪਸ ਆ ਰਹੀ ਸੀ ਕਿ ਸਮਰਾਲਾ ਰੋਡ ‘ਤੇ ਰੋਹਾਣ ਮੰਡੀ ਸਾਹਮਣਿਓਂ ਆ ਰਹੇ ਟਰੱਕ ਨਾਲ ਕਾਰ ਦੀ ਟੱਕਰ ਹੋ ਗਈ। ਲਾੜਾ-ਲਾੜੀ ਦੀ ਕਾਰ ਅੱਗੇ ਸੀ, ਜਦੋਂ ਕਿ ਪਿੱਛੇ ਲਾੜੇ ਦਾ ਪਿਤਾ, ਭਰਾ ਅਤੇ ਹੋਰ ਰਿਸ਼ਤੇਦਾਰ ਸਨ ਦੂਜੀ ਕਾਰ ‘ਚ ਸਨ, ਜੋ ਕਿ ਸਾਰੇ ਜਖਮੀ ਹੋ ਗਏ। ਉਨ੍ਹਾਂ ਨੂੰ ਤੁਰੰਤ ਹਸਪਤਾਲ ਦਾਖਲ ਕਰਾਇਆ ਗਿਆ। ਦੱਸਣਯੋਗ ਹੈ ਕਿ ਹਾਦਸੇ ‘ਚ ਜਖਮੀ ਹੋਏ ਲਾੜੇ ਦੇ ਭਰਾ ਦਾ ਅਜੇ 2 ਦਿਨ ਪਹਿਲਾਂ ਹੀ ਵਿਆਹ ਹੋਇਆ ਸੀ ਅਤੇ ਬੁੱਧਵਾਰ ਨੂੰ ਛੋਟੇ ਭਰਾ ਦਾ ਵਿਆਹ ਸੀ। ਹਾਦਸੇ ਤੋਂ ਬਾਅਦ ਵਿਆਹ ਦੀਆਂ ਖੁਸ਼ੀਆਂ ਫਿੱਕੀਆਂ ਪੈ ਗਈਆਂ ਕਿਉਂਕਿ ਲਾੜੇ ਦੇ ਪਿਤਾ ਅਤੇ ਵੱਡੇ ਭਰਾ ਨੂੰ ਕਾਫੀ ਸੱਟਾਂ ਲੱਗੀਆਂ ਹਨ। ਲਾੜੇ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਨੂੰ ਪਤਾ ਨਹੀਂ ਲੱਗਿਆ ਕਿ ਕਦੋਂ ਅੱਗਿਓਂ ਟਰੱਕ ਨੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਦਿੱਤੀ

## ਪੰਜਾਬ ’ਚ ਰਿਕਾਰਡ ਬਿਜਲੀ ਦੀ ਮੰਗ, ਥਰਮਲਾਂ ਦੇ ਪੰਜ ਯੂਨਿਟ ਬੰਦ

ਪਟਿਆਲਾ 23 ਜੂਨ। ਪੰਜਾਬ ਵਿਚ ਰਿਕਾਰਡ ਮੰਗ ਵਿਚਾਲੇ ਵੱਖ ਵੱਖ ਥਰਮਲ ਪਲਾਂਟਾਂ ਦੇ ਪੰਜ ਯੂਨਿਟ ਬੰਦ ਪੈ ਗਏ ਹਨ। ਇਸ ਨਾਲ 2050 ਮੇਗਾਵਾਟ ਬਿਜਲੀ ਉਤਪਾਦਨ ਠੱਪ ਪੈ ਗਈ ਹੈ। ਇਸ ਦੇ ਚੱਲਗਦੇ ਪਾਵਰਕਾਮ ਨੂੰ ਵੱਧ ਰਹੀ ਮੰਗ ਤੇ ਆਉਣ ਵਾਲੇ ਗਰਮੀ ਤੇ ਝੋਨੇ ਦੇ ਸੀਜਨ ਲਈ ਬੈਂਕਿੰਗ ਸਿਸਟਮ ਦੇ ਤਹਿਤ ਬਿਜਲੀ ਜਮਾਂ ਕਰਨ ਲਈ ਬਾਹਰ ਤੋਂ ਖਰੀਦ ਕਰਨੀ ਪੈ ਰਹੀ ਹੈ। ਪ੍ਰਾਪਤ ਅੰਕੜਿਆਂ ਮੁਤਾਬਕ ਪਾਵਰਕਾਮ ਨੇ ਲਗਭਗ 70 ਕਰੋੜ ਦੀ ਬਿਜਲੀ ਇਕ ਦਿਨ ਵਿਚ ਹੀ ਖਰੀਦੀ ਹੈ। ਇਸ ਨਾਲ ਪਾਵਰਕਾਮ ਲਈ ਆਰਥਿਕ ਬੋਝ ਵੱਧ ਸਕਦਾ ਹੈ। ਪੰਜਾਬ ਵਿਚ ਬਿਜਲੀ ਮੰਗ ਲਗਾਤਾਰ ਵੱਧ ਰਹੀ ਹੈ। ਸ਼ੁਕਵਾਰ ਨੂੰ ਪੰਜਾਬ



ਵਿਚ ਬਿਜਲੀ ਦੀ ਮੰਗ ਬੀਤੇ ਦੋ ਸਾਲਾਂ ਤੋਂ ਇਸੇ ਦਿਨ ਰਿਕਾਰਡ ਕੀਤੀ ਗਈ ਮੰਗ ਦੇ ਮੁਕਾਬਲੇ ਕਾਫੀ ਜ਼ਿਆਦਾ ਰਹੀ। ਮੰਨਿਆ ਜਾ ਰਿਹਾ ਹੈ ਕਿ 300 ਯੂਨਿਟ ਮੁਫਤ ਹੋਣ ਦੇ ਚੱਲਦੇ ਸਰਦੀਆਂ ਵਿਚ ਡਿਮਾਂਡ ਲਗਾਤਾਰ ਵੱਧ ਰਹੀ ਹੈ। ਅੰਕੜਿਆਂ ਮੁਤਾਬਕ ਪਿਛਲੇ ਤਿੰਨ ਸਾਲਾਂ ਵਿਚ 9 ਫਰਵਰੀ ਵਾਲੇ ਦਿਨ ਦੀ ਮੰਗ 2022 ਵਿਚ 6532 ਮੇਗਾਵਾਟ, 2023 ਵਿਚ 8153 ਮੇਗਾਵਾਟ ਜਦਕਿ 2024 ਵਿਚ 8713 ਮੇਗਾਵਾਟ ਰਿਕਾਰਡ ਕੀਤੀ ਗਈ ਹੈ।

## ਪਿਸਤੌਲ ਦੀ ਨੋਕ ’ਤੇ ਕਰਿਆਨਾ ਸਟੋਰ ਦੇ ਮਾਲਕ ਕੋਲੋਂ ਲੁੱਟੇ 5 ਹਜਾਰ ਰੁਪਏ

ਬਟਾਲਾ 23 ਜੂਨ। ਬੀਤੀ ਰਾਤ ਪਿਸਤੌਲ ਦੀ ਨੋਕ ’ਤੇ ਅਣਪਛਾਤੇ ਲੁਟੇਰਿਆਂ ਵਲੋਂ ਕਰਿਆਨਾ ਸਟੋਰ ਮਾਲਕ ਕੋਲੋਂ 5 ਹਜ਼ਾਰ ਰੁਪਏ ਨਕਦੀ ਲੁੱਟ ਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਲੁੱਟ ਦਾ ਸ਼ਿਕਾਰ ਹੋਏ ਅਰੋੜਾ ਕਰਿਆਨਾ ਸਟੋਰ ਦੇ ਮਾਲਕ ਮਨੋਜ ਕੁਮਾਰ ਨੇ ਦੱਸਿਆ ਕਿ ਉਸਦੀ ਡੇਰਾ ਰੋਡ ਸ਼ੁਕਰਪੁਰਾ ’ਤੇ ਕਰਿਆਨੇ ਦੀ ਦੁਕਾਨ ਹੈ ਅਤੇ ਬੀਤੀ ਰਾਤ ਸਵਾ 9 ਵਜੇ ਦੇ ਕਰੀਬ ਉਹ ਦੁਕਾਨ ਬੰਦ ਕਰਨ ਦੀ ਤਿਆਰੀ ਕਰ ਰਿਹਾ ਸੀ ਕਿ ਇਸੇ ਦੌਰਾਨ ਇਕ ਸਕੂਟਰੀ ’ਤੇ ਸਵਾਰ ਹੋ ਕੇ 3 ਤਿੰਨ ਨੌਜਵਾਨ ਆਏ, ਜਿੰਨ੍ਹਾਂ ਵਿਚੋਂ ਦੋ ਨੌਜਵਾਨ ਉਸਦੀ ਦੁਕਾਨ ਅੰਦਰ ਕੋਲਡ ਡਰਿੰਗ ਲੈਣ ਦੇ ਬਹਾਨੇ ਆ ਗਏ, ਜਿੰਨ੍ਹਾਂ ਵਿਚੋਂ ਇਕ ਨੌਜਵਾਨ ਨੇ ਹੱਥ ਰੱਖ ਕੇ ਉਸਦਾ ਮੂੰਹ ਬੰਦ ਕਰ ਦਿੱਤਾ। ਜਦਕਿ ਦੂਜੇ ਦੇ ਪਿਸਤੌਲ ਤਾਣਦਿਆਂ ਉਸ ਨੂੰ ਕਿਹਾ ਕਿ ਜੋ ਕੁਝ ਤੇਰੇ ਕੋਲ ਹੈ, ਸਾਨੂੰ ਦੇ ਦਿਓ। ਮਨੋਜ ਕੁਮਾਰ ਨੇ ਅੱਗੇ ਦੱਸਿਆ ਕਿ ਉਸਨੇ ਡਰਦੇ ਹੋਏ 5000 ਰੁਪਏ ਨਕਦੀ ਲੁਟੇਰਿਆਂ ਨੂੰ ਫੜਾ ਦਿੱਤੀ ਤਾਂ ਲੁਟੇਰਿਆਂ ਉਸਨੂੰ ਧੱਕਾ ਮਾਰ ਕੇ ਸੁੱਟ ਦਿੱਤਾ ਅਤੇ ਰੋਡ ਸ਼ੁਕਰਪੁਰਾ ’ਤੇ ਕਰਿਆਨੇ ਦੀ ਦੁਕਾਨ ਹੈ ਅਤੇ ਬੀਤੀ ਰਾਤ ਸਵਾ 9 ਵਜੇ ਦੇ ਕਰੀਬ ਉਹ ਦੁਕਾਨ ਬੰਦ ਕਰਨ ਦੀ ਤਿਆਰੀ ਕਰ ਰਿਹਾ ਸੀ ਕਿ ਇਸੇ ਦੌਰਾਨ ਇਕ ਸਕੂਟਰੀ ’ਤੇ ਸਵਾਰ ਹੋ ਕੇ 3 ਤਿੰਨ ਨੌਜਵਾਨ ਆਏ, ਜਿੰਨ੍ਹਾਂ ਵਿਚੋਂ ਦੋ ਨੌਜਵਾਨ ਉਸਦੀ ਦੁਕਾਨ ਅੰਦਰ ਕੋਲਡ ਡਰਿੰਗ ਲੈਣ ਦੇ ਬਹਾਨੇ ਆ ਗਏ, ਜਿੰਨ੍ਹਾਂ ਵਿਚੋਂ ਇਕ ਨੌਜਵਾਨ ਨੇ ਹੱਥ ਰੱਖ ਕੇ ਉਸਦਾ ਮੂੰਹ ਬੰਦ ਕਰ ਦਿੱਤਾ। ਜਦਕਿ ਦੂਜੇ ਦੇ ਪਿਸਤੌਲ ਤਾਣਦਿਆਂ ਉਸ ਸਕੂਟਰੀ ’ਤੇ ਤਿੰਨੋਂ ਜਣੇ ਫਰਾਰ ਹੋ ਗਏ। ਉਕਤ ਦੁਕਾਨ ਮਾਲਕ ਮੁਤਾਬਕ ਤੀਜਾ ਨੌਜਵਾਨ ਸਕੂਟਰੀ ਸਟਾਰਟ ਕਰਕੇ ਬਾਹਰ ਹੀ ਖੜ੍ਹਾ ਰਿਹਾ। ਉਸ ਦੱਸਿਆ ਕਿ ਇਸ ਸਬੰਧੀ ਉਸ ਨੇ ਪੁਲਸ ਥਾਣਾ ਸਿਵਲ ਲਾਈਨ ਨੂੰ ਰਿਪੋਰਟ ਦਰਜ ਕਰਵਾ ਦਿੱਤੀ ਹੈ। ਇਹ ਵੀ ਪਤਾ ਲੱਗਾ ਹੈ ਕਿ ਪੁਲਸ ਨੇ ਮੌਕੇ ’ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲੈ ਲਿਆ ਹੈ ਅਤੇ ਲੁਟੇਰਿਆਂ ਦੇ ਦੁਕਾਨ ਅੰਦਰ ਦਾਖਲ ਹੋਣ ਦੀ ਘਟਨਾ ਲੱਗੇ ਸੀ.ਸੀ.ਟੀ.ਵੀ ਕੈਮਰੇ ਵਿਚ ਕੈਦ ਹੋ ਗਈ ਹੈ।

## ਸਰਕਾਰੀ ਬੱਸਾਂ ’ਚ ਸਫਰ ਕਰਨ ਵਾਲੇ ਦੇਣ ਧਿਆਨ

ਪਟਿਆਲਾ 23 ਜੂਨ। ਪੀ. ਆਰ. ਟੀ. ਸੀ, ਪੰਜਾਬ ਰੋਡਵੇਜ ਅਤੇ ਪਨਬੱਸ ਕੰਟਰੈਕਟ ਵਰਕਰ ਯੂਨੀਅਨ ਪੰਜਾਬ ਦੇ ਆਗੂਆਂ



ਅਤੇ ਪੰਜਾਬ ਸਰਕਾਰ ਦੇ ਉੱਚ ਪੱਧਰੀ ਨੁਮਾਇੰਦਿਆਂ ਨਾਲ ਇਕ ਪੈਨਲ ਮੀਟਿੰਗ ਬੀਤੇ ਦਿਨੀਂ ਚੰਡੀਗੜ੍ਹ ਵਿਚ ਹੋਈ ਜਿਸ ਦੌਰਾਨ ਪੰਜਾਬ ਸਰਕਾਰ ਵੱਲੋਂ ਯੂਨੀਅਨ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਗਈਆਂ। ਇਸ ਮਗਰੋਂ ਯੂਨੀਅਨ ਨੇ ਇਕ ਦਿਨ ਪਹਿਲਾਂ ਹੀ ਤਿੰਨ ਰੋਜਾ ਹੜਤਾਲ ਕਰਨ, ਰੈਲੀਆਂ ਵਿਚ ਬੱਸਾਂ ਨਾ ਲਿਜਾਣ ਅਤੇ 52 ਤੋਂ ਵੱਧ ਸਵਾਰੀਆਂ ਨਾ ਬਿਠਾਉਣ ਦਾ ਫੈਸਲਾ ਵਾਪਸ ਲੈ ਲਿਆ ਹੈ। ਯੂਨੀਅਨ ਦੇ ਇਕ ਬੁਲਾਰੇ ਮੁਤਾਬਕ ਇਸ ਮੀਟਿੰਗ ਵਿਚ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ, ਉੱਚ ਅਧਿਕਾਰੀਆਂ ਤੇ ਯੂਨੀਅਨ ਦੇ ਸੂਬਾ ਪ੍ਰਧਾਨ ਰੇਸਮ ਸਿੰਘ ਗਿੱਲ ਅਤੇ ਹੋਰ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ। ਇਸ ਪੈਨਲ ਮੀਟਿੰਗ ਦੌਰਾਨ ਸਰਕਾਰ ਵੱਲੋਂ ਯੂਨੀਅਨ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ ਜਿਨ੍ਹਾਂ ਵਿਚ ਕੱਚੇ ਮੁਲਾਜਮ ਪੱਕੇ ਕਰਨਾ, ਠੇਕੇਦਾਰੀ ਸਿਸਟਮ ਰੱਦ ਕਰਨਾ, ਕਿਲੋਮੀਟਰ ਸਕੀਮ ਦੀ ਥਾਂ ਆਪਣੀਆਂ ਬੱਸਾਂ ਪਾਉਣਾ ਆਦਿ ਸਾਮਿਲ ਹਨ। ਉਨ੍ਹਾਂ ਦੱਸਿਆ ਕਿ ਇਸ ਮਗਰੋਂ ਪ੍ਰਧਾਨ ਰੇਸਮ ਗਿੱਲ ਦੀ ਅਗਵਾਈ ਹੇਠ ਲਏ ਗਏ ਫੈਸਲੇ ਦੌਰਾਨ ਯੂਨੀਅਨ ਨੇ 13, 14 ਅਤੇ 17 ਫਰਵਰੀ ਲਈ ਐਲਾਨੀ ਸੂਬਾਈ ਹੜਤਾਲ ਅਤੇ ਪੰਜਾਬ ਸਰਕਾਰ ਵੱਲੋਂ ਅਗਲੇ ਦਿਨ ਕੀਤੀਆਂ ਜਾਣ ਵਾਲੀਆਂ ਰੈਲੀਆਂ ਵਿਚ ਬੱਸਾਂ ਨਾ ਲਿਜਾਣ ਦਾ ਫੈਸਲਾ ਵਾਪਸ ਲੈ ਲਿਆ ਹੈ। ਇਸ ਦੇ ਨਾਲ ਹੀ ਮੰਗਾਂ ਦੇ ਮਾਮਲੇ ’ਤੇ ਵਰਕਰ 52 ਸਵਾਰੀਆਂ ਦੇ ਫੈਸਲੇ ’ਤੇ ਵੀ ਨਰਮ ਪੈ ਗਏ ਹਨ। ਪੀਆਰਟੀਸੀ ਦੇ ਸੂਬਾਈ ਚੇਅਰਮੈਨ ਰਣਜੋਧ ਸਿੰਘ ਹੜਾਣਾ ਨੇ ਵੀ ਸਰਕਾਰ ਨਾਲ ਅੱਜ ਹੋਈ ਮੀਟਿੰਗ ਮਗਰੋਂ ਬੱਸ ਕਾਮਿਆਂ ਵੱਲੋਂ ਹੜਤਾਲ ਦਾ ਫੈਸਲਾ ਵਾਪਸ ਲਏ ਜਾਣ ਦੀ ਪੁਸਟੀ ਕੀਤੀ ਹੈ। ਯੂਨੀਅਨ ਨੇ ਇਹ ਐਲਾਨ ਅੱਠ ਫਰਵਰੀ ਨੂੰ ਮੁੱਖ ਮੰਤਰੀ ਨਾਲ ਤੈਅ ਹੋਈ ਮੀਟਿੰਗ ਨਾ ਹੋਣ ਦੇ ਰੋਸ ਵਜੋਂ ਕੀਤਾ ਸੀ ਪਰ ਲੰਘੀ ਸਾਮ ਨੂੰ ਹੀ ਸਰਕਾਰ ਵੱਲੋਂ ਯੂਨੀਅਨ ਆਗੂਆਂ, ਉੱਚ ਅਧਿਕਾਰੀਆਂ ਦਰਮਿਆਨ ਨੌਂ ਫਰਵਰੀ ਲਈ ਮੀਟਿੰਗ ਤੈਅ ਕਰ ਦਿੱਤੀ ਗਈ


**NAME CHANGE**
I, Pooja D/o Navratan Dungarwal R/o H.No-800, 2nd Floor, G-Block, Suncity, Golf Course Road, Sector-54, Gurgaon-122003, Haryana, have changed my name to Pooja Dungarwal For All Future Purpose

**NAME CHANGE**
I, Ranjeet S/o Balbir Singh Yadav R/o 61, Akash Vihar, Ranhola, Nangloi, New Delhi-110041 have changed my name to Ranjeet Yadav for all future purposes

**NAME CHANGE**
I, Sarita Kumari W/o Prashant Jaiswal R/o H.No 1231, 3rd Floor, D-Block, Sector-21,Faridabad Haryana-121001, I Have Changed My Name To Sarita Khatri For All Purpose.

**NAME CHANGE**
I, Shivam S/o Kishor Kumar/Kishor R/o H.No-83, Near Om Chowk, Sector-10, Gurgaon, Haryana-122001, I Have Changed My Name To Shivam Sharma For All Purpose.



**NAME CHANGE**
I, Pooja D/o Navratan Dungarwal R/o H.No-800, 2nd Floor, G-Block, Suncity, Golf Course Road, Sector-54, Gurgaon-122003, Haryana, have changed my name to Pooja Dungarwal For All Future Purpose

**NAME CHANGE**
I, Ranjeet S/o Balbir Singh Yadav R/o 61, Akash Vihar, Ranhola, Nangloi, New Delhi-110041 have changed my name to Ranjeet Yadav for all future purposes

**NAME CHANGE**
I, Sarita Kumari W/o Prashant Jaiswal R/o H.No 1231, 3rd Floor, D-Block, Sector-21,Faridabad Haryana-121001, I Have Changed My Name To Sarita Khatri For All Purpose.

**NAME CHANGE**
I, Shivam S/o Kishor Kumar/Kishor R/o H.No-83, Near Om Chowk, Sector-10, Gurgaon, Haryana-122001, I Have Changed My Name To Shivam Sharma For All Purpose.



**NAME CHANGE**
I, JC-333816H Rank- SUB Name-VIJAYA BHASKARA REDDY M son of VENKATA REDDY residing at DOOR NO. 4-40-24, PEDA WALTAIR, VISAKHAPATNAM, A.P-530017 have changed my minor son's name from HARSHITH REDDY to MARADA HARSHITH REDDY for all future purposes vide Affidavit dated 15/02/2024 before Notary Public Delhi.

**NAME CHANGE**
I, Mohammed Iqbal Son of Sh Subrati R/O House Number V-723, G/F, Kh No-702/23, Gali No-22-B, Vijay Park, Maujpur, Delhi-110053, have changed my name Iqbal for all future purpose

**NAME CHANGE**
I AYESHA D/O MD RAFI AHMED R/O H.N0-169 SECTOR-48 FARIDABAD HARYANA-121001 HAVE CHANGE MY NAME TO AYESHA SAIFI FOR ALL PURPOSE.

**NAME CHANGE**
I, Kirshan/Krishna Kumar S/o Dharambeer Singh R/o H.No-91, Near Police Station Sector - 5,vDayanand Colony Gurgaon, Haryana-122001, I Have Change My Name To Krishan Kumar For All Future Purpose

**NAME CHANGE**
I, Hitherto Known as Sushma Srivastava Alias Sushma Yadav D/o Ashok Kumar W/o Vijay Yadav R/o 86, Third Floor, Block-B, Pocket-2, Pcr Office, Sector-17, Rohini, Delhi-110085 Have Changed My Name and Shall Hereafter Be Known as Sushma Yadav.

**NAME CHANGE**
I, Manju Singh Wife of Shri Raj Kumar Singh R/o RZ-54/2, Peepal Wali Gali, Raj Nagar-II, Palam Colony, New Delhi-110077 have changed my date of birth from 01/07/1964 to 04/01/1971. Vide Affidavit Dated 5th Feb. 2024 before The Notary, Government of India in presence of Advocate M.L.Gupta.

**NAME CHANGE**
I, Karan Verma S/o Manish Verma R/o 1666, Dariba Kalan, Chandni Chowk, Delhi-110006, have changed my name to Karan Kumar Verma permanently.

**NAME CHANGE**
I, NEHA GOEL W/O GAURAV KUMAR AGGARWAL R/O A-67 VIJAY ENCLAVE NEAR GALI AGGARWAL SWEET WALI, PALAM VILLAGE, SOUTH WEST DELHI, DELHI -110045 have changed my name to NEHA AGGARWAL for all future purpose.

**NAME CHANGE**
I, KASHMIREI BALA BARO Sister of No-15622079X Rank-GDSM Name-GOPI BARO R/O VPO-DHEPARGAON, TEH-KAURBAHA, DIST-BAKSA, ASSAM-781354, have changed my name from KASHMIREI BALA BARO to KASHMIRI BORO for all future purposes and in my brother's service records my date of birth wrongly mentioned as 05/02/2000 instead of my correct date of birth as 30/10/1999 vide affidavit dated 15/02/2024 before Notary Public, Delhi.



**NAME CHANGE**
I, JC-333816H Rank- SUB Name-VIJAYA BHASKARA REDDY M son of VENKATA REDDY residing at DOOR NO. 4-40-24, PEDA WALTAIR, VISAKHAPATNAM, A.P-530017 have changed my minor son's name from HARSHITH REDDY to MARADA HARSHITH REDDY for all future purposes vide Affidavit dated 15/02/2024 before Notary Public Delhi.



**NAME CHANGE**
I, NANDANI wife of JC-583769W Rank-NB SUB Name-PAWAN KUMAR R/O VILL-KHABAL, PO-URLA, TEH-PADHER, DISTT-MANDI, HIMACHAL PRADESH, PIN-175015, have changed my name from NANDANI to NANDNI VERMA for all future purposes and in my husband's service records my date of birth wrongly mentioned as 02/10/1987 instead of my correct date of birth as 05/11/1987 vide affidavit dated 16/02/2024 before Notary Public, Delhi.

**NAME CHANGE**
I, VIMLA DEVI Wife of No. 16021271N Rank-HAV Name-PAVAN KUMAR presently residing at VILL-KARAI, PO-MAHU, TEH-HINDAUN CITY, DIST-KARAULI, RAJASTHAN-322254 have changed my name from VIMLA DEVI to VIMLA KUMARI for all future purposes vide affidavit dated 16/02/2024 before Notary Public, Delhi.

**PUBLIC NOTICE**
Information is given to general public at large that my client Mrs. Krishna who is the owner of the Residential Vacant Plot of land area measuring 38.50 Sq. Yards, out of Khasra No.258min, situated at Village Noor Nagar, Pargana Loni, Tehsil and Dist. Ghaziabad, U.P., owner vide Sale Deed dated 15.04.2019 executed by Mr. Saurabh Goyal and Mr. Vaibhav Goyal, as Doc No.5074, Volume No.15299, in Book No.1, on Page No.213-240, reg. on 15.04.2019, in SR-II Ghaziabad and same property to be financed by Hinduja Housing Finance Ltd. having its Office Address at F-8, 1st floor, Mahalaxmi Metro Towers, Vaishali, Sector-4 Ghaziabad-201010. That, Original Sale Deed dated 20.07.2011 executed by Mr. Subodh in favour of Mr. Dilip Kumar Sahu, as Doc No. 7343, Volume No. 4974, in Book No. 1, on Page No. 173-194, reg. on 20.07.2011, in SR-II Ghaziabad has been lost/misplaced and FIR has been lodged for the same.
If any person(s) objection for subject property, then kindly may contact the undersigned along with original property document, within a week from date of this notice on below mentioned address, failing which, the claim as per aforesaid shall be treated as null and void in respect of the subject property.
**[ASHWANI KUMAR] Advocate**
Chamber No. 122,
Tehsil Compound, Ghaziabad, U.P.

**PUBLIC NOTICE**
I Mohd Wajid s/o Nanne Miyan Add..House n. B-6/9 Gali n.1 Kabir Nagar shani bazar Gokal puri North East Delhi 110094 . declare that the Mohd wazid Ali and Wajid Ali are same name .for all purpose.

**NAME CHANGE**
I, PRODIP SAIKIA father of NO-17008661N Rank- HAV Name- BITUPAN SAIKIA R/O VILL-UJANI KHONGIA, PO-NAHATIA, TEH-BALIGAON, DISTT-JORHAT, ASSAM-785108 have changed my name PRODIP SAIKIA to PRADIP SAIKIA for all future purposes vide Affidavit Dated 16/02/2024 before Notary Public, Delhi.

**NAME CHANGE**
I, GOVIND SINGH S/O SURENDRA SINGH SOLANKI residing at HOUSE NO 60 G NO 5 SAROOP VIHAR B-BLOCK KADIPUR DELHI-110036 have changed my name to GOVIND SINGH SOLANKI for all future purpose.

**PUBLIC NOTICE**
Information is given to general public at large that our client Mrs. Asama W/o Mr. Liyakat Ali is the owner of Freehold Residential House, area measuring 34.50 sq. yards, i.e. 28.84 sq. meter, built on Plot No. 48 A, out of Khasra No. 1907, Situated at Master Colony, Hadbast Village Pasonda, Pargana Loni, Tehsil & Distt. Ghaziabad, U.P., By Virtue, Gift Deed dated 29.08.2023 Duly Regd. as Doc No. 8801, Book No. 1, Vol No. 20244, Page No. 267-286, on 29.08.2023(SR Sadar III Ghaziabad). till date and has lost/Misplace his Original Sale Deed dated 14.12.2020 duly Regd. as Doc No. 7637, Book No. 1, Vol No. 15769, Page No. 137-156, on 14.12.2020(SR Sadar III Ghaziabad). it was executed in favour of Mr. Liyakat Ali S/o Mr. Shaukat, now our client is declaring that that any other Person does not have any right over the said property, and same property finance by JANASHA FINANCE PRIVATE LIMITED Branch: Room no. 1004 on 10th Floor, Arunachal Building, Barakhamba, Road, Connaught Place, New Delhi.If any person is having objection right of claim against the said property, contact to undersigned along with supporting documents within 07 days from the date of publication of this notice and or the same to the undersigned if found by anyone. Thereafter no claim shall be entertained.
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**ਪੂਰਵੋਤੱਰ ਰੇਲਵੇ**
**ਨਿਵਿਦਾ ਸੂਚਨਾ ਸੰ. 06 ਸਾਲ 2024-25**
ਅਧੋਲਿਖਿਤ ਕਾਰਜਾਂ ਦੇ ਲਈ ਮੁਹਰਬੰਦ ਖੁਲੀ ਨਿਵਿਦਾਂਵਾਂ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਅਤੇ ਉਨ੍ਹਾਂ ਲਈ ਮੰਡਲ ਰੇਲ ਪ੍ਰਬੰਧਕ (ਸਿਗਨਲ ਅਤੇ ਦੂਰਸੰਚਾਰ), ਪੂਰਵੋਤਰ ਰੇਲਵੇ ,ਇਜੱਤਨਗਰ ਦਵਾਰਾ ਆਮੰਤਰਿਤ ਕਿਤੀ ਜਾਂਦੀ ਹੈ:- **ਕਾਰਜਾਂ ਦਾ ਵੇਰਵਾ:** ਇਜੱਤਨਗਰ ਮੰਡਲ ਦੇ ਛਤਰਪੁਰ-ਹਲਦੀ ਰੋੜ-ਲਾਲਕੁਆਂ-ਗੂਲਰਭੋਜ ਖੰਡ ਵਿਚ ਹਾਥਿਆਂ ਦੇ ਮੂਵਮੇਂਟ ਦੀ ਮੱਾਨਿਟਰਿੰਗ ਲਈ **Intrusion Detection System** ਅਤੇ ਸਮਪਾਰ ਫਾਟਕਾਂ ਤੇ ਅਲਰਟ ਦਾ ਪ੍ਰਾਵਧਾਨ। **ਅਨੁਮਾਨਿਤ ਲਾਗਤ : ਰੁ.** 3,90,68,661.27, **ਬਿਆਨਾ ਰਾਸ਼ਿ : ਰੁ.** 3,45,00/-, **ਕਾਰਜ ਸਮਾਪਨ ਅਵਧਿ:** 09 ਮਹੀਨੇ। , **ਕਾਰਜ ਸਮਾਪਨ ਦੀ ਅਵਧਿ:** 12 ਮਹੀਨੇ। **ਇ-ਨਿਵਿਦਾਂਵਾਂ ਜਮਾ ਕਰਨ ਦੀ ਆਖਰੀ ਮਿਤੀ ਅਤੇ ਸਮਾਂ:** 15.07.24 ਨੂੰ 11:00 ਵਜੇ। • ਪੂਰਾ ਵੇਰਵਾ ਵੇਬਸਾਇਟ **http://www.ireps.gov.in** ਤੇ ਅਪਲੋਡ ਕਰ ਦਿੱਤੀ ਗਈ ਹੈ। • ਸਾਰੇ ਜਰੂਰੀ ਦਸਤਤਾਵੇਜ ਈ-ਨਿਵਿਦਾ ਵਿਚ ਭਾਗ ਲੇਨ ਦੇ ਸਮੇ ਚ ਅਪਲੋਡ ਕਿਤੇ ਜਾਣੇ ਚਾਹਿਦੇ ਹੈ।
**ਵਰਿ. ਮੰਡਲ ਸਿਗ ਅਤੇ ਦੂਰਸੰਚਾਰ ਇੰਜੀਨਿਯਰ,**
**ਇਜੱਤਨਗਰ**
ਮੁਜਾਧਿ/ਸਿਗਨਲ-14
ਗੱਡੀਆਂ ਵਿਚ ਬਿੜੀ/ਸਿਗਰੇਟ ਨ ਪਿਵੋ

**PUBLIC NOTICE**
Information is given to general public at large that our client Mrs. Roopwati Devi W/o Late Mr. Ishwari Singh is the owner of Freehold Residential Plot area measuring 100 sq. yd. out of Khasra No. 83Mi, situated at Mangal Bazar Road, Bodh Vihar in Village Akbarpur Behrampur, Pargana Loni, Tehsil & Distt. Ghaziabad U.P. By Virtue, Sale Deed dated 08.07.2013 duly registered in SR-V Ghaziabad as doc. No. 6026, Book No. I, Vol. No. 3736, Page No. 165 to 198, dated 08.07.2013. till date and has lost/Misplace his Original/Copy of Regd. GPA, ATS & Will dated 10.06.1998 & Original Sale Deed dated 05.07.2002 duly registered in SR- V, Ghaziabad as doc. No. 3380, Book No. I, Vol. No. 196, Page No. 312 to 325, dated 05.07.2002. it was executed in favour of Mrs. Pushpa now our client is declaring that that any other Person does not have any right over the said property, and same property sold too be Mr. Gopi Prasad and same property finance by Tata Capital Housing Finance Limited Branch- PREET VIHAR DELHI. If any person is having objection right of claim against the said property, contact to undersigned along with supporting documents within 07 days from the date of publication of this notice and or the same to the undersigned if found by anyone. Thereafter no claim shall be entertained.
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

## ਕਹਾਣੀ

# ਜ਼ਿੰਮੇਵਾਰੀਆਂ


-ਜਿਓਤਿਰਮੌਇ ਦੇਵੀ

ਬੜਾ ਭਰਿਆ ਪੂਰਾ ਪਰਿਵਾਰ ਸੀ। ਚੰਗਾ ਘਰ ਬਾਰ ਸੀ। ਸਭ ਖੁਸ਼ੀਆਂ ਸਨ। ਚਾਰ ਪੁੱਤ, ਦੋ ਧੀਆਂ ਤੇ ਉਨ੍ਹਾਂ ਦੇ ਸੁਖੀ-ਸਾਂਦੀ ਵਸਦੇ ਪਰਿਵਾਰ। ਚਾਰੇ ਪੁੱਤ ਚੰਗੇ ਮਾਣ ਵਾਲੇ ਆਹੁਦਿਆਂ 'ਤੇ ਸਨ। ਸਭ ਤੋਂ ਵੱਡਾ ਕਾਲਜ 'ਚ ਅਧਿਆਪਕ ਸੀ, ਉਸ ਤੋਂ ਛੋਟਾ ਡਾਕਟਰ ਤੇ ਛੋਟੇ ਦੋਵੇਂ ਵਕੀਲ। ਘਰ ਵੀ ਬੜਾ ਸਾਂਵਾ ਚਲਦਾ ਸੀ। ਕਦੇ ਕਦਾਈਂ ਕਿਸੇ ਗੱਲੋਂ ਮਾੜਾ-ਮਾਟਾ ਬੋਲ ਬੁਲਾਰਾ ਵੀ ਹੋ ਜਾਂਦਾ ਪਰ ਰਾਤ ਗਈ ਤੇ ਬਾਤ ਗਈ ਵਾਂਗ ਮਾਹੌਲ ਫੇਰ ਆਪੇ ਹੀ ਠੀਕ ਹੋ ਜਾਂਦਾ। ਉਂਜ ਇਕ ਹੋਰ ਮਾਮਲਾ ਜ਼ਰੂਰ ਸੀ ਜਿਸ ਤੋਂ ਬੋਲ-ਬੁਲਾਰਾ ਬਹੁਤ ਹੁੰਦਾ ਸੀ। ਮਾਮਲੇ ਦਾ ਕਾਰਨ ਸੀ ਘਰ ਦੇ ਵੱਡੇ ਪ੍ਰੋਫੈਸਰ ਪੁੱਤ ਦਾ ਮਾਂ ਮਹਿੱਟਰ ਮੁੰਡਾ, ਜੋਗੀ। ਮੁੰਡੇ ਦੀ ਦਾਦੀ ਨੇ ਮਾਂ ਦੀ ਥਾਂ ਪੂਰਦਿਆਂ ਉਸ ਨੂੰ ਕੁਝ ਹੱਦ ਤੱਕ ਵਿਗਾੜ ਹੀ ਦਿੱਤਾ ਸੀ। ਹੁਣ ਜੋਗੀ ਘਰ ਵਿਚ ਹਰ ਪੰਗੇ ਦੀ ਜੜ੍ਹ ਹੁੰਦਾ ਤੇ ਦਾਦੀ ਉਸ ਦਾ ਪੱਖ ਪੂਰਦੀ। ਸਭ ਨੂੰ ਪਤਾ ਸੀ ਕਿ ਘਰ ਦੀ ਮਾਂ ਦਾ ਜ਼ਿਆਦਾ ਝੁਕਾਅ ਆਪਣੇ ਇਸ ਪੋਤੇ ਵੱਲ ਸੀ।

ਕੋਈ ਵੀ ਘਰ ਔਕੜਾਂ ਜਾਂ ਝੇੜਿਆਂ-ਝਗੜਿਆਂ ਤੋਂ ਪੂਰੀ ਤਰ੍ਹਾਂ ਮੁਕਤ ਤਾਂ ਹੋ ਹੀ ਨਹੀਂ ਸਕਦਾ। ਝਗੜੇ ਦਾ ਸਭ ਤੋਂ ਵੱਡਾ ਆਧਾਰ ਬਣਦੇ ਸਨ ਮਹੀਨੇ ਦੇ ਬਿੱਲ। ਬਿਜਲੀ,ਪਾਣੀ, ਰਾਸ਼ਨ ਤੇ ਹੋਰ ਸਾਮਾਨ ਦੇ ਬਿਲ। ਕਈ ਵਾਰ ਤਾਂ ਕਰਿਆਨੇ ਦੇ, ਧੋਬੀ ਦੇ, ਦੋਧੀ ਦੇ, ਮੁਨਿਆਰੀ ਦੇ ਬਿੱਲ ਅਦਾ ਨਾ ਹੁੰਦੇ ਜਾਂ ਫੇਰ ਕਿਤਾਬਾਂ-ਕਾਪੀਆਂ ਦੇ ਬਿੱਲਾਂ ਦੀ ਅਦਾਇਗੀ ਰੁਕ ਜਾਂਦੀ। ਘਰ ਦੀਆਂ ਤਿੰਨ ਨੂੰਹਾਂ ਸਨ ਤੇ ਉਨ੍ਹਾਂ ਦੇ ਪਤੀਆਂ ਦੇ ਨਾਵਾਂ 'ਤੇ ਖਾਤੇ ਚਲਦੇ ਸਨ। ਦੁਕਾਨਾਂ ਵਾਲੇ, ਕੰਮਾਂ ਵਾਲੇ ਬਿੱਲ ਲੈ ਕੇ ਆਉਂਦੇ। ਕਈ ਵਾਰ ਗਰਮਾ-ਗਰਮੀ ਵੀ ਹੁੰਦੀ, ਕੁਝ ਅਦਾਇਗੀ ਹੁੰਦੀ, ਕੁਝ ਅੱਗੇ ਪੈ ਜਾਂਦੇ। ਇਵੇਂ ਹੀ ਇਕ ਵਾਰ ਤਕੜੀ ਗਰਮਾ-ਗਰਮਾ ਹੋ ਗਈ। ਵੱਡਾ ਪੁੱਤਰ ਮਾਂ ਨਾਲ ਉਲਝ ਗਿਆ,' ਪਿਛਲੇ ਸਾਲ ਤਾਂ ਹਾਲੇ ਤਲਾਈਆਂ ਭਰਵਾਈਆਂ ਸਨ ਮਾਂ, ਇਸ ਵਾਰ ਨਵੀਂ ਤਲਾਈ ਦੀ ਕੀ ਲੋੜ?' ਗੱਲ ਅਜੇ ਪੂਰੀ ਨਹੀਂ ਹੋਈ ਸੀ ਕਿ ਘਰ ਦੇ ਹੋਰ ਪੁੱਤਰ ਵੀ ਆ ਡਟੇ। ਸਾਰੇ ਹੀ ਵਧ-ਵਧ ਕੇ ਬੋਲਣ ਲੱਗ ਪਏ। ਮਾਤਾ ਨੇ ਸੋਚਿਆ ਕਿ ਉਨ੍ਹਾਂ ਨੂੰ ਕੀ ਦੱਸੇ ਕਿ ਉਸ ਦੇ ਹੋਰ ਪੋਤੇ-ਪੋਤੀਆਂ ਲਈ ਹੁਣ ਵੱਖਰੇ ਬਿਸਤਰਿਆਂ ਦੀ ਲੋੜ ਸੀ ਪਰ ਉਹ ਚੁੱਪ ਹੀ ਕਰ ਗਈ। 'ਤੂੰ ਜੋਗੀ ਨੂੰ ਸਿਰ ਚਾੜ੍ਹੀ-ਜਾਨੀ ਏ,'' ਡਾਕਟਰ ਪੁੱਤਰ ਮਾਂ ਨਾਲ ਖਹਿਬੜ ਰਿਹਾ ਸੀ, 'ਪਿਛਲੇ ਮਹੀਨੇ ਨਵੀਂ ਰਜ਼ਾਈ ਭਰਵਾਈ ਸੀ ਤੇ ਹੁਣ ਤਲਾਈ ਤਾਂ ਉਸ ਦੇ ਫਰਜ਼ੰਦ ਲਈ ਸੀ, ਪ੍ਰੋਫੈਸਰ ਸਾਹਿਬ ਗਰਜ ਪਏ, 'ਦਰਜੀ ਦਾ ਬਿੱਲ ਦੇਖੋ ਅਸਮਾਨੀਂ ਚੜ੍ਹਿਆ ਪਿਐ, ਦੋਧੀ ਦਾ ਵੀ ਘੱਟ ਨਹੀਂ। ਹਰ ਮਹੀਨੇ ਸਾਰੇ ਹੀ ਬਿਲ ਵਧੀ ਜਾਂਦੇ ਨੇ, ਵਧੀ ਜਾਂਦੇ ਨੇ।' ਵੱਡੇ ਵਕੀਲ ਪੁੱਤ ਨੇ ਮੋਰਚਾ ਸਾਂਭਿਆ, 'ਇਸ ਤੋਂ ਪਹਿਲਾਂ ਕਿ ਗੱਲ ਹੱਥੋਂ ਨਿਕਲ ਜਾਵੇ, ਕੁਝ ਸੋਚਣਾ ਚਾਹੀਦਾ ਏ।'

ਮਾਤਾ ਤਾਂ ਇਸ ਗੱਲੋਂ ਵੀ ਪਸੀਨੇ ਨਾਲ ਤਰ ਹੋਈ ਜਾਂਦੀ ਸੀ ਕਿ ਨੂੰਹਾਂ ਨਾ ਸੁਣ ਲੈਣ ਕਿ ਉਸ ਦੇ ਪੁੱਤਰ ਕੀ ਗੱਲਾਂ ਪਏ ਕਰਦੇ ਸਨ। ਉਹ ਬੋਲੀ, 'ਦੇਖੋ, ਪਿਛਲੇ ਮਹੀਨੇ ਕੁਝ ਖਰਚਾ ਵੱਧਣਾ ਹੀ ਸੀ। ਤੁਹਾਡੀਆਂ ਭੈਣਾਂ ਆਈਆਂ ਘਰ ਦੇ ਜਵਾਈ ਆਏ ਤੇ ਉਨ੍ਹਾਂ ਨੂੰ ਕੋਈ ਖਾਲੀ ਹੱਥੀ ਤਾਂ ਨਹੀਂ ਨਾ ਤੋਰ ਦਿੰਦਾ। ਫੇਰ ਤੁਹਾਡੇ ਦੋ ਭਰਾਵਾਂ ਦੇ ਜਨਮ ਦਿਨ ਵੀ ਸਨ ਕਿਉਂ ਐਡਾ ਚੀਕ-ਚਿਹਾੜਾ ਪਾਉਂਦੇ?''ਛੋਟੇ ਵਕੀਲ ਸਾਹਿਬ ਨੇ ਸਮਾਂ ਮੁਨਾਸਿਬ ਸਮਝਦਿਆਂ ਮੂੰਹ ਖੋਲ੍ਹਿਆ,''ਤੇ ਉਸ ਤੋਂ ਪਿਛਲੇ ਮਹੀਨੇ? ਉਦੋਂ ਖਰਚਾ ਕਿਉਂ ਵੱਧਿਆ। ਮਾਤਾ ਨੇ ਸਿਰਫ ਇੰਨਾ ਹੀ ਕਿਹਾ ਕਿ ਉਸੇ ਮਹੀਨੇ ਤੋਂ ਬਿਜਲੀ, ਪਾਣੀ ਦੇ ਬਿੱਲਾਂ ਦੀਆਂ ਦਰਾਂ ਵਧੀਆਂ ਸਨ ਤੇ ਦਾਲਾਂ ਤੇ ਭਾਅ ਵੀ।'' ਉਹ ਇਹ ਕਿਵੇਂ ਕਹਿੰਦੀ ਕਿ ਛੋਟੇ ਵਕੀਲ ਸਾਹਿਬ ਦੀ ਪਤਨੀ ਦੇ ਪੇਕਿਓਂ ਚਾਰ ਜੀਆਂ ਦੀ ਧਾੜ ਵੀ ਉਸ ਮਹੀਨੇ ਆਈ ਸੀ। ਤੇ ਨਾਲੇ ਇਹ ਕਹਿੰਦਿਆਂ ਮਾਤਾ ਦੀ ਜ਼ੁਬਾਨ ਨਾ ਸੜ ਜਾਏ। ਕਿ ਘਰ ਦੇ ਬੱਚੇ ਵੱਡੇ ਹੋ ਰਹੇ ਸਨ ਤੇ ਖਰਚਾ ਵੱਧ ਰਿਹਾ ਸੀ। ਉਹ ਪੋਤੇ-ਪੋਤੀਆਂ ਤੋਲਣਾ ਤਾਂ ਸੋਚ ਵੀ ਨਹੀਂ ਸੀ ਸਕਦੀ। ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਤਾਂ ਮਤਾ ਦਾ ਮਾਣ ਸਨ, ਉਸ ਦੀਆਂ ਕਈ ਖੱਟੀਆਂ-ਮਿੱਠੀਆਂ ਯਾਦਾਂ ਦੇ ਮੁਜੱਸਮੇ। ਵੱਡੇ ਵਕੀਲ ਸਾਹਿਬ ਅੰਤਲੀ ਦਲੀਲ ਦੇ ਰਹੇ ਸਨ, 'ਸਚਾਈ ਤਾਂ ਇਹ ਹੈ ਕਿ ਇਥੇ ਕਿਸੇ ਨੂੰ ਪੈਸੇ ਦੀ ਕਦਰ ਹੀ ਕੋਈ ਨਹੀਂ।'' ਮਾਂ ਸਿਰਫ ਫਿੱਕਾ ਜਿਹਾ ਮੁਸਕਰਾਈ। ਉਹ ਤਾਂ ਸੋਚ ਹੀ ਕੁਝ ਹੋਰ ਰਹੀ ਸੀ। ਏਨੇ ਨੂੰ ਇਕ ਹੋਰ ਬਾਣ ਆ ਗਿਆ, ''ਜਿੱਥੋਂ ਤੱਕ ਜੋਗੀ ਦਾ ਸਵਾਲ ਹੈ, ਤੁਹਾਨੂੰ ਪਤਾ ਕੀ ਹੈ ਕਿ ਮੈਂ ਨੇ ਉਹਨੂੰ ਪੜ੍ਹਨ-ਲਿਖਣ ਜੋਗਾ ਵੀ ਨਹੀਂ ਛੱਡਿਆ।'' ਮਾਤਾ ਕੁਰਲਾ ਉਠੀ, ''ਨਹੀਂ! ਇੰਜ ਨਾ ਕਹੋ ਪੁੱਤਰੋ, ਮੇਰੇ ਪੋਤੇ ਬਾਰੇ!'' ਜੋਗੀ ਦਾ ਪ੍ਰੋਫੈਸਰ ਪਿਤਾ ਵਿਚੋਂ ਹੀ ਬੋਲਿਆ,''ਸਾਹਮਣੇ ਹੀ ਤਾਂ ਹੈ ਕਿਵੇਂ ਬੋਕ ਵਾਂਗ ਵਧੀ ਜਾਂਦੈ, ਖਾਣ-ਪੀਣ ਤੋਂ ਇਲਾਵਾ ਕੀ ਕੰਮ ਹੈ ਉਹਨੂੰ!''

ਇਹ ਗੱਲ ਤਾਂ ਮਾਤਾ ਬਰਦਾਸ਼ਤੋਂ ਪਰ੍ਹੇ ਦੀਆਂ ਸਨ। ਜੋਗੀ ਚੰਗਾ ਖਾਣ ਦਾ ਸ਼ੌਕੀਨ ਸੀ ਤੇ ਦਾਦੀ ਉਸ ਮਾਂ-ਮਹਿੱਟਰ ਦੀ ਇਹ ਇੱਛਾ ਵੀ ਪੂਰੀ ਨਾ ਕਰਦੀ? ਮੁੰਡੇ ਨੂੰ ਕਿੰਨਾ ਕੁਝ ਸੁਣਨਾ ਪੈਂਦਾ ਸੀ ਤੇ ਹੁਣ ਦਾਦੀ ਨੂੰ ਸੁਣਨਾ ਪੈ ਰਿਹਾ ਸੀ। ਮਾਤਾ ਦੇ ਲੱਠਾਂ ਵਰਗੇ ਕਮਾਊ ਪੁੱਤ ਕੁਝ ਹੋਰ ਚਿਰ ਕਮਾਈ ਦੀਆਂ, ਖਰਚੇ ਦੀਆਂ ਤੇ



ਬੱਚਿਆਂ ਦੀਆਂ ਲੋੜਾਂ ਦੀਆਂ, ਫਜ਼ੂਲ ਜਿਹੀਆਂ ਗੱਲਾਂ ਕਰਦੇ ਰਹੇ। ਮਾਤਾ ਤਾਂ ਮਾਲਾ ਫੇਰਨ ਲੱਗ ਪਈ ਸੀ। ਉਹ ਕਿੰਨਾ ਚਿਰ ਹੋਰ ਸਭ ਕੁਝ ਸਕਦੀ ਸੀ! ਦੋ ਨੂੰਹਾਂ ਵੀ ਜੋਗੀ ਵਿਰੁੱਧ ਬੁੜ ਬੁੜ ਕਰ ਰਹੀਆਂ ਸਨ ਪਰ ਵੱਡੇ ਵਕੀਲ ਦੀ ਪਤਨੀ ਜੋਗੀ ਖਿਲਾਫ ਕੁਝ ਨਹੀਂ ਸੀ ਬੋਲਦੀ। ਸ਼ਾਇਦ ਇਸ ਕਰਕੇ ਕਿ ਉਹਦੇ ਆਪਣੇ ਪੇਕੇ ਘਰ ਉਹਦੀ ਮਾਂ ਉਸ ਦੇ ਮਾਂ-ਵਾਹਰੇ ਭਤੀਜੇ ਨੂੰ ਸਾਂਭਦੀ ਸੀ। ਦਿਨ ਬੀਤਦੇ ਗਏ। ਮਾਤਾ ਦੀ ਉਮਰ ਤਾਂ ਬਹੁਤੀ ਨਹੀਂ ਸੀ ਪਰ ਮਾੜੀ ਸਿਹਤ ਤੇ ਦਿਨੋ-ਦਿਨ ਘਰ ਦੇ ਮਾੜੇ ਹੁੰਦੇ ਜਾਂਦੇ ਹਾਲਾਤ ਨੇ ਉਹਨੂੰ ਬਹੁਤ ਥਕਾ ਦਿੱਤਾ ਸੀ। ਉਹ ਆਪਣੀਆਂ ਸੰਸਾਰਕ ਜ਼ਿੰਮੇਵਾਰੀਆਂ ਹੌਲੀ ਹੌਲੀ ਛੱਡਦੀ ਗਈ ਅਤੇ ਬਹੁਤਾ ਸਮਾਂ ਪਾਠ-ਪੂਜਾ ਵਿਚ ਹੀ ਲਾਉਣ ਲੱਗ ਪਈ। ਹਾਂ, ਸ਼ਾਮ ਵੇਲੇ ਪੋਤੇ-ਪੋਤੀਆਂ ਨਾਲ ਬੈਠਣਾ, ਖੇਡਣਾ ਤੇ ਬਾਤਾਂ ਪਾਉਣੀਆਂ ਕਦੇ ਵੀ ਨਾ ਛੱਡ ਸਕੀ। ਸਾਲਾਂ ਤੋਂ ਜਿਹੜਾ ਘਰ ਉਹਨੇ ਮਿਹਨਤ ਨਾਲ ਪੋਟਾ ਪੋਟਾ ਕਰ ਕੇ ਸੰਭਾਲਿਆ ਸੀ, ਨੂੰਹਾਂ ਹਵਾਲੇ ਕਰ ਦਿੱਤਾ। ਤੇ ਨੂੰਹਾਂ ਨੂੰ ਘਰ ਸੰਭਾਲਣ ਵਿਚ ਮਾਤਾ ਦੀ ਸਲਾਹ ਕਿੱਥੇ ਚਾਹੀਦੀ ਸੀ? ਖੈਰ! ਮਾਤਾ ਤਾਂ ਵੀ ਸੰਤੁਸ਼ਟ ਸੀ। ਜ਼ਿੰਮੇਵਾਰੀਆਂ ਇਕ ਪੀੜ੍ਹੀ ਤੋਂ ਸਰਕ ਕੇ ਅਗਲੀ ਪੀੜ੍ਹੀ 'ਤੇ ਜਾ ਪਈਆਂ ਸਨ। ਤੇ ਘਰ ਸਾਵਾਂ ਚੱਲ ਰਿਹਾ ਸੀ।

ਜ਼ਿੰਮੇਵਾਰੀਆਂ ਤੋਂ ਪਿੱਛੇ ਹੱਟਣ ਨਾਲ ਮਾਤਾ ਅਚਾਨਕ ਫੇਰ ਘਰ ਦਾ ਕੇਂਦਰ ਬਿੰਦੂ ਬਣ ਗਈ। ਹਰ ਕੋਈ ਫਿਰ ਉਸੇ ਪੁੱਛਣ ਲੱਗਾ। ਮਾਤਾ ਦੀ ਉਮਰ ਕੀ ਸੱਚਮੁਚ ਜ਼ਿਆਦਾ ਹੋ ਗਈ? ਮਾਤਾ ਦੀ ਸਿਹਤ ਕਿਵੇਂ ਹੈ? ਕੀ ਉਸ ਦੇ ਦਿਨ ਪੁੱਗ ਗਏ ਹਨ? ਫਿਰ ਹਰ ਕੋਈ ਮਾਤਾ ਬਾਰੇ ਚਿੰਤਤ ਹੋਣ ਲੱਗੇ। ਠੀਕ ਹੈ ਕਿ ਪੁੱਤ ਵੱਡੇ ਹੋ ਗਏ ਸਨ ਤੇ ਕਿਸੇ ਨੂੰ ਵੀ ਮਾਤਾ ਦੀ ਬਹੁਤੀ ਲੋੜ ਨਹੀਂ ਸੀ ਰਹਿ ਗਈ ਪਰ ਇਸ ਨਾਲ ਮਾਂ ਪ੍ਰਤੀ ਉਨ੍ਹਾਂ ਦਾ ਪਿਆਰ ਤੇ ਭਾਵਨਾ ਤਾਂ ਨਹੀਂ ਸੀ ਨਾ ਘੱਟ ਸਕਦੀ। ਨੂੰਹਾਂ-ਪੁੱਤ ਤਹਿ ਦਿਲੋਂ ਮਾਂ ਦਾ ਧਿਆਨ ਕਰਨ ਲੱਗ ਸਨ ਤੇ ਜੋਗੀ ਦਾ ਵੀ! ਮਾਤਾ ਉਠਦੀ, ਬਹਿੰਦੀ, ਮੰਜੇ 'ਤੇ ਪਈ ਨਿੰਮਾ-ਨਿੰਮਾ ਮੁਸਕਰਾਂਦੀ ਰਹਿੰਦੀ ਤੇ ਕਹੀ ਜਾਂਦੀ, 'ਮੈਂ ਠੀਕ ਹਾਂ ਬੱਚਾ, ਮੈਨੂੰ ਕੁਝ ਨਹੀਂ ਚਾਹੀਦਾ। ਤੁਸੀ ਹੋ ਤੇ ਮੇਰੇ ਕੋਲ ਸਭ ਕੁਝ ਹੈ।' ਉਹਨੂੰ ਤਸੱਲੀ ਸੀ ਕਿ ਚਾਚੀਆਂ ਹੁਣ ਜੋਗੀ ਦਾ ਪੂਰਾ ਖਿਆਲ ਰੱਖਦੀਆ ਸਨ, ਖਾਸਕਰ ਵਿਚਕਾਰਲੀ ਚਾਚੀ। ਇਕ ਦਿਨ ਡਾਕਟਰ ਪੁੱਤ ਨੇ ਆਪਣੀ ਪਤਨੀ ਨੂੰ ਹਰਖ ਕੇ ਕਿਹਾ,'ਤੈਨੂੰ ਪਤੈ ਮਾਂ ਨੂੰ ਕਿੰਨੇ ਹੀ ਦਿਨਾਂ ਤੋਂ ਬੁਖਾਰ ਏ? ਉਹ ਵਿਚਾਰੀ ਆਪਣੇ ਪਤੀ ਤੋਂ ਇਹੋ ਜਿਹੀ ਝਿੜਕ ਦੀ ਆਸ ਨਹੀਂ ਸੀ ਰੱਖਦੀ। ਘਬਰਾ ਕੇ ਬੋਲੀ, 'ਮੈਨੂੰ ਕਿਵੇਂ ਪਤਾ ਲਗਦਾ? ਉਹ ਤਾਂ ਰੋਜ਼ ਨਹਾਉਂਦੇ ਨੇ, ਪਾਠ-ਪੂਜਾ 'ਤੇ ਬੈਠਦੇ ਨੇ। ਹਾਂ, ਰੋਟੀ ਜ਼ਰੂਰ ਕੁਝ ਦਿਨਾਂ ਤੋਂ ਘਟਾ ਦਿੱਤੀ ਏ।
ਜੋਗੀ ਨੇ ਵੀ ਅੱਜ ਸਵੇਰੇ ਈ ਮੈਨੂੰ ਕਿਹਾ ਸੀ ਕਿ ਮਾਤਾ ਕੁਝ ਠੀਕ ਨਹੀ।' 'ਤੂੰ ਕਿੰਨੀ ਲਾਪ੍ਰਵਾਹ ਏਂ। ਮੈਂ ਹੀ ਮਾਂ ਕੋਲ ਜਾਨਾ।'' ਡਾਕਟਰ ਸਾਹਿਬ ਮਾਂ ਦੇ ਕਮਰੇ ਵੱਲ ਭੱਜ ਨਿਕਲੇ ਤੇ ਫੇਰ ਚਾਰੇ ਭਰਾ, ਮਾਂ ਦੇ ਸਿਰਹਾਣੇ ਜਾ ਖੜ੍ਹੇ ਹੋਏ। ਮਾਤਾ ਅੱਖਾਂ ਮੀਚੀ ਪਈ ਸੀ, ਸ਼ਾਂਤ-ਚਿੱਤ। ਜੋਗੀ ਦਾਦੀ ਦੀਆਂ ਪੁੜਪੁੜੀਆਂ ਝੱਸ ਰਿਹਾ ਸੀ। ਪ੍ਰੋਫੈਸਰ ਨੇ ਮਾਂ ਦਾ ਮੱਥਾ ਟੋਹਿਆ। ਡਾਕਟਰ ਨੇ ਫਿਕਰਮੰਦੀ ਦਰਸਾਈ,'' ਮਾਂ ਨੂੰ ਤਾਂ ਬੜਾ ਤਾਪ ਚੜ੍ਹਿਐ।'' ਪਰ ਮਾਤਾ ਇੰਨੇ ਕੁ ਬੁਖਾਰ ਨੂੰ ਕੀ ਸਮਝਦੀ ਸੀ।'' ਨਹੀਂ, ਨਹੀਂ ਮੈਨੂੰ ਬੁਖਾਰ ਤਾਂ ਕੋਈ ਨਹੀਂ ਐਵੇਂ ਜ਼ਰਾ ਕੁ ਦਰਦਾ ਨੇ। ਮੈਂ ਤਾਂ ਹੀ ਸਵੇਰ ਤੋਂ ਉੱਠੀ ਈ ਨਹੀਂ, ਐਵੇਂ ਕਿਉਂ ਫਿਕਰ ਕਰਦੇ ਓ?'' ਉਹਨੇ ਸਾਰਿਆਂ ਨੂੰ ਚਿੰਤਾਮੁਕਤ ਕਰਨ ਲਈ ਕਿਹਾ। ਸ਼ਾਮ ਤੱਕ ਮਾਤਾ ਬੇਹੋਸ਼ ਹੀ ਹੋ ਗਈ, ਅੱਖਾਂ ਹੀ ਨਾ ਖੋਲ੍ਹੇ। ਅਗਲੇ ਤਿੰਨ ਦਿਨਾਂ ਵਿਚ ਕਮਰਾ ਤਰ੍ਹਾਂ-ਤਰ੍ਹਾਂ ਦੀਆਂ ਦਵਾਈਆਂ, ਟੀਕਿਆਂ ਤੇ ਉਨ੍ਹਾਂ ਦੀ ਗੰਧ ਨਾਲ ਭਰ ਗਿਆ। ਉੱਡੇ ਮੂੰਹਾਂ ਵਾਲੇ ਪੁੱਤ ਕਮਰੇ ਦੇ ਅੰਦਰ ਬਾਹਰ ਹੋਈ ਜਾਂਦੇ। ਨੂੰਹਾਂ ਦੇ ਵੀ ਜਿਹੇਂ ਹੋਸ਼ ਉੱਡ ਗਏ ਸਨ।'' ਮਾਂ ਨੇ ਦਵਾਈ ਲਈ? ਮਾਂ ਨੇ ਦੁੱਧ ਪੀਤਾ? ਮਾਂ ਨੇ ਰਸ ਪੀਤਾ? '' ਸਵਾਲ ਬੱਸ ਇਹੋ ਜਿਹੇ ਹੀ ਹੋ ਕੇ ਰਹਿ ਗਏ। ਖਰਚੇ, ਦਵਾਈਆਂ ਡਾਕਟਰਾਂ ਦਾ ਕੋਈ ਅੰਤ ਨਾ ਰਿਹਾ। ਮਾਤਾ ਨੂੰ ਬਚਾਉਣ ਦੀ ਮੁਹਿੰਮ ਛਿੜ ਗਈ। ਧੀਆਂ ਵੀ ਆ ਕੇ ਮਾਂ ਦੇ ਗੋਡੇ-ਮੁੱਢ ਲੱਗ ਗਈਆਂ। ਦੁਖੀ ਤਾਂ ਸਾਰੇ ਸਨ ਪਰ ਜੋਗੀ ਦਾ ਦੁੱਖ ਕੋਈ ਨਹੀਂ ਸੀ ਜਾਣਦਾ। ਰਾਤ ਨੂੰ ਸਾਰੇ ਸੌਂ ਜਾਂਦੇ, ਪਰ ਜੋਗੀ ਦਾਦੀ ਦੇ ਕੋਲ ਹੀ ਮੰਜੇ 'ਤੇ ਸਿਰ ਸੁੱਟੀ ਬੈਠਾ ਰਹਿੰਦਾ। ਬੇਹੋਸ਼, ਸੁੱਧ -ਬੁੱਧ ਤੋਂ ਸੱਖਣੀ ਮਾਤਾ ਰਾਤ ਵੇਲੇ ਅਚਨਚੇਤ ਜੋਗੀ ਦਾ ਮੱਥਾ ਪਲੋਸਦੀ ਤੇ ਕਦੇ-ਕਦੇ ਕੁਝ ਕਹਿੰਦੀ ਵੀ, ਪਰ ਨਾਲ ਦੀ ਨਾਲ ਫਿਰ ਨੀਂਦੇ ਸੌ ਜਾਂਦੀ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਜਦੋਂ ਘਰ ਹੁੰਦੇ ਤਾਂ ਮਾਤਾ ਦੇ ਕਮਰੇ ਵਿਚ ਹੀ ਬੈਠੇ ਰਹਿੰਦੇ। ਪ੍ਰੋਫੈਸਰ, ਡਾਕਟਰ ਤੇ ਵਕੀਲ ਪੁੱਤ ਬਚਪਨ ਦੀਆਂ ਗੱਲਾਂ ਕਰਦੇ। ਮਾਂ ਦੀ ਘਾਲਣਾ ਯਾਦ ਕਰਦੇ। ਨੂੰਹਾਂ ਛੋਟੀ ਛੋਟੀ ਗੱਲੋਂ ਮਾਂ ਦਾ ਵਿਰੋਧ ਕਰਨ ਦੀਆਂ ਗੱਲਾਂ ਨੂੰ ਯਾਦ ਕਰਕੇ ਆਪਣੀ ਗਲਤੀ 'ਤੇ ਝੂਰਦੀਆਂ। ਪੋਤੇ-ਪੋਤੀਆਂ ਕੰਧਾਂ ਕੌਲਿਆਂ ਪਿੱਛੇ ਖੜ੍ਹ ਕੇ ਰੋ ਲੈਂਦੇ। ਜੋਗੀ ਦਾ ਦੁੱਖ ਤਾਂ ਉਸ ਦੇ ਅੰਗ-ਅੰਗ ਵਿਚੋਂ ਛਲਕਦਾ ਸੀ। ਤੇ ਫੇਰ ਮਾਤਾ ਚਲਾਣਾ ਕਰ ਗਈ। ਪਰਿਵਾਰ ਦੀਆਂ ਧੀਆਂ ਵੱਲੋਂ ਚੌਥੇ ਦਿਨ ਦਿੱਤੀ ਗਈ ਸ਼ਰਧਾਜਲੀ ਮਗਰੋਂ ਉਠਾਲਾ ਹੋ ਗਿਆ। ਹੁਣ ਚਾਰੇ ਪੁੱਤਰਾਂ ਨੇ ਮਾਂ ਨੂੰ ਵਿਦਾਇਗੀ ਦੇਣ ਲਈ ਸ਼ਰਾਧ ਕਰਨਾ ਸੀ। ਉਨ੍ਹਾਂ ਮਾਂ ਦੇ ਅਗਲੇ ਸਫਰ ਲਈ ਸਾਮਾਨ ਢੋਣਾ ਸੀ। ਨਵੇਂ ਬਿਸਤਰੇ, ਤਲਾਈਆਂ, ਰਜਾਈਆਂ, ਰੇਸ਼ਮੀ ਸਿਰ੍ਹਾਣੇ, ਭਾਂਡੇ ਤੇ ਕਿੰਨਾ ਕੁਝ ਹੀ ਕੁਝ ਨਵਾਂ ਇਕੱਠਾ ਹੋਇਆ। ਦੂਰੋਂ-ਪਾਰੋਂ ਸਾਰੇ ਰਿਸ਼ਤੇਦਾਰ ਘਰ ਵਿਚ ਇਕੱਠੇ ਹੋ ਰਹੇ ਸਨ। ਮਾਤਾ ਦੇ ਸਭ ਤੋਂ ਨੇੜਲੇ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਦੇ ਹੱਥੋਂ ਸ਼ਰਾਧ ਦੀ ਰਸਮ ਹੋਣੀ ਸੀ, ਪਰ ਜੋਗੀ ਕਿੱਥੇ ਸੀ? ਉਹ ਨਾ ਖਾਂਦਾ, ਨਾ ਦਿਸਦਾ ਸਭ ਤੋਂ ਛੋਟਾ ਚਾਚਾ ਕਦੇ ਉਹਨੂੰ ਲੱਭਦਾ ਤੇ ਬੁਲਾ ਕੇ ਰੋਟੀ ਖਵਾਉਂਦਾ। ਮੁੰਡਾ ਪੀਲਾ ਭੂਕ ਵਰਗਾ ਹੋਇਆ ਪਿਆ ਸੀ। ਚਿੱਟੇ ਪਰ ਮੈਲੇ ਕੱਪੜੇ, ਵਾਲ ਖਿੰਡੇ ਹੋਏ। ਉਹ ਡਡਰਿਆਂ ਵਾਂਗ ਝਾਕਦਾ ਜਿਵੇਂ ਕਿਸੇ ਹੋਰ ਗ੍ਰਹਿ ਤੋਂ ਆਇਆ ਹੋਵੇ। ਸ਼ਰਾਧ ਦਾ ਦਿਨ ਵੀ ਆ ਗਿਆ। ਘਰ ਨੂੰ ਨਵੀਂ ਜਿਹੀ ਦਿੱਖ ਦਿੱਤੀ ਗਈ। ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਤੇ ਭਜਨ ਮੰਡਲੀਆਂ ਨੇ ਆਪੋ-ਆਪਣੀਆਂ ਥਾਵਾਂ ਸਾਂਭ ਲਈਆਂ। ਪ੍ਰੋਫੈਸਰ ਨੇ ਜੋਗੀ ਨੂੰ ਸੱਦਿਆ, 'ਕਿਥੇ ਸੀ? ਇੱਥੇ ਆ ਬੈਠ ਇੱਥੇ?'' ਮੁੰਡੇ ਨੇ ਹੈਰਾਨੀ ਜਿਹੀ 'ਚ ਪੁੱਛਿਆ, ''ਕਿਉਂ, ਮੈਂ ਇਥੇ ਕੀ ਕਰਨੈ? 'ਤੂੰ ਆਪਣੀ ਦਾਦੀ ਲਈ ਇਹ ਸਾਰਾ ਸਾਮਾਨ ਦਾਨ ਕਰਨਾ ਏ? 'ਦਾਨ? ਕਿਹਨੂੰ?'' 'ਤੂੰ ਚੁੱਪ ਕਰ ਕੇ ਬੈਠ ਜਾ ਇਥੇ ਆਕੇ!'' ਜੋਗੀ ਚੁਪਚਾਪ ਬੈਠ ਗਿਆ ਤੇ ਫੇਰ ਪੰਡਿਤ ਦੇ ਪਿੱਛੇ ਪਿੱਛੇ ਮੰਤਰ ਵੀ ਬੋਲਣ ਲੱਗ ਪਿਆ। ਮੰਤਰ ਬੋਲਦਿਆਂ ਬੋਲਦਿਆਂ ਉਸ ਦਾ ਸਬਰ ਟੁੱਟ ਗਿਆ। ਉਸ ਨੇ ਉੱਚੀ ਸਾਰੀ ਲੇਰ ਮਾਰੀ। 'ਹਾਏ ਦਾਦੀ! ਤੂੰ ਕਿਉਂ ਤੁਰ ਗਈ ਦਾਦੀ! ਇਨ੍ਹਾਂ ਪਖੰਡੀਆਂ ਤੇਰੇ ਜਿਉਂਦੇ ਜੀਅ ਬਿਸਤਰਿਆਂ ਤੇ ਭਾਂਡਿਆਂ ਦੀ ਖਾਤਰ ਹੀ ਤੈਨੂੰ ਭੰਡਿਆ ਸੀ।'' ਹੋਰ ਪੋਤੇ ਪੋਤਰੀਆਂ ਵੀ ਆਪੋ-ਆਪਣੀ ਥਾਂ ਡੁਸਕਣ ਲੱਗ ਪਏ। ਪਰ੍ਹਾਂ ਬੈਠੇ ਦੋਸਤ, ਮਿੱਤਰ, ਰਿਸ਼ਤੇਦਾਰ ਵੀ ਦੌੜੇ ਆਏ। 'ਕੀ ਹੋਇਆ, ਕੀ ਹੋਇਆ?'' ਜੋਗੀ ਅੱਗੋ ਕੁਝ ਨਾ ਬੋਲਿਆ ਤੇ ਖੁਦ ਨੂੰ ਸੰਭਾਲਣ ਦੀ ਕੋਸ਼ਿਸ਼ ਕਰਨ ਲੱਗਾ। 'ਇਹ ਕੀ ਬਕਦੈਂ ਬੇਸ਼ਰਮਾਂ। ਪ੍ਰੋਫੈਸਰ ਆਪਣੇ ਪੁੱਤ ਨੂੰ ਘੂਰ ਰਿਹਾ ਸੀ। ਛੋਟੇ ਚਾਚੇ ਨੇ ਕਿਹਾ, 'ਜੋਗੀ, ਕੀ ਗੱਲ ਏ? ਤੂੰ ਦੱਸ ਮੈਨੂੰ!''ਜੋਗੀ ਦੀਆਂ ਅੱਖਾਂ 'ਚੋ ਦਰਿਆ ਵਹਿ ਤੁਰੇ,'' ਤੁਸੀਂ ਦਾਦੀ ਨੂੰ ਕਦੇ ਸੁਖ ਨਹੀਂ ਦਿੱਤਾ। ਹਰ ਗੱਲ 'ਤੇ ਉਸ ਨੂੰ ਟੋਕਦੇ ਰਹੇ। ਉਹ ਸਾਡੇ ਲਈ ਸਾਮਾਨ ਬਣਾਉਂਦੀ ਤੇ ਤੁਸੀ ਭੰਡਦੇ ਰਹੇ। ਮੈਂ ਮਰੀ ਹੋਈ ਦਾਦੀ ਦੇ ਨਾਂ 'ਤੇ ਕੋਈ ਦਾਨ ਨਹੀਂ ਕਰ ਸਕਦਾ!'' ਜੋਗੀ ਉਥੋਂ ਉੱਠ ਕੇ ਭੱਜ ਤੁਰਿਆ। ਛੋਟੇ ਚਾਚੇ ਦੀਆਂ ਅੱਖਾਂ ਵਿਚੋਂ ਵੀ ਦਰਦ ਛਲਕਿਆ ਤੇ ਤਿੰਨੋ ਵੱਡੇ ਭਰਾ ਇਕ ਦੂਜ ਦੇ ਮੂੰਹ ਵੱਲ ਝਾਕਣ ਲੱਗੇ। ਚੁੱਪ-ਗੜੂੱਪ।

## ਵਿਅੰਗ

# ਜ਼ਰਾ ਦੇਖ ਕੇ ਚਲੋ

ਗਿੱਦੜ ਨਖਿੱਧ ਜਿਹਾ ਜਾਨਵਰ ਗਿਣਿਆ ਜਾਂਦਾ ਹੈ। ਕੋਈ ਡਰਾਕਲ ਹੋਵੇ ਤਾਂ ਉਸ ਨੂੰ ਗਿੱਦੜ ਜਿਹਾ ਡਰਾਕਲ ਆਖ ਦਿੱਤਾ ਜਾਂਦਾ ਹੈ। ਕਿਸੇ ਬਾਜ਼ਾਰੀ ਮਜਨੂੰ ਨੂੰ ਲੋਕ ਕੁੱਟ ਧਰਨ ਤਾਂ ਇਸ ਨੂੰ ਗਿੱਦੜ ਕੁਟ ਕਿਹਾ ਜਾਂਦਾ ਹੈ। ਇਸ ਪ੍ਰਕਾਰ ਜੇ ਕੋਈ ਜੇਬਕਤਰਾ ਮੌਕੇ ਤੇ ਫੜੇ ਜਾਣ ਕਾਰਨ ਕੁੱਟਿਆ ਜਾਵੇ ਤਾਂ ਉਹ ਵੀ ਗਿੱਦੜ ਕੁੱਟ ਦੀ ਮਾਰ ਹੇਠ ਆ ਜਾਂਦਾ ਹੈ। ਅਜਿਹੀ ਕੁੱਟ ਵਿਚ ਸਾਡੇ ਜਿਹੇ ਵੀ ਦੋ-ਚਾਰ ਜੁੱਤੀਆਂ ਲਾ ਕੇ ਸ਼ੇਰ ਬਣ ਦੇ ਦੇਖ ਲੈਂਦੇ ਹਨ ਉਂਝ ਭਾਵੇਂ ਘਰ ਵਾਲੀ ਤੋਂ ਚੌਵੀ ਘੰਟੇ ਡਰਕੇਜੂਨ ਪੂਰੀ ਕਰਦੇ ਹੋਣ। ਸਪਸ਼ਟ ਹੈ ਕਿ ਗਿੱਦੜ ਦੀ ਚਰਚਾ ਕਈ ਵਾਰ ਹੋ ਜਾਂਦੀ ਹੈ। ਪੁਰਾਣੇ ਬਜ਼ੁਰਗ ਪਹਿਲੇ ਵੇਲਿਆਂ ਵਿਚ 'ਸ਼ੁਕਰ ਸੁਰਮਈ ਦੇ ਰੰਗਾਂ ਨੂੰ ਕਿ ਗਿੱਦੜ ਚੱਲੇ ਗੰਗਾ ਨੂੰ' ਕਈ ਵਾਰ ਉਚਰਦੇ ਸਨ। ਚਾਹੇ ਹੁਣ ਦੀ ਅੰਗਰੇਜ਼ੀ ਤਰਜ਼ ਦੀ ਪੀੜ੍ਹੀ ਅਜਿਹੇ ਦੇਸੀ ਕਥਨਾਂ ਤੋਂ ਪੂਰੀ ਤਰ੍ਹਾਂ ਬੇਖਬਰ ਹੀ ਹੈ। ਹਾਂ ਗਿੱਦੜਸਿੰਗੀ ਤੋਂ ਜਾਣੂ ਹੋਣਗੇ। ਖੈਰ, ਅਸੀਂ ਗੱਲ ਕਰਨੀ ਹੈ ਗਿੱਦੜਚੀਕ ਦੀ ਜੋ ਸਭ ਤੋਂ ਵੱਧ ਚਰਚਾ ਵਿਚ ਆਉਂਦੀ ਹੈ। ਇਹ ਭੇਡ ਚਾਲ ਦੀ ਤਰਜ਼ ਵਾਲਾ ਕੰਮ ਹੁੰਦਾ ਹੈ। ਜਿਸ ਤਰ੍ਹਾਂ ਇਕ ਭੇਡ ਦੂਜੀ ਭੇਡ ਦੇ ਪਿੱਛੇ ਪਿੱਛੇ ਹੋ ਲੈਂਦੀ ਹੈ ਉਸੇ ਤਰ੍ਹਾਂ ਜੇ ਗਿੱਦੜ ਕਿਸੇ ਕਾਰਨ ਚੀਕ ਮਾਰ ਦੇਵੇ ਤਾਂ ਨੇੜੇ ਤੇੜੇ ਦੇ ਗਿੱਦੜ ਫੌਰਨ ਚੀਕਾਂ ਮਰਨ ਲੱਗ ਪੈਂਦੇ ਹਨ। ਇੰਜ ਇਹ ਆਪਣੀ ਕਟੁੰਬੀ ਦੀ ਏਕਤਾ ਦਾ ਪ੍ਰਗਟਾਵਾ ਕਰਦੇ ਹਨ। ਭਾਵ ਪਹਿਲੀ ਚੀਕ ਦੇ ਕਾਰਨ ਪਿੱਛੇ ਨਹੀਂ ਜਾਇਆ ਜਾਂਦਾ ਕੇਵਲ ਗਿੱਦੜ ਯੂਨੀਅਨ ਜ਼ਿੰਦਾਬਾਦ ਦਾ ਕੰਮ ਹੀ ਕੀਤਾ ਜਾਂਦਾ ਹੈ। ਗਿੱਦੜ ਚੀਕ ਕਈ ਵਾਰ ਚੇਤੇ ਆ ਜਾਂਦੀ ਹੈ ਬੰਦੇ ਹਾਲਾਂਕਿ ਸੋਚਣ ਸਮਝਣ ਦੀ ਤਾਕਤ ਨਾਲ ਲੈਸ ਹੁੰਦੇ ਹਨ ਪਰ ਕਈ ਹਾਲਤਾਂ ਵਿਚ ਇਹ ਗਿੱਦੜ ਦੇ ਪੈਰੋਕਾਰ ਹੀ ਬਣ ਜਾਂਦੇ ਹਨ ਪਰ ਇਹ ਮਨੁੱਖੀ ਕਾਰ-ਵਿਹਾਰ ਵਿਚ ਹਾਨੀਕਾਰਕ ਸਿੱਧ ਹੁੰਦੀ ਹੈ। ਕਿਉਂਕਿ ਗਲਤ-ਠੀਕ ਦਾ ਫਰਕ ਖਤਮ ਹੋ ਜਾਂਦਾ ਹੈ।

ਕਈ ਵਾਰ ਚੀਕਾਂ ਸੰਘ ਪਾੜਨ ਜਾਂ ਸਿਰ ਪੋਲ ਕਰਨ ਦਾ ਕੰਮ ਹੀ ਕਰਦੀਆਂ ਹਨ। ਸਾਡੇ ਜਦੋਂ ਸਮਾਜਵਾਦ ਦੀ ਚੜ੍ਹਤ ਵੇਲੇ ਮੁਲਾਜ਼ਮ, ਮਜ਼ਦੂਰ, ਜਥੇਬੰਦੀਆਂ ਦਾ ਜ਼ੋਰ ਹੁੰਦਾ ਸੀ ਉਥੋਂ ਕਈ ਵਾਰ ਬਗੈਰ ਸੋਚੇ ਪਰਖੇ ਗਿੱਦੜ ਚੀਕ ਪੈਣ ਲੱਗ ਪੈਂਦੀ ਸੀ। ਅਫਸਰਸ਼ਾਹੀ ਭਾਵੇ ਅਫਸਰ ਲੋਕ ਮਾਰਖਾਨੇਦਾਰ ਕੋਈ ਮਜ਼ਦੂਰ ਤੇ ਮੁਲਾਜ਼ਮ ਦੇ ਸ਼ਰੀਕ ਯਾਨਿ ਕਿ ਦੁਸ਼ਮਣ ਸਮਝੇ ਜਾਂਦੇ ਹਨ। ਨਤੀਜੇ ਵਜੋਂ ਜੇ ਕੋਈ ਈਮਾਨਦਾਰ ਅਫਸਰ ਵੀ ਕਿਸੇ ਗੈਰ-ਜ਼ਿੰਮੇਵਾਰ ਮੁਲਾਜ਼ਮ ਨੂੰ ਡਿਊਟੀ ਪ੍ਰਤੀ ਸੁਚੇਤ ਕਰਦਾ ਤਾਂ ਉਸ ਖਿਲਾਫ ਵੀ 'ਅਫਰਸ਼ਾਹੀ ਮੁਰਦਾਬਾਦ' ਅਤੇ 'ਮੁਲਾਜ਼ਮ ਏਕਤਾ ਜ਼ਿੰਦਾਬਾਦ' ਦਾ ਬੈਂਡ ਵਾਜਾ ਵੱਜਣ ਲੱਗ ਪੈਂਦਾ ਸੀ। ਇਸੇ ਪ੍ਰਕਾਰ ਕਿਸੇ ਨੇਕ ਨੀਤ ਕਾਰਖਾਨੇ ਦੇ ਮਾਲਿਕ ਵਲੋਂ ਜੇ ਕਿਸੇ ਮਜਬੂਰੀ ਵੱਸ ਮਜ਼ਦੂਰਾਂ ਨੂੰ ਕੁਝ ਆਖ ਦਿੱਤਾ ਜਾਂਦਾ ਤਾਂ ਵੀ ਸਰਮਾਏਦਾਰੀ ਮੁਰਦਾਬਾਦ ਤੇ ਮਜ਼ਦੂਰ ਏਕਤਾ ਜ਼ਿੰਦਾਬਾਦ ਦਾ ਸੰਗੀਤ ਸ਼ੁਰੂ ਹੋ ਜਾਂਦਾ ਸੀ। ਲਿਖਣ ਦਾ ਭਾਵ ਇਹ ਨਹੀਂ ਕਿ ਭ੍ਰਿਸ਼ਟ ਅਫਸਰਾਂ ਤੇ ਗਰੀਬਮਾਰ ਕਾਰਖਾਨੇਦਾਰ ਜਾਂ ਸਰਮਾਏਦਾਰ ਦਾ ਵਿਰੋਧ ਨਾ ਕੀਤਾ ਜਾਵੇ।

ਅਸੀਂ ਆਪ ਸਮਾਜਵਾਦੀ ਵਿਚਾਰਧਾਰਾ ਰੱਖਦੇ ਹਾਂ ਤੇ ਇਸ ਦੇ ਪਤਨ 'ਤੇ ਵੀ ਦੁਖੀ ਵੀ ਹਾਂ ਪਰ ਹਰ ਕੇਸ ਜਾਂ ਸਮੱਸਿਆ ਦੀ ਘੋਖ ਜ਼ਰੂਰ ਹੋਣੀ ਚਾਹੀਦੀ ਹੈ ਤੇ ਘੋਟਾ ਲਗਾ ਕੇ ਚੀਕ ਚੰਘਿਆੜਾ ਨਹੀਂ ਪਾਉਣਾ ਚਾਹੀਦਾ ਜੇ ਕੋਈ ਵਿਰੋਧ ਕਰਨ ਦੇ ਯੋਗ ਹੈ ਤਾਂ ਵਿਰੋਧ ਡੱਟ ਕੇ ਹੋਣਾ ਚਾਹੀਦਾ ਹੈ ਪਰ ਜੇ ਕੋਈ ਨੇਕ ਅਫਸਰ ਜਾਂ ਸਰਮਾਏਦਾਰ ਡਿਊਟੀ ਚੰਗੀ ਤਰ੍ਹਾਂ ਕਰਨ ਲਈ ਆਖੇ ਜਾਂ ਤਾੜੇ ਤਾਂ ਇਸ ਵਿਰੁੱਧ ਗਿੱਦੜ ਚੀਕ ਘਾਤਕ ਸਿੱਧ ਹੁੰਦੀ ਹੈ।

ਸਮਾਜਵਾਦ ਦਾ ਪਤਨ ਤੇ ਨਿਜੀਕਰਨ ਜਾਂ ਪੂੰਜੀਵਾਦ ਦੀ ਚੜ੍ਹਤ ਦਾ ਇਕ ਵੱਡਾ ਕਾਰਨ ਜਥੇਬੰਦੀਆਂ ਦੀਆਂ ਗਿੱਦੜ ਚੀਕਾਂ ਹਨ। ''ਮੇਰੇ ਹੱਕ ਇਥੇ ਰੱਖ'' ਉਤੇ ਜ਼ੋਰ ਦਿੱਤਾ ਗਿਆ ਤੇ ਕਾਮੇ ਨੂੰ ਫਰਜ਼ ਪੂਰਤੀ ਬਾਰੇ ਅਵੇਸਲਾ ਕਰ ਛੱਡਿਆ। ਪੈਦਾਵਾਰ ਘੱਟ ਗਈ। ਕੰਮ ਚੋਰੀ ਭਾਰੂ ਹੋ ਗਈ ਇਸ ਸਮਾਜਵਾਦ ਦਾ ਚੰਗਾ ਭਲਾ ਸੰਕਲਪ ਬਦਨਾਮ ਹੋ ਕੇ ਰਹਿ ਗਿਆ। ਸਪੱਸ਼ਟ ਹੈ ਕਿ ਗਿੱਦੜ ਚੀਕ ਮਾਰਨ ਤੋਂ ਪਹਿਲਾਂ ਪੂਰੀ ਤਰ੍ਹਾਂ ਵਿਚਾਰ ਕਰਨਾ ਜ਼ਰੂਰੀ ਹੁੰਦਾ ਹੈ। ਪਹਿਲੀ ਚੀਕ ਦੇ ਠੀਕ ਗਲਤ ਹੋਣ ਬਾਰੇ ਪੂਰੀ ਤਰ੍ਹਾਂ ਪੁਣ ਛਾਣ ਕਰਕੇ ਹੀ ਅਗਾਂਹ ਕਦਮ ਪੁੱਟਣਾ ਚਾਹੀਦਾ ਹੈ। ਜੇ ਪਹਿਲੀ ਚੀਕ ਠੀਕ ਨਾ ਲੱਗੇ ਤਾਂ ਉਸ ਨੂੰ ਸਮਝਾ ਕੇ ਚੁੱਪ ਕਰਾਉਣਾ ਚਾਹੀਦਾ ਹੈ। ਨਿਰਾ ਕੋੜਮੇ ਤੇ ਕਬੀਲੇ ਦੇ ਅਸਰ ਹੇਠ ਨਹੀਂ ਆਉਣਾ ਚਾਹੀਦਾ। ਕਾਮਰੇਡ ਜਾਂ ਸਾਥੀ ਹੋਣਾ ਮਾੜਾ ਨਹੀਂ ਪਰ ਅਨ੍ਹੇਵਾਹ ਇਕ ਦੂਜੇ ਦੇ ਮਗਰ ਲੱਗਣਾ ਹਾਨੀਕਾਰਕ ਹੁੰਦਾ ਹੈ। ਇੰਝ ''ਹਮ ਤੋ ਡੂਬੇ ਹੈਂ ਸਨਮ, ਤੁਝ ਕੋ ਭੀ ਲੇ ਕੇ ਡੂਬੇਂ ਗੇਂ'' ਵਾਲਾ ਕੰਮ ਵੀ ਹੋ ਜਾਂਦਾ ਹੈ। ਇਸ ਲਈ ਸਾਥ ਅਕਲ ਨਾਲ ਹੋਣਾ ਚਾਹੀਦਾ ਹੈ। ਨਾ ਕਿ ਗਿੱਦੜ ਚੀਕ ਦੇ ਨੁਸਖੇ ਮੁਤਾਬਕ। ਗਿੱਦੜ ਚੀਕ ਗਿੱਦੜ ਲਈ ਹੀ ਠੀਕ ਹੈ ਬੰਦਿਆਂ ਲਈ ਨਹੀਂ। ਬੰਦਿਆਂ ਨੂੰ ਤਾਂ ''ਏ ਭਾਈ ਜ਼ਰਾ ਦੇਖ ਕੇ ਚਲੋ'' ਚੇਤੇ ਰੱਖਣਾ ਚਾਹੀਦਾ ਹੈ।

-ਰਾਜਿੰਦਰ ਪਾਲ ਸ਼ਰਮਾ

## ਵਿਅੰਗ

# ਲੀਡਰਾਂ ਤੇ ਮਾਸਟਰਾਂ ਦੀ ਬੱਲੇ-ਬੱਲੇ

ਜਿਸ ਤਰ੍ਹਾਂ ਦਲੀਲ ਤੇ ਵਕੀਲ ਦਾ ਸਬੰਧ ਹੈ, ਉਸੇ ਤਰ੍ਹਾਂ ਲੀਡਰ ਤੇ ਲੈਕਚਰ ਦਾ ਹੈ। ਜਿਹੜਾ ਬੰਦਾ ਲੈਕਚਾਰ ਨਹੀਂ ਕਰ ਸਕਦਾ, ਉਹ ਲੀਡਰ ਨਹੀਂ ਹੋ ਸਕਦਾ। ਕੰਮ ਜਾਂ ਕਿੱਤਾ, ਜੋ ਅਜਿਹਾ ਹੈ ਪਰ ਲੀਡਰ ਵੀ ਹਰੇਕ ਨਹੀਂ ਬਣ ਸਕਦਾ। ਵਿਸ਼ੇਸ਼ ਰੁਚੀ ਤੇ ਰੁਝਾਨ ਦੀ ਲੋੜ ਹੁੰਦੀ ਹੈ। ਇਕ ਵਾਰ ਇਕ ਮੁਹੱਲੇ ਵਾਲੇ ਇਸ ਗੱਲੋਂ ਔਖੇ ਸਨ ਕਿ ਜਦੋਂ ਵੀ ਉਨ੍ਹਾਂ ਨੂੰ ਸਰਕਾਰੇ ਦਰਬਾਰੇ ਮਾੜਾ ਮੋਟਾ ਕੰਮ ਪੈਂਦਾ ਸੀ ਤਾਂ ਉਨ੍ਹਾਂ ਨੂੰ ਹੋਰ ਮੁਹੱਲੇ ਤੋਂ ਕੋਈ ਲੀਡਰ ਨਾਲ ਲੈ ਕੇ ਜਾਣਾ ਪੈਂਦਾ ਸੀ। ਇਕ ਦਿਨ ਮੁਹੱਲੇ ਦਾ ਇਕੱਠ ਹੋਇਆ ਤੇ ਸਾਰਿਆਂ ਨੇ ਲੀਡਰ ਦੀ ਘਾਟ ਬਾਰੇ ਵਿਚਾਰ ਕੀਤਾ। ਫੈਸਲਾ ਇਹ ਹੋਇਆ ਕਿ ਕੋਈ ਮੁਹੱਲੇ ਵਿਚੋਂ ਲੀਡਰ ਪੈਦਾ ਕੀਤਾ ਜਾਵੇ ਤਾਂ ਜੋ ਦੂਜਿਆਂ ਦੇ ਮਗਰ ਫਿਰਨ ਵਿਚ ਹੁਣ ਜਿਹੜਾ ਲੜਕਾ ਪੈਦਾ ਹੋਏਗਾ, ਉਸ ਨੂੰ ਲੀਡਰ ਬਣਾਓ। ਸੁਭਾਵਿਕ ਤੌਰ 'ਤੇ ਕਿਸੇ ਘਰ ਲੜਕਾ ਪੈਦਾ ਹੋ ਗਿਆ। ਸਾਰਾ ਮੁਹੱਲਾ ਉਸ ਨੂੰ ਆਪਣਾ ਹੀ ਸਮਝਦਾ ਸੀ ਕਿਉਂਕਿ ਲੀਡਰ ਦੀ ਘਾਟ ਪੂਰੀ ਹੋਣ ਦੀ ਉਸ ਤੋਂ ਆਸ ਸੀ। ਉਸ ਦੀ ਸੇਵਾ ਤੇ ਖਾਤਿਰਦਾਰੀ ਵੀ ਸਭ ਕਰਦੇ ਸਨ। ਆਸ਼ੀਰਵਾਦ ਤੇ ਸ਼ੁੱਭ ਇੱਛਾਵਾਂ ਉਸ ਸੰਭਾਵੀ ਲੀਡਰ ਨੂੰ ਮਿਲਦੀਆਂ ਸਨ।

ਹੌਲੀ ਹੌਲੀ ਉਹ ਵੱਡਾ ਹੁੰਦਾ ਗਿਆ ਤੇ ਮੁਹੱਲੇ ਵਾਲੇ ਖੁਸ਼ ਹੁੰਦੇ ਗਏ ਪਰ ਉਸ ਮੁੰਡੇ ਨੇ ਘਰਵਾਲਿਆਂ ਨੂੰ ਦੁਕਾਨ ਪਾ ਕੇ ਦੇਣ ਲਈ ਆਖ ਦਿੱਤਾ। ਲੀਡਰਾਂ ਵਾਲੇ ਜਰਾਸੀਮ ਉਸ ਵਿਚ ਉੱਕਾ ਹੀ ਨਹੀਂ ਸਨ। ਜਦੋਂ ਮੁਹੱਲੇ ਵਾਲਿਆਂ ਨੂੰ ਉਸ ਦੀ ਇੱਛਾ ਬਾਰੇ ਪਤਾ ਲੱਗਾ ਤਾਂ ਉਹ ਭੱਜੇ-ਭੱਜੇ ਮੁੰਡੇ ਦੇ ਘਰ ਆਏ। ਉਸਨੂੰ ਸਮਝਾਉਣ ਲੱਗੇ ਕਿ ਅਸੀਂ ਤਾਂ ਸਾਰਾ ਜ਼ੋਰ ਤੈਨੂੰ ਲੀਡਰ ਬਣਾਉਣ 'ਤੇ ਲਾਇਆ ਸੀ ਪਰ ਤੂੰ ਲੂਣ-ਤੇਲ ਵੇਚਣ ਲਈ ਜ਼ਿੱਦ ਫੜੀ ਬੈਠਾ ਹੈ ਪਰ ਮੁੰਡੇ ਨੇ ਸਾਫ ਕਹਿ ਦਿੱਤਾ ਕਿ ਉਸਨੂੰ



ਲੀਡਰੀ ਦਾ ਕੋਈ ਸ਼ੌਕ ਨਹੀਂ ਤੇ ਦੁਕਾਨ ਹੀ ਕਰੇਗਾ। ਮੁਹੱਲੇ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਉਪਰੋਕਤ ਤੋਂ ਸਪੱਸ਼ਟ ਹੈ ਕਿ ਸੁਭਾਵਿੱਕ ਰੁਝਾਨ ਤੇ ਰੁਚੀ ਬਗੈਰ ਬੰਦਾ ਨਾ ਤਾਂ ਲੀਡਰ ਬਣ ਸਕਦਾ ਹੈ ਤੇ ਨਾ ਕੋਈ ਹੋਰ ਮੱਲ ਮਾਰ ਸਕਦਾ ਹੈ। ਹਰ ਕੰਮ ਵਿਚ ਸਫਲਤਾ ਲਈ ਵਿਸ਼ੇਸ਼ ਰੁਚੀ ਦੀ ਲੋੜ ਹੁੰਦੀ ਹੈ। ਆਉਂਦੇ ਹਾਂ ਲੀਡਰ ਲੈਕਚਰ ਵੱਲ। ਲੀਡਰ ਨੂੰ ਆਮ ਜਨਤਕ ਭਾਸ਼ਣ ਤਾਂ ਕਰਨੇ ਹੀ ਪੈਂਦੇ ਹਨ। ਵਿਸ਼ੇਸ਼ ਕਰਕੇ ਚੋਣਾਂ ਦੇ ਨੇੜੇ ਜਾ ਕੇ ਤਾਂ ਲੈਕਚਰਾਂ ਦੀ ਧੂੜ ਵਰ੍ਹਾਉਣੀ ਪੈਂਦੀ ਹੈ। ਆਮ ਹਾਲਾਤ ਵਿਚ ਵੀ ਕਦੇ ਟੂਰਨਾਮੈਂਟ ਦੇ ਉਦਘਾਟਨ ਜਾਂ ਸਮਾਪਤੀ 'ਤੇ ਬੋਲਣਾ ਪੈਂਦਾ ਹੈ ਤੇ ਕਈ ਵਾਰ ਕਿਸੇ ਮੇਲੇ ਮੁਸ਼ਾਵੇ 'ਤੇ। ਹੋਰ ਤਾਂ ਹੋਰ ਸਾਡੇ ਸਮਾਜਿਕ ਸਮਾਗਮਾਂ ਵਿਚ ਵੀ ਲੀਡਰਾਂ ਦੇ ਭਾਸ਼ਣ ਉਰਫ ਲੈਕਚਰ ਆਮ ਚੱਲਦੇ ਹਨ। ਕਈਆਂ ਦੀ ਤਾਂ ਲੀਡਰਾਂ ਨਾਲ ਨੇੜਤਾ ਹੁੰਦੀ ਹੈ ਤੇ ਬਹੁਤੇ ਸਾਡੇ ਜਿਹੇ ਖਿੱਚ ਧੂਹ ਕੇ ਲੀਡਰਾਂ ਨੂੰ ਸੱਦ ਲੈਂਦੇ ਹਨ। ਮਰਗਤ ਦੇ ਭੋਗ ਤੇ ਦੋ-ਚਾਰ ਲੀਡਰਾਂ ਵਲੋਂ 'ਸ਼ਰਧਾਂਜਲੀ ਲੈਕਚਾਰ' ਆਮ ਹੁੰਦੇ ਹਨ। ਵਿਆਹ ਮੰਗਣਾ ਵੀ ਇਨ੍ਹਾਂ ਬਗੈਰ ਨਹੀਂ ਸਜਦਾ। ਜੇ ਕਿਤੇ ਇਥੇ ਵੀ ਦੋ-ਚਾਰ ਲਫਜ਼ ਬੋਲਣੇ ਹੋਣ ਤਾਂ ਲੀਡਰ ਸਾਹਿਬ ਨੂੰ ਹੀ ਕਸ਼ਟ ਦਿੱਤਾ ਜਾਂਦਾ ਹੈ। ਉਂਝ ਇਹ ਵੀ ਸਪੱਸ਼ਟ ਹੈ ਕਿ ਲੀਡਰ ਹਰੇਕ ਨਹੀਂ ਬਣ ਸਕਦਾ। ਲੋਕ ਰਾਜ ਵਿਚ ਚਾਹੇ ਅਚੋਵਾਈ ਤਾਂ ਕਈਆਂ ਨੂੰ ਹੁੰਦੀ ਹੈ ਕਿ ਲੀਡਰੀ ਵਿਚ ਪੈਰ ਧਰਿਆ ਜਾਵੇ ਪਰ ਵਿਸ਼ੇਸ਼ ਯੋਗਤਾ ਬਗੈਰ ਕੁਝ ਪੱਲੇ ਨਹੀਂ ਪੈਂਦਾ। ਸਰਕਾਰੇ-ਦਰਬਾਰੇ ਚੱਲਦੀ ਹੈ ਤੇ ਸਮਾਜ ਵਿਚ ਪੂਰੀ ਸ਼ਾਨ ਹੁੰਦੀ ਹੈ। ਕਈਆਂ ਦੇ ਕੰਮ ਕਰਾਉਣ ਦੀ ਸਮੱਰਥਾ ਹੁੰਦੀ ਹੈ। ਇਸੇ ਕਾਰਨ ਤਾਂ ਮੁਹੱਲੇ ਵਾਲੇ ਲੀਡਰ ਪੈਦਾ ਕਰਨਾ ਚਾਹੁੰਦੇ ਸਨ। ਆਪਣਾ ਲੀਡਰ ਹੋਵੇ ਤਾਂ ਬੰਦਾ ਮਾਣ ਨਾਲ ਬਾਂਹ ਫੜ ਕੇ ਤੋਰਨ ਜੋਗਾ ਹੁੰਦਾ ਹੈ। ਸਾਡੇ ਅਜੇ ਕੌਮੀ ਪੱਧਰ 'ਤੇ ਕਹਿਣੀ ਤੇ ਕਰਨੀ ਦਾ ਸੁਮੇਲ ਸਥਾਪਿਤ ਨਹੀਂ ਹੋ ਸਕਿਆ।

ਨੈਤਿਕ ਸੋਚ ਦੀ ਘਾਟ ਕਾਰਨ ਲੀਡਰਾਂ ਦੇ ਲੈਕਚਾਰਾਂ ਦੀ ਵਿਸ਼ਵਾਸ ਯੋਗਤਾ ਦੀ ਘਾਟ ਜ਼ਰੂਰ ਹੁੰਦੀ ਹੈ ਪਰ ਆਸ ਕਰਦੇ ਹਾਂ ਕਿ ਭ੍ਰਿਸ਼ਟਾਚਾਰ ਨੂੰ ਠੱਲ ਪਏਗੀ ਤੇ ਫਿਰ ਕਹਿਣੀ ਤੇ ਕਰਨੀ ਦਾ ਵੀ ਸੁਮੇਲ ਹੋ ਜਾਏਗਾ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਲੈਕਚਰ ਬਗੈਰ ਸਫਲ ਲੀਡਰ ਹੋਣਾ ਔਖਾ ਹੈ, ਬਲਕਿ ਅਸੰਭਵ ਹੈ। ਲੀਡਰ ਤੇ ਲੈਕਚਾਰ ਦਾ ਇੰਨਾ ਹੀ ਗੂੜ੍ਹਾ ਰਿਸ਼ਤਾ ਹੈ, ਜਿੰਨਾ ਵਕੀਲ ਤੇ ਦਲੀਲ ਦਾ। ਸੋ ਲੀਡਰ ਤੇ ਲੈਕਚਰ ਜ਼ਿੰਦਾਬਾਦ!

-ਰਾਜਿੰਦਰ ਪਾਲ ਸ਼ਰਮਾ

## ਮਿੰਨੀ ਕਹਾਣੀਆਂ

### ਸੁਧਾਰ

''ਦੇਖੋ ਜੀ, ਮੈਂ ਹੋਰ ਤਾਂ ਸਭ ਕੁਝ ਬਰਦਾਸ਼ਤ ਕਰ ਸਕਦੀ ਹਾਂ ਪਰ ਕਿਸੇ ਦੀ ਟੋਕਾ ਟਾਕੀ ਮੈਨੂੰ ਬਿਲਕੁਲ ਬਰਦਾਸ਼ਤ ਨਹੀਂ।'' ਵਿਆਹ ਦੇ ਪਹਿਲੇ ਦਿਨਾਂ ਵਿਚ ਹੀ ਮੇਰੀ ਪਤਨੀ ਦਾ ਆਦੇਸ਼।

ਆਦੇਸ਼ ਦੀ ਪੂਰੀ ਤਰ੍ਹਾਂ ਪਾਲਣਾ ਹੁੰਦੀ ਰਹ। ਇਕ ਦਿਨ ਕੁਵੇਲੇ ਜਿਹੇ ਮੇਰਾ ਸਾਲਾ ਆ ਗਿਆ। ਰੋਟੀ ਖਾਣ ਲੱਗਿਆਂ ਮੂੰਹ ਵਿਚ ਇਕ ਬੁਰਕੀ ਪਾਈ ਸੀ ਕਿ ਉਸ ਦੀ ਸਪਾਟ ਪੇਂਡੂ ਬੋਲੀ ਨੇ ਆਪਣੀ ਭੈਣ ਨੂੰ ਝੰਜੋੜ ਸੁੱਟਿਆ, ''ਕੁੜੀਏ! ਤੂੰ ਤਾਂ ਸੰਨ੍ਹੀ ਹੀ ਰਲਾ ਰੱਖੀ ਹੈ, ਐਨਾ ਲੂਣ, ਮਾਸੜ ਜੀ ਤਾਂ ਪਹਿਲਾਂ ਹੀ ਬੀ ਪੀ ਦੇ ਮਰੀਜ ਐ, ਮਾਰਨਾ ਇਨ੍ਹਾਂ ਨੂੰ?

ਸਾਡੇ ਵਲੋਂ ਵੀ ਕੋਈ ਪ੍ਰਤੀਕਰਮ ਨਾ ਕਰਨ 'ਤੇ ਉਸ ਨੇ ਸਾਨੂੰ ਵੀ ਕਸੂਰਵਾਰ ਠਹਿਰਾਉਂਦਿਆਂ ਆਖਿਆ, ਓਏ ਜੀਜੇ! ਭੈਣ ਤਾਂ ਬੇਵਕੂਫ ਹੈ ਹੀ, ਤੁਸੀਂ ਵੀ ਚੁੱਪ ਚਾਪ ਬੈਠੇ ਰੋਟੀ ਖਾਈ ਜਾ ਰਹੇ ਹੋ, ਆਪਣੀ ਨੂੰਹ ਨੂੰ ਐਨਾ ਹੀ ਨਹੀਂ ਸਮਝਾ ਸਕਦੇ ਕਿ ਭਾਈ ਲੂਣ ਘੱਟ ਪਾਇਆ ਕਰ। ਉਸ ਦਿਨ ਤੋਂ ਬਾਅਦ ਸਾਡੇ ਘਰ ਵਿਚ ਸੁਧਾਰ ਆਉਣਾ ਸ਼ੁਰੂ ਹੋ ਗਿਆ।

-ਰਘਬੀਰ ਸਿੰਘ ਮਹਿਮੀ

### ਫਰਕ

''ਮੰਮੀ ਮੈਂ ਕਾਲਜ ਲਈ ਲੇਟ ਹੋ ਗਿਆ। ਰੋਟੀ ਲੈ ਆਓ।'' ਗੁਰਿੰਦਰ ਨੇ ਸ਼ਰਟ ਦੇ ਬਟਣ ਲਗਾਉਂਦਿਆਂ ਆਪਣੀ ਮਾਂ ਨੂੰ ਕਿਹਾ। ਉਸੇ ਸਮੇਂ ਉਸ ਦੀ ਛੋਟੀ ਭੈਣ ਨੇ ਰੋਟੀ ਦੀ ਥਾਲੀ ਮੇਜ 'ਤੇ ਰੱਖ ਦਿੱਤੀ ਪਰ ਪਾਣੀ ਦਾ ਗਲਾਸ ਮੇਜ 'ਤੇ ਰੱਖਣ ਲੱਗੇ ਉਸ ਦੇ ਹੱਥੋਂ ਫਿਸਲ ਗਿਆ ਤੇ ਥੋੜ੍ਹਾਂ ਜਿਹਾ ਪਾਣੀ ਗੁਰਿੰਦਰ ਦੀ ਸ਼ਰਟ 'ਤੇ ਡਿੱਗ ਪਿਆ।

ਗੁਰਿੰਦਰ ਆਪਣੀ ਭੈਣ 'ਤੇ ਗੁੱਸੇ ਹੋਣ ਲੱਗਾ ਤਾਂ ਉਸ ਦੀ ਭੈਣ ਨੇ ਡਰਦਿਆਂ ਕਿਹਾ, ''ਪਾਣੀ ਹੀ ਹੈ, ਸੁੱਕ ਜਾਵੇਗਾ।'' ਗੁਰਿੰਦਰ ਨੇ ਗੁੱਸੇ ਵਿਚ ਰੋਟੀ ਦੀ ਥਾਲੀ ਪਰ੍ਹੇ ਧੱਕ ਦਿੱਤੀ। ਉਸ ਦੀ ਮਾਂ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਅਣ-ਸੁਣਿਆ ਕਰ ਦਿੱਤਾ ਤੇ ਕਾਲਜ ਵੱਲ ਤੁਰ ਪਿਆ। ਪਹਿਲਾ ਪੀਰੀਅਡ ਲਗਾਉਣ ਤੋਂ ਬਾਅਦ ਉਹ ਕੰਟੀਨ ਚਲਾ ਗਿਆ। ਉਹ ਖਾਣ ਲਈ ਕੁਝ ਮੰਗਵਾਉਂਦਾ, ਐਨੇ ਵਿਚ ਨਿੱਕੀ



ਆ ਗਈ। ਨਿੱਕੀ ਉਸ ਦੇ ਨਾਲ ਪੜ੍ਹਦੀ ਸੀ ਤੇ ਦੋਨਾਂ ਵਿਚ ਚੰਗੀ ਬਣਦੀ ਸੀ। ਨਿੱਕੀ ਉਸ ਦੀ ਸਾਹਮਣੀ ਕੁਰਸੀ 'ਤੇ ਬੈਠ ਗਈ ਪਰ ਜਦੋਂ ਉਸ ਨੇ ਆਪਣਾ ਕਿਤਾਬਾਂ ਵਾਲਾ ਬੈਗ ਮੈਜ 'ਤੇ ਰੱਖਿਆ ਤਾਂ ਬੈਗ ਸਾਹਮਣੇ ਪਈ ਸੌਸ ਦੀ ਬੋਤਲ ਨਾਲ ਟਕਰਾਹਿਆ। ਸਰਾ ਸੌਸ ਗੁਰਿੰਦਰ ਦੇ ਕੱਪੜਿਆਂ 'ਤੇ ਡਿੱਗ ਪਿਆ। ਨਿੱਕੀ ਨੇ ਹਲਕੀ ਜਿਹੀ ਸੌਰੀ ਆਖੀ ਤਾਂ ਗੁਰਿੰਦਰ ਨੇ ਕੱਪੜੇ ਸਾਫ ਕਰਦਿਆਂ ਮੁਸਕਰਾ ਕੇ ਕਿਹਾ, ਕੋਈ ਗੱਲ ਨਹੀਂ।

-ਰੁਪਿੰਦਰ ਕੌਰ

## ਕਾਵਿ ਰਚਨਾ

### ਦੋ ਪਲ

ਕਿਸੇ ਉਂਗਲੀ ਫੜਾਈ, ਅਸੀਂ ਤੁਰੀ ਗਏ ਨਾਲ
ਉਹਨੇ ਉਂਗਲੀ ਛੁਡਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਇਕ ਰਾਹਾਂ ਅਣਜਾਣ, ਦੂਜੇ ਪੰਧ ਦੁਸ਼ਵਾਰ,
ਦਿਸਹੱਦਿਆਂ ਤੋਂ ਸੀ, ਤੀਜੇ ਦੂਰ ਮੰਜ਼ਲਾਂ।
ਚੌਥੇ ਪੈਰਾਂ ਵਿਚ ਛਾਲੇ, ਪੰਜ ਤੱਪਦੇ ਸੀ ਰੇਤੇ,
ਛੇਵੇਂ ਦੰਦੀਆਂ ਚਿੜਾਉਣ, ਮਗਰੂਰ ਮਜ਼ਲਾਂ।
ਸੱਤ ਦੁਨੀਆਂ ਦੀ ਭੀੜ, ਬਾਕੀ ਗਰਜ਼ਾਂ ਦਾ ਸ਼ੋਰ,
ਸੁਣੇ ਕੰਨ 'ਚ ਨਾ ਪਾਈ, ਅਸੀਂ ਵੇਖਦੇ ਰਹੇ।
ਮਾਂ-ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਹੁੰਦਾ ਕਿਸ ਕੋਲ ਸਮਾਂ, ਕੌਣ ਸੁਣਦਾ ਹੈ ਗੱਲ,
ਆਪੋ-ਧਾਪੀ ਵਿਚ ਦੁਨੀਆਂ ਹੈ ਦੌੜੀ ਫਿਰਦੀ।
ਉਹ ਵੀ ਚਾਹੁੰਦਾ ਸੀ ਨਿਭਾਵਾਂ, ਵੰਡਾਂ ਮੀਤ ਨੂੰ ਵਫਾਵਾਂ,
ਧੁੰਦ ਬੰਧਨਾਂ ਦੀ ਸਭ ਕੁਝ ਕੱਜੀ ਜਾਂਵਦੀ।
ਉਹਨੇ ਭੋਲਾ ਜਿਹਾ ਬਣ, ਦੱਸੀ ਸਾਰੀ ਮਜਬੂਰੀ,
ਇਉਂ ਕੀਤੀ ਚਤੁਰਾਈ, ਅਸੀਂ ਵੇਖਦੇ ਰਹੇ।
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।
ਉਹਨੇ ਚੜ੍ਹ ਲਿਆ ਸਾਲੂ, ਫੁਲਕਾਰੀਆਂ ਦੀ ਛਾਵੇਂ,
ਸਾਡੇ ਹੌਕੇ ਸ਼ਹਿਨਾਈ ਬਣ, ਕੂਕਦੇ ਰਹੇ।
ਕੁਝ ਹਿਜਰਾਂ ਦੀ ਅੱਗ, ਕੁਝ ਹੌਕਿਆਂ ਦੇ ਲਾਂਬੂ,
ਇਉਂ ਜੱਗ ਵਾਲੇ ਭੈੜੇ, ਸਾਨੂੰ ਫੂਕਦੇ ਰਹੇ।
ਐਵੇਂ ਪਲ ਦੋ ਪਲ ਸੀ ਖੁਸ਼ੀ ਦਾ ਲਿਸ਼ਕਾਰਾ,
ਉਸ ਅਉਧ ਨਾ ਹੰਢਾਈ, ਅਸੀਂ ਵੇਖਦੇ ਰਹੇ।
ਮਾਂ ਮਹਿੱਟਰਾਂ ਦੇ ਵਾਂਗੂੰ, ਅਸੀਂ ਦੁਨੀਆਂ ਦੇ ਵਿਚ,
ਸਾਡੀ ਸੁਣੀ ਨਾ ਦੁਹਾਈ, ਅਸੀਂ ਵੇਖਦੇ ਰਹੇ।

-ਵਿਯੋਗੀ

✲ ✲ ✲ ✲ ✲

## ਮਿੰਨੀ ਕਹਾਣੀ

### ਲੁੱਟੇ ਗਏ

ਪ੍ਰਾਂਤ ਵਿਚ ਪੰਚਾਹਿਤ ਸਮਿਤੀਆਂ ਤੇ ਪੰਚਾਇਤਾਂ ਦੀਆਂ ਚੋਣਾਂ ਹੋ ਰਹੀਆਂ ਸਨ। ਦੋਵਾਂ ਮੁੱਖ ਪਾਰਟੀਆਂ ਨੇ ਚੋਣ ਬੂਥ ਅਤੇ ਚੋਣ ਡੱਬੇ ਆਪਣੇ ਕਬਜ਼ੇ ਵਿਚ ਕਰਨ ਲਈ ਬਿਹਾਰ ਤੋਂ ਤਜਰਬੇਕਾਰ ਚੋਣ ਮਾਫੀਆ ਆਗੂ ਲੈ ਆਂਦੇ ਸਨ। ਦੋਵਾਂ ਮੁੱਖ ਪਾਰਟੀਆਂ ਦੇ ਲੱਠਬਾਜ਼ਾਂ ਲਈ ਅੱਜ ਕੱਲ੍ਹ ਬਹੁਤ ਕੰਮ ਸੀ। ਉਨ੍ਹਾਂ ਨੇ ਚੋਣਾਂ ਦੇ ਦਿਨਾਂ ਵਿਚ ਕਬਜ਼ਿਆਂ, ਥਾਣਿਆਂ ਵਿਚ ਬੰਦਾ ਫਸਾਉਣਾ ਫੇਰ ਛੁਡਾਉਣਾ ਆਦਿ ਦਾ ਧੰਦਾ ਕੁਝ ਦਿਨਾਂ ਲਈ ਮੁਲਤਵੀ ਕਰ ਦਿੱਤਾ ਸੀ।

ਗੈਂਗ ਜੁੱਟ ਬਣ ਗਏ ਸਨ। ਧਰਮ, ਜਾਤ, ਗੋਤ, ਬਰਾਦਰੀ, ਲਾਲਚ, ਧਮਕੀ, ਰੋਆਬ, ਸ਼ਰਾਬ, ਭੁੱਕੀ, ਸਮੈਕ ਆਦਿ ਦਾ ਹਰ ਹਥਿਆਰ ਵਰਤਿਆ ਜਾ ਰਿਹਾ ਸੀ। ਬਹੁਤ ਥਾਈਂ ਨਾਮਜ਼ਦਗੀ ਪੱਤਰ ਗੁੰਮ ਹੋ ਗਏ ਸਨ। ਮਿਲੇ ਹੀ ਨਹੀਂ ਸਨ। ਕਈ ਥਾਈਂ ਨਾਮਜ਼ਦਗੀ ਪੱਤਰ ਰੱਦ ਕਰਵਾ ਦਿੱਤੇ ਗਏ। ਕਈ ਥਾਈਂ ਨਾਮਜ਼ਦਗੀ ਪੱਤਰ ਜਾਅਲੀ ਅਰਜ਼ੀਆਂ ਰਾਹੀਂ ਰਣ ਹੋ ਗਏ ਸਨ। ਰੌਲਾ ਪੈ ਗਿਆ ਸੀ, ਗੈਂਗ ਬਹੁਤੇ ਹੀ ਸਰਗਰਮ ਸਨ। ਮਹਿਲਾਂ ਦੇ ਭਵਨਾਂ ਦੇ ਕੰਨ ਅਤੇ ਅੱਖਾਂ ਬੰਦ ਸਨ। ਦੋਵਾਂ ਮੁੱਖ ਪਾਰਟੀਆਂ ਨੇ ਨਕਲੀ ਸ਼ਰਾਬਾਂ, ਮਿਲਾਵਟੀ ਸ਼ਰਾਬਾਂ, ਮਿਲਾਵਟੀ ਭੁੱਕੀ ਅਤੇ ਨਮਕ ਮਿਲੀ ਸਮੈਕ ਦੇ ਖੁੱਲ੍ਹੇ ਭੰਡਾਰੇ ਚਾਲੂ ਕੀਤੇ ਹੋਏ ਸਨ। ਪਿਆਕੜਾਂ ਦੀਆਂ ਪੌਂ ਬਾਰ੍ਹਾਂ ਸਨ। ਖਬਰ ਆਈ ਸੀ ਕਿ ਕਰਨਾਟਕ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਮਿਲਾਵਟੀ ਜ਼ਹਿਰਲੀ ਸ਼ਰਾਬ ਪੀ ਕੇ 107 ਮੌਤਾਂ ਹੋ ਚੁੱਕੀਆਂ ਸਨ। ਦੋ ਸੌ ਤੋਂ ਵੱਧ ਨਕਲੀ ਸ਼ਰਾਬ ਪੀ ਕੇ ਬਿਮਾਰ ਪਏ ਲੋਕ ਹਸਪਤਾਲਾਂ ਵਿਚ ਦਾਖਲ ਸਨ। ਦੋ ਸੌ ਤੋਂ ਵੱਧ ਨਕਲੀ ਸ਼ਰਾਬ ਪੀ ਕੇ ਬਿਮਾਰ ਪਏ ਲੋਕ ਹਸਪਤਾਲਾਂ ਵਿਚ ਦਾਖਲ ਸਨ। ਬਹੁਤ ਸਾਰੇ ਨਕਲੀ ਤੇ ਜ਼ਹਿਰੀਲੀ ਸ਼ਰਾਬ ਦੇ ਹੜ੍ਹ ਵਿਚ ਰੁੜ ਗਏ ਸਨ। ਸ਼ਰਾਬ ਯੁੱਧ ਜਾਰੀ ਸੀ। ਆਮ ਦਿਨਾਂ ਵਿਚ ਵੀ ਹਰ ਰੋਜ਼ ਦਸ ਕਰੋੜ ਰੁਪਏ ਦੀ ਸ਼ਰਾਬ ਪੀਤੀ ਜਾ ਰਹੀ ਸੀ। ਹੁਣ ਤਾਂ...

ਗੈਂਗ ਵਾਰ ਜਾਰੀ ਸੀ। ਸ਼ਰਾਬ, ਭੁੱਕੀ, ਅਫੀਮ ਦੀ ਮੁਫਤ ਸਪਲਾਈ ਜਾਰੀ ਸੀ। ਵੋਟਾਂ ਨੇੜੇ ਆ ਰਹੀਆਂ ਸਨ। ਵੱਖ ਵੱਖ ਪਿੰਡਾਂ ਵਿਚ ਜਬਰੀ ਸਰਬ ਸੰਮਤੀਆਂ ਕਰਵਾਈਆਂ ਜਾ ਰਹੀਆਂ ਸਨ। ਨਸ਼ੇੜੀ ਬਹੁਤੀ ਪੀ ਕੇ ਥਾਂ-ਥਾਂ ਡਿੱਗੇ ਪਏ ਸਨ। ਬੇਸੁਰਤਾ ਘੱਟ ਨਸ਼ਈ ਬੰਦੇ ਨੇ ਆ ਦੇ ਦੱਸਿਆ, ਓਏ ਆਪਣੇ ਪਿੰਡ ਵਿਚ ਤਾਂ ਸਰਬ ਸੰਮਤੀ ਹੋ ਗਈ ਹੇ। ਸ਼ਰਾਬ, ਭੁੱਕੀ, ਅਫੀਮ, ਚਰਸ ਬੰਦ, ਆਪਾਂ ਤਾਂ ਲੁੱਟੇ ਗਏ। ਹੈਂ ਸੱਚੀਂ ਸਰਬਸੰਮਤੀ ਹੋ ਗਈ। ਬੇਸੁਰਤ ਪੈ ਨਸ਼ੇੜੀ ਉਠ ਕੇ ਬਹਿ ਗਏ ਉੱਚੀ ਉੱਚੀ ਰੋਣ ਲੱਗੇ।

-ਪ੍ਰੋ. ਹਮਦਰਦਵੀਰ



## ਕਾਵਿ ਕਿਆਰੀ

### ਪਰਦੇਸੀ

ਸਭ ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਲੈ ਕੇ ਇਸ
ਮਿੱਟੀ ਤੋਂ, ਇਸ ਮਿੱਟੀ ਕਰਮਾ ਪਿੱਟੀ
ਤੋਂ, ਕਿਰਤੀ ਅਤੇ
ਤਮੀਜ਼ਾਂ ਵਾਲੇ,
ਭਾਰਤ ਮਾਂ ਦੇ ਰਾਜ ਦੁਲਾਰੇ,
ਲੇਖਾਂ ਨੂੰ ਚਮਕਾਉਣ ਦੀ ਖਾਤਿਰ,
ਸੋਨਾ ਨਿਰਾ ਕਮਾਉਣ
ਦੀ ਖਾਤਿਰ,
ਸਭ ਪਰਦੇਸ਼ੀਂ ਤੁਰ ਚੱਲੇ ਨੇ।
ਸੁੱਖਾਂ ਸੁੱਖ
ਜਵਾਨੀ ਆਈ, ਜਵਾਨੀ
ਵੀ ਨਾਲ ਲਿਆਈ,
ਭੁੱਖਾਂ ਦੇ ਸੰਤਾਪ ਬੁਰੇ ਨੇ,
ਥੋੜਾਂ ਦੇ ਅਹਿਸਾਸ
ਬੁਰੇ ਨੇ,
ਬੜੀ ਉਚੇਰੀ ਸਿੱਖਿਆ ਪਾ ਕੇ,
ਆਪਣੇ ਦੇਸ਼ ਵਿਚੋਂ
ਹੁਨਰ ਕਮਾ ਕੇ,
ਸਭ ਪਰਦੇਸੀਂ ਤੁਰ ਚੱਲੇ ਨੇ।
ਉਤੋਂ ਉਤੋਂ ਹੱਸਣ ਮਾਵਾਂ
ਹੰਝੂ ਕਿੱਦਾਂ
ਛੱਕਣ ਮਾਵਾਂ, ਮੱਚਦੇ ਹੋਏ
ਅੰਗਿਆਰ ਤੁਰੇ ਨੇ,
ਸੱਤ ਸਮੁੰਦਰੋਂ ਪਾਰ ਤੁਰੇ ਨੇ,
ਇਕ ਸੁਨਹਿਰੀ ਆਸ ਜਗਾ ਕੇ,
ਪਰ ਮਮਾ ਨੂੰ ਲਾਂਬੂ
ਲਾ ਕੇ,
ਸਭ ਪਰਦੇਸੀਂ ਤੁਰ ਚੱਲੇ ਨੇ,
ਸੱਖਣੇ ਸੱਖਣੇ
ਵਿਹੜੇ ਹੋ ਗਏ, ਰਹਿੰਦ ਖੂਹੰਦ
ਹੀ ਪਿੱਛੇ ਰਹਿ ਗਏ,
ਹੁਨਰ ਦੇਸ਼ ਦਾ ਮੰਡੀ ਵਿਕਿਆ
ਅਕਲਾਂ ਉਤੇ
ਪਹਿਰਾ ਲੱਗਿਆ, ਭੈਣ ਸਾਕ
ਬਚਾਉਣ ਦੀ ਖਾਤਿਰ,
ਆਪਣਾ ਕੱਲ੍ਹ ਰੁਸ਼ਨਾਉਣ
ਦੀ ਖਾਤਿਰ, ਸਭ
ਪਰਦੇਸੀਂ ਤੁਰ ਚੱਲੇ ਨੇ।
ਅਕਲਾਂ ਦੀ ਇਸ ਮੰਡੀ ਅੰਦਰ,
ਆਪਾਂ ਵੀ ਕੁਝ ਬੋਲੀ
ਲਾਈਏ, ਆਪਣੇ ਇਲਮ
ਦੀ ਕੀਮਤ ਪਾਈਏ,
ਤੁਰਿਆ ਜਾਂਦਾ ਪੂਰ ਬਚਾਈਏ,
ਮਨ ਅੰਦਰ ਸ਼ੰਕਾਵਾਂ ਲੈ ਕੇ,
ਅੱਖਾਂ ਵਿਚ ਆਸ਼ਾਵਾਂ
ਲੈ ਕੇ, ਸਭ ਪਰਦੇਸੀਂ ਤੁਰ ਚੱਲੇ ਨੇ
ਲੇਖਾਂ ਨੂੰ ਚਮਕਾਉਣ
ਦੀ ਖਾਤਿਰ
ਸੋਨਾ ਨਿਰਾ ਕਮਾਉਣ ਦੀ ਖਾਤਿਰ

# ਪੰਜਾਬ ਐਂਡ ਸਿੰਧ ਬੈਂਕ ਨੇ ਆਪਣੇ 117ਵੇਂ ਸਥਾਪਨਾ ਦਿਵਸ ਮੌਕੇ 117 ਪੌਦੇ ਲਗਾਏ

**ਫਰੀਦਕੋਟ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਐਂਡ ਸਿੰਧ ਬੈਂਕ ਨੇ ਆਪਣਾ 117 ਸਥਾਪਨਾ ਦਿਵਸ ਮਨਾਇਆ। ਬੈਂਕ ਦੇ ਜੋਨਲ ਮੈਨੇਜਰ ਆਸ਼ੀਸ਼ ਰੰਜਨ ਦੀ ਰਹਿਨਮਾਈ ਵਿੱਚ ਬੈਂਕ ਦੀ ਪੇਂਡੂ ਸਵੈ ਰੋਜ਼ਗਾਰ ਸਿਖਲਾਈ ਸੰਸਥਾ ਪਿੰਡ ਚਹਿਲ ਵਿਖੇ 117 ਪੌਦੇ ਲਗਾਏ ਗਏ।

ਇਸ ਮੌਕੇ ਜੋਨਲ ਮੈਨੇਜਰ ਆਸ਼ੀਸ਼ ਰੰਜਨ ਨੇ ਕਿਹਾ ਕਿ ਅੱਜ ਸਾਨੂੰ ਦੁਨੀਆ ਦੇ ਵੱਧ ਰਹੇ ਤਾਪਮਾਨ ਤੋਂ ਬਚਾਓ ਕਰਨ ਲਈ ਵੱਧ ਤੋਂ ਵੱਧ ਪੌਦੇ ਲਾਉਣ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਜੋ ਪੇਂਡੂ ਸਵੈ ਰੁਜਗਰ ਸਿਖਲਾਈ ਸੰਸਥਾ ਵਿੱਚ 117 ਪੌਦੇ ਲਗਾਏ ਗਏ ਹਨ, ਦੀ ਪੂਰੀ ਦੇਖਭਾਲ ਕੀਤੀ ਜਾਵੇਗੀ ਅਤੇ ਇਸ ਨੂੰ ਪੂਰਾ ਪ੍ਰਫੁੱਲਤ ਕਰਨ ਲਈ ਪੂਰੀ ਕੋਸ਼ਿਸ਼ ਰਹੇਗੀ।




ਉਹਨਾਂ ਨੇ ਕਿਹਾ ਕਿ ਅੱਜ ਉਹਨਾਂ ਦਾ ਬੈਂਕ ਆਪਣਾ 117 ਸਥਾਪਨਾ ਦਿਵਸ ਮਨਾ ਰਿਹਾ ਹੈ ਅੱਜ ਤੋਂ 117 ਸਾਲ ਪਹਿਲਾਂ ਜਦੋਂ ਇਸ ਬੈਂਕ ਦੀ ਸਥਾਪਨਾ ਹੋਈ ਸੀ ਤਾਂ ਇਹ ਮੌਜੂਦਾ ਪਾਕਿਸਤਾਨ ਦੇ ਸ਼ਹਿਰ ਲਾਹੌਰ ਵਿਖੇ ਅਤੇ ਅੰਮ੍ਰਿਤਸਰ ਵਿਖੇ ਸ਼ੁਰੂਆਤ ਕੀਤੀ ਗਈ ਸੀ। ਇਸ ਬੈਂਕ ਦਾ ਇਹ ਇਤਿਹਾਸ ਰਿਹਾ ਹੈ ਕਿ ਭਾਰਤ ਪਾਕ ਵੰਡ ਉਪਰੰਤ ਵੀ ਜਿਹੜੇ ਲੋਕਾਂ ਦੇ ਖਾਤੇ ਪਾਕਿਸਤਾਨ ਵਿਖੇ ਰਹਿ ਗਏ ਸਨ ਅਤੇ ਉਹ ਲੋਕ ਆਪ ਹਿੰਦੁਸਤਾਨ ਆ ਗਏ ਸਨ ਤਾਂ ਉਹਨਾਂ ਦੇ ਬਕਾਏ ਉਹਨਾਂ ਦੀਆਂ ਰਕਮਾਂ ਉਹਨਾਂ ਨੂੰ ਦਿੱਤੀਆਂ ਗਈਆਂ ਸਨ ।

ਉਸ ਮੌਕੇ ਬਹੁਤ ਸਾਰੇ ਜਰੂਰਤਮੰਦਾਂ ਦੀ ਵੀ ਬੈਂਕ ਨੇ ਅਲੱਗ ਅਲੱਗ ਤਰੀਕਿਆਂ ਨਾਲ ਮਦਦ ਕੀਤੀ ਅੱਜ ਇਸ ਬੈਂਕ ਦੀਆਂ ਪੂਰੇ ਹਿੰਦੁਸਤਾਨ ਵਿੱਚ 1553 ਬਰਾਂਚਾਂ ਅਤੇ 600 ਤੋਂ ਵੱਧ ਏ.ਟੀ.ਐਮ ਮਸ਼ੀਨਾਂ ਕੰਮ ਕਰ ਰਹੀਆਂ ਹਨ। ਬੈਂਕ ਦੁਆਰਾ ਸਰਕਾਰ ਦੀਆਂ ਸਕੀਮਾਂ ਨੂੰ ਲਾਗੂ ਕਰਨ ਲਈ ਸਮੇਂ ਸਮੇਂ ਤੇ ਵਿਸ਼ੇਸ਼ ਯੋਗਦਾਨ ਦਿੱਤਾ ਜਾਂਦਾ ਹੈ ਬੈਂਕ ਹਰ ਸਾਲ ਇੱਕ ਵੱਡੀ ਰਾਸ਼ੀ ਮੁਨਾਫੇ ਦੇ ਤੌਰ ਤੇ ਕਮਾਉਂਦਾ ਹੈ ਜਿਸ ਨੂੰ ਲੋਕਾਂ ਦੇ, ਬੈਂਕ ਮੁਲਾਜ਼ਮਾਂ ਦੇ ਅਤੇ ਸਰਕਾਰ ਦੇ ਭਲੇ ਲਈ ਵਰਤਿਆ ਜਾਂਦਾ ਹੈ । ਉਹਨਾਂ ਕਿਹਾ ਕਿ ਬੈਂਕ ਨੇ ਮੌਜੂਦਾ ਸਮੇਂ ਵਿੱਚ ਵੀ ਕੇਂਦਰ ਸਰਕਾਰ ਦੁਆਰਾ ਲੋਕ ਭਲਾਈ ਦੀਆਂ ਚਲਾਈਆਂ ਗਈਆਂ ਸਕੀਮਾਂ ਵਿੱਚ ਵੱਧ ਚੜ ਕੇ ਹਿੱਸਾ ਪਾਇਆ ਹੈ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਲਾਭਵੰਦ ਬਣਾਇਆ।

ਇਸ ਮੌਕੇ ਪੇਂਡੂ ਸਵੈ ਰੁਜਗਾਰ ਸਿਖਲਾਈ ਸੰਸਥਾ ਦੇ ਡਾਇਰੈਕਟਰ ਪਰਮਜੀਤ ਸਿੰਘ ਘਾਰੂ ਨੇ ਦੱਸਿਆ ਕਿ ਬੈਂਕ ਦੁਆਰਾ ਲੋਕਾਂ ਨੂੰ ਬਿਹਤਰ ਸੇਵਾਵਾਂ ਦੇਣ ਲਈ ਡਿਜੀਟਲ ਬੈਂਕਿੰਗ ਯੂਨਿਟ ਵੀ ਸਥਾਪਿਤ ਕੀਤੇ ਗਏ ਹਨ ਜੋ ਕਿ ਪੂਰੇ ਦੇਸ਼ ਵਿੱਚ 75 ਯੂਨਿਟ ਹਨ ਜਿਨਾਂ ਵਿੱਚੋਂ ਪੰਜਾਬ ਵਿੱਚ ਤਿੰਨ ਯੂਨਿਟ ਬੜੇ ਵਧੀਆ ਤਰੀਕੇ ਨਾਲ ਕੰਮ ਕਰ ਰਹੇ ਹਨ ਅਤੇ ਲੋਕਾਂ ਨੂੰ ਬਿਹਤਰ ਸੇਵਾਵਾਂ ਦੇ ਰਹੇ ਹਨ। ਇਸ ਮੌਕੇ ਚੀਫ ਮੈਨੇਜਰ ਨਰਪਤ ਮਾਇਲ, ਐਲਡੀਐਮ ਰਾਮੇਸ਼ਵਰ ,ਨੋਡਲ ਅਫਸਰ ਹਰਪ੍ਰੀਤ ਸਿੰਘ, ਮੈਨੇਜਰ ਕੇਸ਼ਵ ਅਰੋੜਾ, ਅਰਵਿੰਦਰ ਕੌਰ, ਮੀਨਾਕਸ਼ੀ, ਰਾਜਦੀਪ ਸਿੰਘ, ਅਮਨਦੀਪ ਸਿੰਘ, ਚੀਫ ਮੈਨੇਜਰ ਮੇਨ ਬਰਾਂਚ ਪੰਜਾਬ ਐਂਡ ਸਿੰਧ ਬੈਂਕ ਸੁਖਵਿੰਦਰਜੀਤ ਸਿੰਘ ਅਤੇ ਹੋਰ ਸਟਾਫ ਹਾਜ਼ਰ ਸਨ।

# ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨ 24 ਜੂਨ ਤੱਕ ਕਰਵਾਉਣ ਰਜਿਸਟਰੇਸ਼ਨ: ਮੁੱਖ ਖੇਤੀਬਾੜੀ ਅਫਸਰ

**ਫਤਹਿਗੜ੍ਹ ਸਾਹਿਬ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਨੋਂ ਦਿਨ ਹੇਠਾਂ ਜਾ ਰਹੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਰੋਕਣ ਲਈ ਮੁੱਖ ਮੰਤਰੀ ਪੰਜਾਬ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500/- ਰੁਪਏ ਪ੍ਰਤੀ ਏਕੜ ਸਬਸਿਡੀ ਦਿੱਤੀ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਸ਼੍ਰੀ ਸੰਦੀਪ ਕੁਮਾਰ ਨੇ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਸਿੱਧੀ ਬਿਜਾਈ ਲਈ ਸਬਸਿਡੀ ਲੈਣ ਲਈ ਰਜਿਸਟਰੇਸ਼ਨ ਕਰਵਾਉਣ ਵਾਸਤੇ ਵੀ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਸਬਸਿਡੀ ਲੈਣ ਲਈ ਰਜਿਸਟਰੇਸ਼ਨ ਕਰਵਾਉਣੀ ਜਰੂਰੀ ਹੈ,



ਇਸ ਲਈ ਜ਼ਿਲ੍ਹੇ ਦੇ ਜਿਹੜੇ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰਨੀ ਚਾਹੁੰਦੇ ਹਨ ਉਹ ਆਨ ਲਾਇਨ ਪੋਰਟਲ agrimachinerypb.com ਤੇ 24 ਜੂਨ ਤੱਕ ਆਪਣੀ ਰਜਿਸਟਰੇਸ਼ਨ ਜਰੂਰ ਕਰਵਾਉਣ।

ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਪੋਰਟਲ ਤੇ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਦਿੱਤੀ ਗਈ ਜਾਣਕਾਰੀ ਨੂੰ ਮੌਕੇ ਤੇ ਨਿਯੁਕਤ ਕੀਤੇ ਗਏ ਅਧਿਕਾਰੀ ਵੱਲੋਂ ਤਸਦੀਕ ਕੀਤਾ ਜਾਵੇਗਾ। ਝੋਨੇ ਦੀ ਸਿੱਧੀ ਬਿਜਾਈ ਦਾ ਲਾਭ ਲੈਣ ਲਈ 2 ਵਾਰ ਤਸਦੀਕ ਕਰਵਾਉਣੀ ਲਾਜ਼ਮੀ ਹੈ।

ਉਨ੍ਹਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਦਾ ਇੱਕੋ ਮੰਤਵ ਪਾਣੀ ਦੀ ਸੰਜਮ ਨਾਲ ਵਰਤੋਂ ਕਰਕੇ ਧਰਤੀ ਨੂੰ ਬੰਜਰ ਹੋਣ ਤੋਂ ਰੋਕਣਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਪਾਣੀ ਬਚਾ ਕੇ ਪੰਜਾਬ ਦੀ ਖੁਸ਼ਹਾਲੀ ਨੂੰ ਕਾਇਮ ਰੱਖਣ ਵਿੱਚ ਯੋਗਦਾਨ ਪਾਇਆ ਜਾ ਸਕੇ। ਉਨ੍ਹਾਂ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਵਿੱਚ ਖਾਦਾਂ ਦੀ ਸੁਚੱਜੀ ਵਰਤੋਂ ਅਤੇ ਝੋਨੇ ਦੀ ਫਸਲ ਵਿੱਚ ਖਾਦਾਂ ਦੀ ਘਾਟ ਨੂੰ ਪੂਰਾ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਸ਼ ਅਨੁਸਾਰ ਸਹੀ ਮਿਕਦਾਰ ਵਿੱਚ ਖਾਦਾਂ ਪਾਉਣ ਲਈ ਵੀ ਕਿਹਾ। ਉਨ੍ਹਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਸਿੱਧੀ ਬਿਜਾਈ ਕਰਕੇ ਧਰਤੀ ਹੇਠਲੇ ਪਾਣੀ ਦੀ ਬੱਚਤ ਕਰਨ ਅਤੇ ਫਸਲੀ ਵਿਭਿੰਨਤਾ ਅਪਨਾਉਣ।

# ਕ੍ਰੋਮਾ ਨੇ ਭਾਰਤ ਵਿੱਚ 500 ਸਟੋਰਾਂ ਦਾ ਮੀਲ ਪੱਥਰ ਹਾਸਲ ਕੀਤਾ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ: ਕ੍ਰੋਮਾ ਨੇ ਆਪਣੇ 500ਵੇਂ ਸਟੋਰ ਨੂੰ ਖੋਲ੍ਹਣ ਦੀ ਘੋਸ਼ਣਾ ਦੇ ਨਾਲ ਹੀ ਕੰਪਨੀ ਦੇ ਵਿਕਾਸ ਅਤੇ ਵਿਸਤਾਰ ਦੇ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਹਾਸਲ ਕੀਤੀ ਹੈ। ਇਹ ਮੀਲ ਪੱਥਰ ਨੂੰ ਹਾਸਲ ਕਰਨ ਲਈ ਕੰਪਨੀ ਵਲੋਂ 'ਹੈਪੀ 500 ਟੂ ਯੂ' ਮੁਹਿੰਮ ਦੀ ਸ਼ੁਰੂਆਤ ਦੇ ਨਾਲ ਜਸ਼ਨ ਮਨਾਇਆ ਜਾ ਰਿਹਾ ਹੈ। ਇਹ ਉਪਰਾਲਾ ਦੇਸ਼ ਭਰ ਵਿੱਚ ਲਗਾਤਾਰ ਵਧ ਰਹੇ ਗਾਹਕ ਅਧਾਰ ਨੂੰ ਉੱਚ-ਗੁਣਵੱਤਾ ਵਾਲੇ ਇਲੈਕਟ੍ਰੋਨਿਕਸ ਅਤੇ ਬੇਮਿਸਾਲ ਗਾਹਕ ਸੇਵਾ ਪ੍ਰਦਾਨ ਕਰਨ ਲਈ ਅਟੁੱਟ ਵਚਨਬੱਧਤਾ ਪ੍ਰਤੀ ਕ੍ਰੋਮਾ ਦੇ ਯਤਨਾਂ 'ਤੇ ਜ਼ੋਰ ਦਿੰਦਾ ਹੈ।

ਇਸ ਸ਼ਾਨਦਾਰ ਪ੍ਰਾਪਤੀ ਨੂੰ ਯਾਦਗਾਰ ਬਣਾਉਣ ਲਈ ਕ੍ਰੋਮਾ ਨੇ ਗਾਹਕਾਂ ਪ੍ਰਤੀ ਆਪਣਾ ਧੰਨਵਾਦ ਪ੍ਰਗਟ ਕਰਨ ਲਈ ਇੱਕ ਵਿਸ਼ੇਸ਼ ਪ੍ਰਚਾਰ ਸ਼ੁਰੂ ਕੀਤਾ ਹੈ। ਕ੍ਰੋਮਾ ਡਾਟ ਕਾਮ (Croma.com), ਟਾਟਾ ਨਿਊ (Tata Neu) 'ਤੇ ਕ੍ਰੋਮਾ ਸਟੋਰਾਂ ਦੇ ਸਾਰੇ ਖਰੀਦਦਾਰ 19 ਜੂਨ ਤੋਂ 23 ਜੂਨ ਤੱਕ ਚੈੱਕਆਊਟ ਕਰਨ 'ਤੇ ਕੂਪਨ ਕੋਡ 'ਐਚ500ਟੀਯੂ' ਦੀ ਵਰਤੋਂ ਕਰਕੇ ਆਪਣੀਆਂ ਖਰੀਦਦਾਰੀ ਦੀ ਰਕਮ 'ਤੇ 10 ਪ੍ਰਤੀਸ਼ਤ ਛੋਟ ਦਾ ਆਨੰਦ ਲੈ ਸਕਦੇ ਹਨ। ਇਹ ਸੀਮਤ-ਸਮੇਂ ਦੀ ਪੇਸ਼ਕਸ਼ ਕ੍ਰੋਮਾ ਦੁਆਰਾ ਪਿਛਲੇ ਸਾਲਾਂ ਦੌਰਾਨ ਗਾਹਕਾਂ ਵਲੋਂ ਦਿਖਾਏ ਗਏ ਅਟੁੱਟ ਸਮਰਥਨ ਅਤੇ ਵਿਸ਼ਵਾਸ ਲਈ ਧੰਨਵਾਦ ਕਹਿਣ ਦਾ ਤਰੀਕਾ ਹੈ। ਖਾਸ ਤੌਰ 'ਤੇ ਇਹ ਪ੍ਰਚਾਰ ਹੋਰ ਵੀ ਖਾਸ ਹੈ ਕਿਉਂਕਿ ਕੂਪਨ ਦੀ ਵਰਤੋਂ 'ਤੇ ਕੋਈ ਪਾਬੰਦੀ ਨਹੀਂ ਹੈ ਅਤੇ ਇਹ ਕ੍ਰੋਮਾ ਡਾਟ ਕਾਮ (Croma.com) ,ਟਾਟਾ ਨਿਊ (Tata Neu) 'ਤੇ ਕ੍ਰੋਮਾ ਸਟੋਰਾਂ ਸਮੇਤ ਸਾਰੇ ਵਿਕਰੀ ਚੈਨਲਾਂ 'ਤੇ ਲਾਗੂ ਹੈ।

ਕ੍ਰੋਮਾ ਇਨਫਿਨਿਟੀ-ਰਿਟੇਲ ਲਿਮਟਿਡ ਦੇ ਡਿਪਟੀ ਸੀਈਓ ਸ਼੍ਰੀ ਸ਼ਿਬਾਸ਼ੀਸ਼ ਨੇ ਇਸ ਮੀਲਪੱਥਰ 'ਤੇ ਟਿੱਪਣੀ ਕਰਦੇ ਹੋਏ ਕਿਹਾ, ਸਾਡਾ 500ਵਾਂ ਸਟੋਰ ਖੋਲ੍ਹਣਾ ਖਾਸ ਤੌਰ 'ਤੇ ਖਾਸ ਹੈ ਕਿਉਂਕਿ ਇਹ ਗਾਹਕ ਦੇ ਨੇੜੇ ਆਉਣ ਦੇ ਸਾਡੇ ਸਮਰਪਣ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਅਸੀਂ ਹੁਣ ਦੇਸ਼ ਦੇ ਹਰ ਕੋਨੇ ਵਿੱਚ ਪਹੁੰਚ ਗਏ ਹਾਂ ਅਤੇ ਦੇਸ਼ ਭਰ ਵਿੱਚ ਹੋਰ ਭਾਈਚਾਰਿਆਂ ਵਿੱਚ ਗੈਜੇਟਸ ਪਹੁੰਚਾਉਂਦੇ ਹੋਏ ਆਪਣੀ ਛੋਹ ਦੇ ਨਿਸ਼ਾਨ ਦਾ ਵਿਸਥਾਰ ਕਰਨਾ ਜਾਰੀ ਰੱਖਾਂਗੇ।÷

ਕ੍ਰੋਮਾ ਦੀ ਸ਼ੁਰੂਆਤ ਤੋਂ ਲੈ ਕੇ ਇਲੈਕਟ੍ਰੋਨਿਕਸ ਰਿਟੇਲ ਵਿੱਚ ਇੱਕ ਘਰੇਲੂ ਨਾਮ ਬਣਨ ਤੱਕ ਦੀ ਯਾਤਰਾ ਨਿਰੰਤਰ ਨਵੀਨਤਾ ਅਤੇ ਗਾਹਕ-ਕੇਂਦ੍ਰਿਤ ਰਣਨੀਤੀਆਂ ਦੁਆਰਾ ਚਿੰਨ੍ਹਿਤ ਹੈ। ਅੱਜ ਕ੍ਰੋਮਾ ਭਾਰਤ ਦੇ ਰਾਸ਼ਟਰੀ ਵੱਡੇ-ਫਾਰਮੈਟ ਮਾਹਰ ਓਮਨੀ-ਚੈਨਲ ਇਲੈਕਟ੍ਰੋਨਿਕਸ ਰਿਟੇਲਰ ਵਜੋਂ ਖੜ੍ਹਾ ਹੈ ਜੋ 180+ ਪ੍ਰਮੁੱਖ ਸ਼ਹਿਰਾਂ ਵਿੱਚ 550+ ਬ੍ਰਾਂਡਾਂ ਵਿੱਚ 16,000 ਤੋਂ ਵੱਧ ਉਤਪਾਦਾਂ ਦੀ ਪੇਸ਼ਕਸ਼ ਕਰਦਾ ਹੈ। ਇਹ ਵਿਸ਼ਾਲ ਉਤਪਾਦ ਰੇਂਜ ਅਤੇ ਵਿਆਪਕ ਪਹੁੰਚ ਯਕੀਨੀ ਬਣਾਉਂਦੀ ਹੈ ਕਿ ਗਾਹਕਾਂ ਕੋਲ ਇਲੈਕਟ੍ਰੋਨਿਕਸ ਵਿੱਚ ਨਵੀਨਤਮ ਅਤੇ ਸਭ ਤੋਂ ਵਧੀਆ ਤੱਕ ਪਹੁੰਚ ਹੈ, ਭਾਵੇਂ ਉਹ ਆਨਲਾਈਨ ਖਰੀਦਦਾਰੀ ਕਰ ਰਹੇ ਹਨ ਜਾਂ ਸਟੋਰ ਵਿੱਚ।

'ਹੈਪੀ 500 ਟੂ ਯੂ' ਮੁਹਿੰਮ ਬਾਰੇ ਹੋਰ ਵੇਰਵਿਆਂ ਲਈ ਅਤੇ ਉਤਪਾਦਾਂ ਦੀ ਵਿਸ਼ਾਲ ਸ਼੍ਰੇਣੀ ਦੀ ਪੜਚੋਲ ਕਰਨ ਲਈ ਕ੍ਰੋਮਾ ਸਟੋਰ, ਕ੍ਰੋਮਾ ਡਾਟ ਕਾਮ (Croma.com) ਜਾਂ ਟਾਟਾ ਨਿਊ (Tata Neu) 'ਤੇ ਜਾਓ।

# ਵਿਕਾਸ ਕਾਰਜਾਂ ਨੂੰ ਲੈ ਕੇ ਸਬੰਧਤ ਅਧਿਕਾਰੀਆਂ ਨੂੰ ਵਿਧਾਇਕ ਨੇ ਦਿੱਤੇ ਸਖਤ ਨਿਰਦੇਸ਼

**ਫਤਹਿਗੜ੍ਹ ਸਾਹਿਬ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਬੱਚਤ ਭਵਨ ਫਤਿਹਗੜ੍ਹ ਸਾਹਿਬ ਵਿਖੇ ਹਲਕੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਨੂੰ ਲੈ ਕੇ ਸਬੰਧਤ ਅਧਿਕਾਰੀਆਂ ਦੇ ਨਾਲ ਰਿਵਿਊ ਮੀਟਿੰਗ ਕੀਤੀ ਗਈ। ਜਿੱਥੇ ਵਿਕਾਸ ਕਾਰਜਾਂ ਨੂੰ ਲੈ ਕੇ ਵਿਚਾਰ ਚਰਚਾ ਹੋਈ, ਉੱਥੇ ਹੀ ਸੰਬੰਧਿਤ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਖਤ ਨਿਰਦੇਸ਼ ਜਾਰੀ ਕੀਤੇ ਗਏ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਕਤ ਮੀਟਿੰਗ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੋ ਰਹੀ ਹੈ, ਹਲਕੇ ਅੰਦਰ ਜੋ ਵੀ ਵਿਕਾਸ ਕਾਰਜ ਚੱਲ ਰਹੇ ਹਨ ਉਨਾਂ ਦੇ ਵਿੱਚ ਤੇਜ਼ੀ ਲਿਆਉਣ ਦੇ ਲਈ ਇਹ ਰੀਵਿਊ ਮੀਟਿੰਗ ਕੀਤੀ ਗਈ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਪੋਲਸੀਆਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣ ਦੇ ਲਈ ਨਵੀਂ ਵਿਉਂਤਬੰਦੀ ਕੀਤੀ ਗਈ ਹੈ। ਉਨਾਂ ਸਖਤੀ ਦਿਖਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਭ੍ਰਿਸ਼ਟਾਚਾਰ ਦੇ ਬਿਲਕੁਲ ਖਿਲਾਫ ਹੈ, ਇਸ ਨੂੰ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਬੰਧਤ ਅਧਿਕਾਰੀਆਂ ਨੂੰ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਦੇ ਨਾਲ ਕਰਨ, ਜੇਕਰ ਕੋਈ ਵਿਅਕਤੀ ਡਿਊਟੀ ਦੇ ਵਿੱਚ ਕੁਤਾਹੀ ਕਰਦਾ ਹੈ ਜਾਂ ਭ੍ਰਿਸ਼ਟਾਚਾਰ ਨਾਲ ਲਿਪਤ ਹੈ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ, ਬੇਸ਼ੱਕ ਉਨਾਂ ਦਾ ਕੋਈ ਸਕਾ ਸਬੰਧੀ ਵੀ ਹੋਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਏਡੀਸੀ ਸੁਰਿੰਦਰ ਸਿੰਘ ਧਾਲੀਵਾਲ, ਡੀਡੀਪੀਓ ਹਿਤੇਸ਼ ਕਪਲਾ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਰਮੇਸ਼ ਗੋਇਲ ਅਤੇ ਹੋਰ ਅਧਿਕਾਰੀ ਵੀ ਹਾਜਰ ਸਨ।



# ਜਲੰਧਰ ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਐਲਾਨਿਆ ਉਮੀਦਵਾਰ

**ਜਲੰਧਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨੇ ਜਲੰਧਰ ਵੈਸਟ ਹਲਕੇ ਦੀ ਜ਼ਿਮਨੀ ਚੋਣ ਲਈ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਅਕਾਲੀ ਦਲ ਨੇ ਕੌਂਸਲਰ ਰਹਿ ਚੁੱਕੇ ਜਥੇਦਾਰ ਪ੍ਰੀਤਮ ਸਿੰਘ, ਬਸਤੀ ਮਿੱਠੂ ਦੀ ਪਤਨੀ ਸੁਰਜੀਤ ਕੌਰ ਨੂੰ ਟਿਕਟ ਦਿੱਤੀ ਹੈ। ਸੁਰਜੀਤ ਕੌਰ ਦਾ ਪਰਿਵਾਰ ਅਕਾਲੀ ਦਲ ਦੇ ਨਾਲ ਲੰਬੇ ਸਮੇਂ ਤੋਂ ਜੁੜਿਆ ਹੋਇਆ ਹੈ। ਪ੍ਰੀਤਮ ਸਿੰਘ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬੇਹੱਦ ਕਰੀਬੀ ਮੰਨੇ ਜਾਂਦੇ ਸਨ। ਦੱਸਣਯੋਗ ਹੈ ਕਿ ਦੋਆਬੇ ਦੀ ਰਾਜਧਾਨੀ ਜਲੰਧਰ ਦੀ ਪੱਛਮੀ ਵਿਧਾਨ ਸਭਾ ਸੀਟ 'ਤੇ ਚੋਣ ਲੜਨ ਲਈ ਸ਼੍ਰੋਮਣੀ ਅਕਾਲੀ ਦਲ ਜਕੋ-ਤਕੋ ਕਰ ਰਿਹਾ ਸੀ ਪਰ ਪਾਰਟੀ ਦੇ ਅੰਦਰੋਂ ਆਵਾਜ਼ ਦੇ ਚਲਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਰ ਉਮੀਦਵਾਰ ਲੱਭਣ ਲਈ ਚਾਰ ਮੈਂਬਰੀ ਕਮੇਟੀ ਬੀਬੀ ਜਗੀਰ ਕੌਰ ਦੀ ਅਗਵਾਈ ਵਿਚ ਬਣਾਈ ਸੀ। ਪਾਰਟੀ ਵੱਲੋਂ ਬਣਾਈ ਗਈ ਸਕਰੀਨਿੰਗ ਕਮੇਟੀ ਦੇ ਮੈਂਬਰਾਂ ਵਿੱਚ ਸ਼ਾਮਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ



ਜਗੀਰ ਕੌਰ, ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸਾਬਕਾ ਐੱਮ. ਪੀ. ਮਹਿੰਦਰ ਸਿੰਘ ਕੇ. ਪੀ. ਅਤੇ ਬੰਗਾ ਹਲਕੇ ਤੋਂ ਵਿਧਾਇਕ ਡਾ. ਸੁਖਵਿੰਦਰ ਸਿੰਘ ਸੁੱਖੀ ਨੇ ਦੱਸਿਆ ਕਿ ਟਕਸਾਲੀ ਅਕਾਲੀ ਆਗੂ ਅਤੇ ਸਾਬਕਾ ਕੌਂਸਲਰ ਜੱਥੇਦਾਰ ਪ੍ਰੀਤਮ ਸਿੰਘ ਦੀ ਧਰਮਪਤਨੀ ਬੀਬੀ ਸੁਰਜੀਤ ਕੌਰ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ। ਇਨ੍ਹਾਂ ਅਕਾਲੀ ਆਗੂਆਂ ਨੇ ਦੱਸਿਆ ਕਿ ਬੀਬੀ ਸੁਰਜੀਤ ਕੌਰ ਦੋ ਵਾਰ ਅਤੇ ਜਥੇਦਾਰ ਪ੍ਰੀਤਮ ਸਿੰਘ ਇਕ ਨਗਰ ਨਿਗਮ ਜਲੰਧਰ ਦੇ ਕੌਂਸਲਰ ਰਹੇ ਹਨ। ਸਕਰੀਨਿੰਗ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਉਮੀਦਵਾਰ ਦੀ ਚੋਣ ਕਰਨ ਵਾਸਤੇ ਉਨ੍ਹਾਂ ਦੀ ਡਿਊਟੀ ਲਗਾਈ ਗਈ ਸੀ। ਕਮੇਟੀ ਨੇ ਵੱਖ-ਵੱਖ ਅਕਾਲੀ ਸੋਚ ਵਾਲੇ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਅਕਾਲੀ ਪਿਛੋਕੜ ਵਾਲੇ ਆਗੂ ਜੱਥੇਦਾਰ ਪ੍ਰੀਤਮ ਸਿੰਘ ਦੀ ਧਰਮਪਤਨੀ ਨੂੰ ਚੋਣ ਮੈਦਾਨ ਵਿੱਚ ਉਤਾਰਨ ਦਾ ਫ਼ੈਸਲਾ ਕੀਤਾ ਹੈ। ਹੁਣ ਫਿਰ ਜਲੰਧਰ ਤੋਂ ਪੰਜ ਕੋਨਾ ਮੁਕਾਬਲਾ ਵੇਖਣ ਨੂੰ ਮਿਲੇਗਾ ਜਿਸ ਵਿਚ ਕਾਂਗਰਸ, 'ਆਪ', ਭਾਜਪਾ, ਅਕਾਲੀ ਦਲ, ਬਸਪਾ ਦੇ ਉਮੀਦਵਾਰ ਲਈ ਉਨ੍ਹਾਂ ਦੇ ਹਮਾਇਤੀ ਵੋਟ ਮੰਗਣਗੇ। ਹੁਣ ਜਲੰਧਰ ਦੇ ਪੱਛਮੀ ਹਲਕੇ ਵਿਚ ਵਿਆਹ ਵਰਗਾ ਮਾਹੌਲ ਹੋਵੇਗਾ।

# ਧੂਰੀ ਤੋਂ 2 ਵਾਰ ਰਹੇ ਵਿਧਾਇਕ ਧਨਵੰਤ ਸਿੰਘ ਮਾਨ ਦੀ ਅੰਤਿਮ ਅਰਦਾਸ ਵਿਚ ਪਹੁੰਚੇ ਦਿੱਗਜ ਨੇਤਾ

**ਧੂਰੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਧਨਵੰਤ ਸਿੰਘ ਮਾਨ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ਸਨ ਗੌਰਤਲਬ ਹੈ ਕੇ ਧਨਵੰਤ ਸਿੰਘ ਧੂਰੀ ਤੋਂ 2 ਵਾਰ ਵਿਧਾਇਕ ਰਹੇ ਲੋਕ ਹਮੇਸ਼ਾ ਹੀ ਉਨ੍ਹਾਂ ਨੂੰ ਸੜਕਾਂ ਵਾਲਾ ਮੰਤਰੀ ਕਹਿੰਦੇ ਸਨ 1992-1997 ਤੱਕ ਪਹਿਲੀ ਵਾਰ ਕਾਂਗਰਸ ਦੇ ਚੋਣ ਨਿਸ਼ਾਨ ਤੋਂ ਵਿਧਾਇਕ ਬਣੇ ਸਨ ?। ਉਸ ਤੋਂ ਬਾਅਦ 1997-2002 ਤੱਕ ਧੂਰੀ ਤੋਂ ਆਜਾਦ ਉਮੀਦਵਾਰ ਵਜੋ ਚੋਣ ਲੜੀ ਅਤੇ ਧੂਰੀ ਤੋਂ ਵਿਧਾਇਕ ਚੁਣੇ ਗਏ ਸਨ। ਓਹਨਾ ਨੇ ਜੋਂ ਵੀ ਕੀਤਾ ਆਪਣੇ ਦਮ ਦੇ ਉੱਪਰ ਕੀਤਾ ਅਤੇ ਇੱਕ ਦਿੱਗਜ ਨੇਤਾ ਦੇ ਵਜੋਂ ਜਾਣੇ ਜਾਦੇ ਸਨ। ਓਹਨਾ ਦੇ ਕਿਤੇ ਹੋਏ ਕੰਮਾਂ ਨੂੰ ਧੂਰੀ ਨਿਵਾਸੀ ਅੱਜ ਤੱਕ ਯਾਦ ਕਰਦੇ ਹਨ । ਉਹ ਹਮੇਸ਼ਾ ਬੱਚਿਆਂ ਅਤੇ ਗਰੀਬਾਂ ਦੀ ਮਾਲੀ ਮਦਦ ਕਰਨ ਲਈ ਅੱਗੇ ਆਉਂਦੇ ਸਨ। ਉਹਨਾਂ ਨੇ ਕਦੀ ਵੀ ਕਿਸੇ ਨੂੰ ਨਿਰਾਸ਼ ਨਹੀਂ ਕੀਤਾ ਸੀ। ਉਹਨਾਂ ਦੇ ਜਾਣ ਤੋਂ ਬਾਅਦ ਹਰ ਇੱਕ ਦੀ ਅੱਖ ਦੇ ਵਿਚ ਅੱਥਰੂ ਸਨ। ਜੇਕਰ ਓਹਨਾ ਦੇ ਕੋਲ ਕੋਈ ਵੀ ਆਪਣੀ ਮੰਗ ਲੈਂ ਕੇ ਚਲਾ ਜਾਂਦਾ ਉਹਨਾਂ ਵੱਲੋਂ ਕਿਸੇ ਨੂੰ ਨਾਰਾਜ਼ ਨਹੀਂ ਕੀਤਾ ਜਾਂਦਾ ਸੀ। ਅੱਜ ਓਹਨਾ ਦੀ ਅੰਤਿਮ ਅਰਦਾਸ ਦੇ ਵਿਚ ਹਰ ਇਕ ਪਾਰਟੀ ਦੇ ਨੇਤਾ ਨੇ ਸ਼ਿਰਕਤ ਕੀਤੀ ਅਤੇ ਓਹਨਾ ਨੂੰ ਯਾਦ ਕਰਦੇ ਹੋਏ ਹਰ ਇੱਕ ਦੀ ਅੱਖ ਨਮ ਸੀ ।ਇਸ ਮੌਕੇ ਤੇ ਸਾਬਕਾ ਮੁੱਖ ਮੰਤਰੀ ਪੰਜਾਬ ਅਤੇ ਜਲੰਧਰ ਲੋਕ ਸਭਾ ਤੋਂ ਮੈਂਬਰ ਪਾਰਲੀਮੈਂਟ ਸ੍ਰ ਚਰਨਜੀਤ ਸਿੰਘ ਚੰਨੀ, ਲੁਧਿਆਣਾ ਤੋਂ ਮੈਂਬਰ ਪਾਰਲੀਮੈਂਟ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਕੈਬਨਿਟ ਮੰਤਰੀ ਵਿਜੇਇੰਦਰ ਸਿੰਗਲਾ, ਭਾਰਤੀ ਜਨਤਾ ਪਾਰਟੀ ਪੰਜਾਬ ਦੇ ਵਾਈਸ ਪ੍ਰਧਾਨ ਅਤੇ ਧੂਰੀ ਦੇ ਸਾਬਕਾ ਐਮ ਐਲ ਏ ਅਰਵਿੰਦ ਖੰਨਾ, ਫਤਿਹਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅਮਰ ਸਿੰਘ ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ, ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ,ਜਗਮੀਤ ਸਿੰਘ ਬਰਾੜ, ਕਾਂਗਰਸ ਪਾਰਟੀ ਪੰਜਾਬ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ, ਸਾਬਕਾ ਐਮ ਐਲ ਏ ਬੀਬੀ ਹਰਚੰਦ ਕੌਰ ਘਨੌਰੀ, ਸਾਬਕਾ ਐਮ ਐਲ ਏ ਧੂਰੀ ਦਲਵੀਰ ਸਿੰਘ ਗੋਲਡੀ, ਸੁਰਜੀਤ ਸਿੰਘ ਧੀਮਾਨ, ਮੁਹੰਮਦ ਮੁਸਤਫਾ,ਦਵਿੰਦਰ ਸਿੰਘ ਧੂਰੀ,ਆਮ ਆਦਮੀ ਪਾਰਟੀ ਦੇ ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਅਤੇ ਹੋਰ ਆਗੂ ਵੀ ਵਿਸ਼ੇਸ਼ ਤੌਰ ਤੇ ਪਹੁੰਚੇ



# ਪਿੰਡ ਅਮਲਾਲਾ ਦੀ ਕਰੀਬ 2.5 ਏਕੜ ਸ਼ਾਮਲਾਟ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਵਾਇਆ



**ਡੇਰਾ ਬਸੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਿੰਡ ਅਮਲਾਲਾ, ਬਲਾਕ ਡੇਰਾਬੱਸੀ, ਦੀ ਕਰੀਬ 02 ਏਕੜ 05 ਕਨਾਲ 13 ਮਰਲੇ ਵਾਹੀਯੋਗ ਜ਼ਮੀਨ ਦਾ ਕਬਜ਼ਾ ਛੁਡਵਾਇਆ ਗਿਆ, ਜਿਸ ਉੱਤੇ ਕਾਬਜ਼ਕਾਰਾਂ ਨੇ ਕਰੀਬ 15-18 ਸਾਲ ਤੋਂ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ।

ਇਹ ਜਾਣਕਾਰੀ ਦਿੰਦਿਆਂ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ, ਗੁਰਪ੍ਰੀਤ ਸਿੰਘ ਮਾਂਗਟ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ, ਸ਼੍ਰੀਮਤੀ ਆਸ਼ਿਕਾ ਜੈਨ, ਏ.ਡੀ.ਸੀ (ਵਿਕਾਸ) ਸ਼੍ਰੀਮਤੀ ਸੋਨਮ ਚੌਧਰੀ ਅਤੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਸ. ਬਲਜਿੰਦਰ ਸਿੰਘ ਗਰੇਵਾਲ ਦੇ ਨਿਰਦੇਸ਼ਾਂ ਤਹਿਤ ਅੱਜ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਵੱਲੋਂ ਇਹ ਕਬਜ਼ਾ ਛੁਡਵਾਇਆ ਗਿਆ।

ਬੀ.ਡੀ.ਪੀ.ਓ. ਨੇ ਦੱਸਿਆ ਕਿ ਜ਼ਮੀਨ ਉਤੇ ਲਗਭਗ 15-18 ਸਾਲ ਤੱਕ ਜਗਸੀਰ ਸਿੰਘ ਪੁੱਤਰ ਮਹਿੰਦਰ ਸਿੰਘ, ਗੁਲਜਾਰ ਸਿੰਘ ਪੁੱਤਰ ਮਹਿੰਦਰ ਸਿੰਘ ਅਤੇ ਇਕਬਾਲ ਸਿੰਘ ਪੁੱਤਰ ਦੀਦਾਰ ਸਿੰਘ ਦਾ ਨਾਜਾਇਜ਼ ਕਬਜ਼ਾ ਸੀ।

ਇਸ ਜ਼ਮੀਨ ਦਾ ਕੇਸ ਪੰਚਾਇਤ ਵੱਲੋਂ ਸਾਲ 2017-18 ਵਿੱਚ ਕੁਲੈਕਟਰ, ਪੰਚਾਇਤ ਲੈਂਡ ਦੀ ਅਦਾਲਤ ਵਿਚ ਦਾਇਰ ਕੀਤਾ ਗਿਆ ਸੀ, ਜਿਸ ਦਾ ਫੈਸਲਾ 2020 ਵਿੱਚ ਪੰਚਾਇਤ ਦੇ ਹੱਕ ਵਿੱਚ ਹੋਇਆ ਸੀ। ਇਸ ਤੋਂ ਬਾਅਦ ਕੁਲੈਕਟਰ ਪੰਚਾਇਤ ਲੈਂਡ ਵੱਲੋਂ ਇਸ ਜ਼ਮੀਨ ਦਾ ਕਬਜ਼ਾ ਵਾਰੰਟ ਜਾਰੀ ਕੀਤਾ ਗਿਆ ਸੀ।

ਕਬਜ਼ਾ ਕਾਰਵਾਈ ਮੌਕੇ ਪੰਚਾਇਤ ਅਫਸਰ ਮਨਦੀਪ ਸਿੰਘ ਦਰਦੀ, ਪੰਚਾਇਤ ਸਕੱਤਰ ਗੁਰਵਿੰਦਰ ਸਿੰਘ ਅਤੇ ਜਤਿੰਦਰ ਸਿੰਘ, ਗੁਰਮੁੱਖ ਸਿੰਘ ਸੰਮਤੀ ਪਟਵਾਰੀ, ਮਗਨਰੇਗਾ ਸਟਾਫ ਸੰਦੀਪ ਸ਼ਰਮਾ ਹਲਕਾ ਕਾਨੂੰਗੋ, ਸੁਮਿਤ ਰਾਏ ਡਿਊਟੀ ਮੈਜਿਸਟਰੇਟ, ਪੁਲਿਸ ਪ੍ਰਸ਼ਾਸਨ ਅਤੇ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪਿੰਡ ਵਾਸੀ ਹਾਜ਼ਰ ਸਨ।

# ਭਾਜਪਾ ਆਗੂ ਨੂੰ ਸੂਬਾਈ ਪ੍ਰੋਗਰਾਮ 'ਚ ਬੁਲਾ ਕੇ ਘਿਰੀ ਭਾਸ਼ਾ ਵਿਭਾਗ ਦੀ ਡਾਇਰੈਕਟਰ

**ਪਟਿਆਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਵੱਲੋਂ ਪਟਿਆਲਾ 'ਚ ਪਦਮ ਸ੍ਰੀ ਡਾ. ਸੁਰਜੀਤ ਪਾਤਰ ਦੀ ਯਾਦ 'ਚ ਕਰਵਾਏ ਸੂਬਾ ਪੱਧਰੀ ਕਵੀ ਦਰਬਾਰ ਨੇ ਨਵੀਂ ਚਰਚਾ ਛੇੜ ਦਿੱਤੀ। ਦਰਅਸਲ ਭਾਸ਼ਾ ?ਵਿਭਾਗ ਵੱਲੋਂ ਕਰਵਾਏ ਗਏ ਇਸ ਕਵੀ ਦਰਬਾਰ ਵਿਚ ਵਿਸ਼ੇਸ਼ ਮਹਿਮਾਨ ਵਜੋਂ ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਸਿਹਤ ਮੰਤਰੀ ਦੇ ਓਐੱਸਡੀ ਡਾ. ਵਰਿੰਦਰ ਗਰਗ ਨੂੰ ਬੁਲਾਇਆ ਗਿਆ ਸੀ।

ਇਸ ਬਾਰੇ ਜਦੋਂ ਭਾਸ਼ਾ ਵਿਭਾਗ ਦੀ ਡਾਇਰੈਕਟਰ ਹਰਪ੍ਰੀਤ ਕੌਰ ਨੂੰ ਪੁੱਛਿਆ ਗਿਆ ਤਾਂ ਉਹ ਪਹਿਲਾਂ ਤਾਂ ਇਸ ਗੱਲ ਨੂੰ ਅਣਗੌਲੇ ਕਰਨ ਲੱਗੇ ਪਰ ਫਿਰ ਕਹਿਣ ਲੱਗੇ ਕਿ ਗ਼ਲਤੀ ਨਾਲ ਭਾਰਤੀ ਜਨਤਾ ਪਾਰਟੀ ਦਾ ਨੁਮਾਇੰਦਾ ਸੱਦ ਲਿਆ ਗਿਆ, ਅੱਗੇ ਤੋਂ ਅਜਿਹੀ ਗ਼ਲਤੀ ਨਹੀਂ ਹੋਵੇਗੀ। ਜਾਣਕਾਰੀ ਅਨੁਸਾਰ ਅੱਜ ਜਦੋਂ ਪ੍ਰੋਗਰਾਮ 'ਚ ਭਾਜਪਾ ਆਗੂ ਦੇ ਪੁੱਜਣ ਬਾਰੇ ਭਿਣਕ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ ਤੱਕ ਪੁੱਜੀ ਤਾਂ ਉਸ ਨੇ ਮੀਡੀਆ ਨੂੰ ਕਿਹਾ ਕਿ ਇਸ ਤਰ੍ਹਾਂ ਕਰ ਕੇ ਸ਼ਰ੍ਹੇਆਮ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪ੍ਰੋਗਰਾਮ ਵਿਚ 'ਆਪ' ਦੇ ਕਿਸੇ ਅਹੁਦੇਦਾਰ ਜਾਂ ਅਧਿਕਾਰੀ ਨਾ ਬੁਲਾ ਕੇ ਭਾਜਪਾ ਨੂੰ ਬੁਲਾਉਣਾ ਗ਼ਲਤ ਹੈ।

# ਪੰਜਾਬ ਦੇ ਸਿਹਤ ਮੰਤਰੀ ਵੱਲੋਂ ਸਰਕਾਰੀ ਅਤੇ ਪ੍ਰਾਈਵੇਟ ਮੈਡੀਕਲ ਸੰਸਥਾਵਾਂ ਨੂੰ ਵਿਦੇਸ਼ੀ ਮੈਡੀਕਲ ਗ੍ਰੈਜੂਏਟਾਂ ਨੂੰ ਇੰਟਰਨਸ਼ਿਪ ਅਲਾਟ ਕਰਨ ਦੇ ਨਿਰਦੇਸ਼

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਦੇਸ਼ੀ ਮੈਡੀਕਲ ਗ੍ਰੈਜੂਏਟਾਂ (ਐਫ.ਐਮ.ਜੀਜ਼) ਦੇ ਬਿਹਤਰ ਭਵਿੱਖ ਲਈ ਵਚਨਬੱਧਤਾ ਪ੍ਰਗਟਾਉਂਦਿਆਂ ਪੰਜਾਬ ਦੇ ਮੈਡੀਕਲ ਸਿੱਖਿਆ ਤੇ ਖੋਜ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸੂਬੇ ਦੀਆਂ ਸਾਰੀਆਂ ਸਰਕਾਰੀ ਅਤੇ ਪ੍ਰਾਈਵੇਟ ਮੈਡੀਕਲ ਸੰਸਥਾਵਾਂ ਨੂੰ ਵਿਦਿਆਰਥੀਆਂ ਨੂੰ ਇੰਟਰਨਸ਼ਿਪ ਅਲਾਟ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਐਫਐਮਜੀਜ਼ ਨੂੰ ਦਰਪੇਸ਼ ਮੁੱਦਿਆਂ ਨੂੰ ਹੱਲ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਉਹਨਾਂ ਅੱਗੇ ਕਿਹਾ ਕਿ ਪ੍ਰਸ਼ਾਸਕੀ ਮੁੱਦਿਆਂ ਦੇ ਹੱਲ ਲਈ ਇੰਟਰਨਸ਼ਿਪ ਅਲਾਟ ਕਰਨ ਸਬੰਧੀ ਸਮੁੱਚੀ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾ ਰਿਹਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਐਫਐਮਜੀਜ਼ ਲਈ ਵੱਧ ਤੋਂ ਵੱਧ ਉਪਲਬਧ ਇੰਟਰਨਸ਼ਿਪ ਸਲਾਟ ਯਕੀਨੀ ਕਰਾਉਣ ਲਈ ਪੰਜਾਬ ਅਤੇ ਚੰਡੀਗੜ੍ਹ ਭਰ ਦੀਆਂ ਮੈਡੀਕਲ ਸੰਸਥਾਵਾਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ ਤਾਂ ਜੋ ਸਾਰੇ ਯੋਗ ਗ੍ਰੈਜੂਏਟ ਵਿਦਿਆਰਥੀ ਤੁਰੰਤ ਆਪਣੀ ਇੰਟਰਨਸ਼ਿਪ ਸ਼ੁਰੂ ਕਰ ਸਕਣ।

ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਤੇ ਨੈਸ਼ਨਲ ਮੈਡੀਕਲ ਕਮਿਸ਼ਨ (ਐਨ.ਐਮ.ਸੀ.) ਦੇ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਵਚਨਬੱਧ ਹੈ।

# ਅਧਿਕਾਰੀਆਂ ਨੂੰ ਦਫਤਰਾਂ ਵਿਚ ਬੈਠ ਕੇ ਆਮ ਜਨਤਾ ਦੀਆਂ ਮੁਸ਼ਕਲਾਂ ਹਲ ਕਰਨ ਦੇ ਆਦੇਸ਼

**ਫਾਜ਼ਿਲਕਾ, 23 ਜੂਨ/ ਕਪਿਲ ਖੱਤਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਆਮ ਜਨਤਾ ਦੀਆਂ ਮੁਸ਼ਕਲਾਂ ਦੇ ਤੁਰੰਤ ਹੱਲ ਲਈ ਜ਼ਿਲ੍ਹਾ ਫਾਜ਼ਿਲਕਾ ਅਤੇ ਤਹਿਸੀਲ/ਬਲਾਕ ਪੱਧਰ ਤੇ ਤਾਇਨਾਤ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਰ ਰੋਜ਼ ਸਵੇਰੇ 10 ਵਜੇ ਤੋਂ ਲੈ ਕੇ ਦੁਪਹਿਰ 12 ਵਜੇ ਤੱਕ ਆਪਣੇ ਦਫਤਰਾਂ ਵਿਚ ਬੈਠ ਕੇ ਆਮ ਜਨਤਾ ਦੀਆਂ ਮੁਸ਼ਕਲਾਂ ਸੁਣਨ ਦੀ ਹਦਾਇਤ ਕੀਤੀ ਹੈ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਆਮ ਜਨਤਾ ਦੀਆਂ ਮੁਸ਼ਕਲਾਂ ਦੇ ਫੌਰੀ ਤੇ ਹੱਲ ਲਈ ਦਫਤਰਾਂ ਵਿਖੇ ਸਹਾਇਤਾ ਕੇਂਦਰ ਸਥਾਪਿਤ ਕਰਨ ਦੇ ਆਦੇਸ਼ਾ ਦੀ ਪਾਲਣਾ ਕਰਦਿਆਂ ਇਹ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਇਸ ਸਮੇਂ ਦੌਰਾਨ ਫੀਲਡ ਦੌਰੇ ਤੇ ਨਹੀਂ ਜਾਵੇਗਾ ਤਾਂ ਜੋ ਆਮ ਜਨਤਾ ਦੀ ਮੁਸ਼ਕਲਾਂ ਦਾ ਮੌਕੇ *ਤੇ ਹੱਲ ਹੋ ਸਕੇ। ਇਹ ਹੁਕਮ ਜ਼ਿਲ੍ਹਾ ਫਾਜ਼ਿਲਕਾ ਵਿਚ ਤੁਰੰਤ ਲਾਗੂ ਕੀਤੇ ਜਾਂਦੇ ਹਨ।

# ਪਾਰਦਰਸ਼ੀ ਅਤੇ ਮਿਥੇ ਸਮੇਂ ਅਨੁਸਾਰ ਮੁਹੱਈਆ ਕਰਵਾਈਆਂ ਜਾਣ ਮਾਲ ਵਿਭਾਗ ਸਬੰਧੀ ਸੇਵਾਵਾਂ : ਡਿਪਟੀ ਕਮਿਸ਼ਨਰ

**➢ ਮਾਲ ਰਿਕਾਰਡ ਦੀ ਅਪਡੇਸ਼ਨ, ਰੈਵੀਨਿਊ ਕੋਰਟ ਮੈਨੇਜਮੈਂਟ ਸਿਸਟਮ, ਜਮ੍ਹਾਬੰਦੀ, ਮੁਸਾਵੀਆਂ ਦੀ ਡਿਜੀਟਾਈਜ਼ੇਸ਼ਨ ਆਦਿ ਸਬੰਧੀ ਕਾਰਜਾਂ ਦਾ ਵੀ ਲਿਆ ਜਾਇਜ਼ਾ ➢ ਸਮੂਹ ਐਸ.ਡੀ.ਐਮਜ਼ ਨੂੰ ਲੰਬਿਤ ਮਾਮਲਿਆਂ ਵਿੱਚ ਨਜ਼ਰਸਾਨੀ ਯਕੀਨੀ ਬਣਾਉਣ ਤਾਂ ਜੋ ਲੰਬਿਤ ਅਰਜ਼ੀਆਂ ਦੀ ਬਕਾਇਆ ਦਰ ਸਿਫ਼ਰ ਕੀਤੀ ਜਾ ਸਕੇ**

**ਮਲੇਰਕੋਟਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਦੱਸਿ ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਅੱਜਜ਼ਿਲ੍ਹੇ ਦੇ ਮਾਲ ਅਫ਼ਸਰਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਦਿਆਂ ਨਿਰਦੇਸ਼ ਦਿੱਤੇ ਕਿ ਮਾਲ ਵਿਭਾਗ ਨਾਲ ਸਬੰਧੀ ਸੇਵਾਵਾਂ ਨੂੰ ਮਿਥੇ ਸਮੇਂ ਅੰਦਰ ਅਤੇ ਪਾਰਦਰਸ਼ੀ ਢੰਗ ਨਾਲ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਜ਼ਿਲ੍ਹੇ ਦੇ ਆਮ ਨਾਗਰਿਕਾਂ ਨੂੰ ਖੱਜਲ ਖੁਆਰ ਨਾ ਹੋਣਾ ਪਵੇ ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਸਰਕਾਰੀ ਦਫ਼ਤਰਾਂ 'ਚ ਆਪਣੇ ਕੰਮ ਕਰਵਾਉਣ ਆਉਂਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਾ ਆਉਣ ਦੇਣ ਦੇ ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇ ਅਤੇ ਅਧਿਕਾਰੀ ਲੋਕਾਂ ਦੀ ਮੁਸਕਲਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਨੂੰ ਯਕੀਨੀ ਬਣਾਉਣ ।

ਲੋਕਾਂ ਦੀ ਸਹੂਲਤ ਲਈ ਵੀ ਘੱਟੋ ਘੱਟ ਸਮੇਂ ਵਿੱਚ ਮਾਲ ਵਿਭਾਗ ਨਾਲ ਸਬੰਧਤ ਸੇਵਾਵਾਂ ਨੂੰ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ । ਮਾਲ ਵਿਭਾਗ ਦੇ ਕੰਮਾਂ ਅੰਦਰ ਬੇਲੋੜੀ ਦੇਰੀ ਤੇ ਢਿੱਲ-ਮੱਠ ਨੂੰ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਹਦਾਇਤਾਂ ਕੀਤੀ ਕਿ ਜਮ੍ਹਾਬੰਦੀਆਂ ,ਇੰਤਕਾਲ ਆਦਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਦੇ ਤੁਰੰਤ ਨਿਪਟਾਰੇ ਲਈ ਕਦਮ ਚੁੱਕੇ ਜਾਣ। ਜੇਕਰ ਇਨ੍ਹਾਂ ਕੰਮਾਂ ਵਿੱਚ ਕੁਤਾਹੀ ਪਾਈ ਜਾਂਦੀ ਹੈ ਤਾਂ ਉਸ ਵਿਰੁੱਧ ਵਿਭਾਗੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ । ਉਨ੍ਹਾਂ ਜ਼ਿਲ੍ਹੇ ਦੇ ਸਮੂਹ ਐਸ.ਡੀ.ਐਮਜ਼ ਨੂੰ ਲੰਬਿਤ ਮਾਮਲਿਆਂ ਵਿੱਚ ਨਜ਼ਰਸਾਨੀ ਯਕੀਨੀ ਬਣਾਉਣ ਲਈ ਆਖਿਆ ਤਾਂ ਜੋ ਲੰਬਿਤ ਅਰਜ਼ੀਆਂ ਦੀ ਬਕਾਇਆ ਦਰ ਸਿਫ਼ਰ ਕੀਤੀ ਜਾ ਸਕੇ । ਇਸ ਮੌਕੇ ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਪੈਡਿੰਗ ਕੇਸਾ ਵਿੱਚ ਤੇਜ਼ੀ ਲਿਆ ਕੇ ਨਿਪਟਾਉਣ ਦੇ ਹੁਕਮ ਵੀ ਦਿੱਤੇ । ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਵਾਮਿਤਵਾ ਸਕੀਮ ' ਮੇਰਾ ਘਰ ਮੇਰੇ ਨਾਮ ' ਦੇ ਕੰਮ ਵਿੱਚ ਤੇਜ਼ੀ ਲਿਆਉਣ ਲਈ ਆਖਿਆ ਤਾਂ ਜੋ ਸਰਕਾਰ ਦੀਆਂ ਉਪਚਾਰਿਕਤਾਵਾਂ ਮੁਕੰਮਲ ਕਰਨ ਉਪਰੰਤ ਲਾਲ ਲਕੀਰ ਦੇ ਵਸਨੀਕਾਂ ਨੂੰ ਕਾਨੂੰਨੀ ਮਾਲਕੀ ਦੇ ਹੱਕਾਂ ਦੇ ਸਰਟੀਫਿਕੇਟ ਦਿੱਤੇ ਜਾ ਸਕਣ। ਇਸ ਮੌਕੇ ਸਹਾਇਕ ਕਮਿਸ਼ਨਰ ਸ੍ਰੀ ਹਰਬੰਸ ਸਿੰਘ, ਐਸ.ਡੀ.ਐਮ. ਮਾਲੇਰਕੋਟਲਾ ਸ੍ਰੀਮਤੀ ਅਪਰਨਾ ਐਮ.ਬੀ.,ਐਸ.ਡੀ.ਐਮ.ਅਹਿਮਦਗੜ੍ਹ ਸ੍ਰੀ ਗੁਰਮੀਤ ਕੁਮਾਰ ਬਾਂਸਲ, ਐਸ.ਡੀ.ਐਮ.ਅਮਰਗੜ੍ਹ ਸ੍ਰੀਮਤੀ ਸੁਰਿੰਦਰ ਕੌਰ , ਜਿਲਾ ਮਾਲ ਅਫਸਰ ਮਨਦੀਪ ਕੌਰ, ਤਹਿਸੀਲਦਾਰ, ਅਹਿਮਦਗੜ੍ਹ ਹਰਵਿੰਦਰ ਸਿੰਘ ਘੋਲੀਆ, ਨਾਇਬ ਤਹਿਸੀਲਦਾਰ, ਮਾਲੇਰਕੋਟਲਾ ਜਗਦੀਪਇੰਦਰ ਸਿੰਘ ਸੋਢੀ, ਨਾਇਬ ਤਹਿਸੀਲਦਾਰ, ਅਮਰਗੜ੍ਹ ਵਿਵੇਕ ਨਿਰਮੋਹੀ, ਨਾਇਬ ਤਹਿਸੀਲਦਾਰ, ਅਹਿਮਦਗੜ੍ਹ ਪਰਵੀਨ ਕੁਮਾਰ, ਬੀ.ਡੀ.ਪੀ.ਓ. ਅਮਰਗੜ੍ਹ ਰੁਪਿੰਦਰ ਕੌਰ, ਸਦਰ ਕਾਨੂੰਗੋਂ ਰਣਜੀਤ ਸਿੰਘ, ਏ.ਐਸ.ਐਮ. ਫ਼ਰਦ ਕੇਂਦਰ ਸ੍ਰੀ ਵਿਕਾਸ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ ।




# ਏ.ਟੀ.ਐੱਮ ਕਾਰਡ ਬਦਲ ਕੇ ਕਢਵਾਏ 80 ਹਜ਼ਾਰ: 10 ਮਿੰਟ 'ਚ 8 ਟਰਾਂਜੈਕਸ਼ਨ



**ਫਾਜ਼ਿਲਕਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ 'ਚ ਐੱਸ.ਬੀ.ਆਈ. ਦੇ ਏ.ਟੀ.ਐੱਮ 'ਚ ਪਹੁੰਚੇ ਲੇਬਰ ਠੇਕੇਦਾਰ ਦਾ ਏ.ਟੀ.ਐੱਮ ਬਦਲਣ ਦੀ ਧੋਖਾਧੜੀ ਕਰ ਕੇ ਕੁਝ ਚਲਾਕ ਵਿਅਕਤੀ ਫਰਾਰ ਹੋ ਗਏ। ਹਾਲਾਂਕਿ ਠੇਕੇਦਾਰ ਨੇ ਆਪਣੇ ਖਾਤੇ ਵਿੱਚ ਪਏ ਪੈਸਿਆਂ ਵਿੱਚੋਂ ਮਜ਼ਦੂਰਾਂ ਨੂੰ ਮਜ਼ਦੂਰੀ ਦੇਣ ਲਈ ਏ.ਟੀ.ਐਮ ਵਿੱਚੋਂ 20 ਹਜ਼ਾਰ ਰੁਪਏ ਕਢਵਾ ਲਏ। ਜਿਸ ਤੋਂ ਬਾਅਦ ਉਹ ਉਥੋਂ ਚਲਾ ਗਿਆ।

ਇਸ ਤੋਂ ਪਹਿਲਾਂ ਕਿ ਠੇਕੇਦਾਰ ਵਾਪਸ ਪਹੁੰਚਦਾ, ਉਸਨੂੰ ਉਸਦੇ ਖਾਤੇ ਵਿੱਚੋਂ ਪੈਸੇ ਕਢਵਾਉਣ ਦੇ ਸੁਨੇਹੇ ਆਉਣੇ ਸ਼ੁਰੂ ਹੋ ਗਏ ਅਤੇ ਕੁਝ ਹੀ ਸਮੇਂ ਵਿੱਚ ਉਸਦੇ ਖਾਤੇ ਵਿੱਚੋਂ 80,000 ਰੁਪਏ ਕਢਵਾ ਲਏ ਗਏ। ਜਿਸ 'ਤੇ ਉਹ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾ ਕੇ ਕਾਰਵਾਈ ਦੀ ਮੰਗ ਕਰ ਰਿਹਾ ਹੈ। ਹਾਲਾਂਕਿ ਇਸ ਘਟਨਾ ਦਾ ਸੀਸੀਟੀਵੀ ਵੀ ਸਾਹਮਣੇ ਆਇਆ ਹੈ।

**ਪੈਸੇ ਕਢਵਾਉਣ ਲਈ ਗਿਆ ਸੀ ਲੈਕੇ ਏ.ਟੀ.ਐਮ**

ਜਾਣਕਾਰੀ ਦਿੰਦਿਆਂ ਪੀੜਤ ਨਵਲ ਕੁਮਾਰ ਨੇ ਦੱਸਿਆ ਕਿ ਉਹ ਫਾਜ਼ਿਲਕਾ ਦੇ ਖਟੀਕਾ ਇਲਾਕੇ ਦਾ ਰਹਿਣ ਵਾਲਾ ਹੈ। ਉਹ ਸਟੇਟ ਬੈਂਕ ਦੀ ਮੇਨ ਬ੍ਰਾਂਚ ਦੇ ਏਟੀਐਮ ਵਿੱਚ ਪੈਸੇ ਕਢਵਾਉਣ ਗਿਆ ਸੀ। ਜਿੱਥੋਂ ਉਸ ਨੇ ਏਟੀਐਮ ਦੀ ਦੋ ਵਾਰ ਵਰਤੋਂ ਕੀਤੀ ਅਤੇ 20 ਹਜ਼ਾਰ ਰੁਪਏ ਕਢਵਾ ਲਏ। ਉਦੋਂ ਉੱਥੇ ਮੌਜੂਦ ਇੱਕ ਵਿਅਕਤੀ ਨੇ ਉਸ ਦੇ ਏਟੀਐਮ ਦਾ ਪਿੰਨ ਦੇਖਿਆ ਅਤੇ ਬੜੀ ਚਲਾਕੀ ਨਾਲ ਉਸ ਨਾਲ ਏਟੀਐਮ ਬਦਲ ਲਿਆ।

**ਖਾਤੇ ਵਿੱਚੋਂ 80 ਹਜ਼ਾਰ ਕਢਵਾਏ**

ਪੀੜਤ ਨੇ ਦੱਸਿਆ ਕਿ ਉਸ ਦਾ ਏ.ਟੀ.ਐਮ. ਜਿਸ ਦੀ ਸੀਮਾ 1 ਲੱਖ ਰੁਪਏ ਤੱਕ ਸੀ। ਇਸ ਕਾਰਨ ਉਕਤ ਵਿਅਕਤੀ ਨੇ ਉਸ ਦਾ ਏ.ਟੀ.ਐਮ ਕਾਰਡ ਕਿਤੇ ਹੋਰ ਵਰਤ ਕੇ 8 ਟ੍ਰਾਂਜੈਕਸ਼ਨਾਂ ਰਾਹੀਂ 80 ਹਜ਼ਾਰ ਰੁਪਏ ਕਢਵਾ ਕੇ ਉਸ ਨਾਲ ਠੱਗੀ ਮਾਰੀ ਹੈ। ਇਸ ਤੋਂ ਬਾਅਦ ਉਸ ਦੇ ਬੈਂਕ ਬ੍ਰਾਂਚ 'ਚ ਪਹੁੰਚਣ ਦੀ ਸੀਸੀਟੀਵੀ ਵੀਡੀਓ ਵੀ ਕੱਢ ਲਈ ਗਈ ਅਤੇ ਪੁਲਸ ਨੂੰ ਸ਼ਿਕਾਇਤ ਵੀ ਕੀਤੀ ਗਈ।

ਨਵਲ ਕੁਮਾਰ ਦਾ ਕਹਿਣਾ ਹੈ ਕਿ ਉਹ ਲੇਬਰ ਠੇਕੇਦਾਰ ਦਾ ਕੰਮ ਕਰਦਾ ਹੈ ਅਤੇ ਮਜ਼ਦੂਰਾਂ ਦੇ ਪੈਸੇ ਉਸ ਦੇ ਖਾਤੇ ਵਿੱਚ ਆ ਗਏ ਸਨ। ਜਿਸ ਨੂੰ ਵਰਕਰਾਂ ਵਿੱਚ ਵੰਡਿਆ ਜਾਣਾ ਸੀ। ਫਿਲਹਾਲ ਇਸ ਸਬੰਧੀ ਪੁਲਿਸ ਨੂੰ ਸ਼ਿਕਾਇਤ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ।

# ਸੀ.ਐਮ ਦੀ ਯੋਗਸ਼ਾਲਾ ਤਹਿਤ ਪਟਿਆਲਾ ਦੇ ਵੱਖ ਵੱਖ ਸਥਾਨਾਂ 'ਤੇ ਮਨਾਇਆ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ

**ਪਟਿਆਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ 10ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬੜੇ ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪਟਿਆਲਾ ਅਤੇ ਪਟਿਆਲਾ ਦੀਆਂ ਤਹਿਸੀਲਾਂ/ਬਲਾਕਾਂ ਵਿਚ ਵੱਖ-ਵੱਖ ਥਾਵਾਂ 'ਤੇ ਯੋਗਾ ਕੈਂਪ ਲਗਾਏ ਗਏ, ਜਿਸ ਵਿਚ ਪਟਿਆਲਾ ਵਾਸੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਜ਼ਿਲ੍ਹਾ ਕੋਆਰਡੀਨੇਟਰ ਸੀ.ਐਮ ਦੀ ਯੋਗਸ਼ਾਲਾ ਭਾਰਤੀ ਭਾਵਨਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਪਟਿਆਲਾ ਜ਼ਿਲ੍ਹੇ ਦੇ ਵੱਖ ਵੱਖ ਸਥਾਨਾਂ 'ਤੇ ਅੰਤਰਰਾਸ਼ਟਰੀ ਯੋਗ ਦਿਵਸ 'ਤੇ ਸੀ.ਐਮ ਦੀ ਯੋਗਸ਼ਾਲਾ ਦੇ ਟ੍ਰੇਨਰਾਂ ਵੱਲੋਂ 3500 ਤੋਂ ਵੱਧ ਲੋਕਾਂ ਨੂੰ ਯੋਗਾ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਸੀ.ਐਮ ਦੀ ਯੋਗਸ਼ਾਲਾ ਦਾ ਜ਼ਿਲ੍ਹਾ ਪੱਧਰੀ ਸਮਾਗਮ ਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ ਵਿਖੇ ਕਰਵਾਇਆ ਗਿਆ। ਜਦ ਕਿ ਕਿਲਾ ਮੁਬਾਰਕ, ਸੈਂਟਰਲ ਬਲਾਕ ਪਾਰਕ,ਜਗਦੀਸ਼ ਐਨਕਲੇਵ, ਰਾਮ ਬਾਗ ਰਾਜਪੁਰਾ, ਰੋਜ਼ ਗਾਰਡਨ, ਗਊਸ਼ਾਲਾ ਪਾਰਕ, ਸ਼ਿਵਧਾਮ ਮੰਦਰ, ਨਿਊ ਦਸਮੇਸ਼ ਕਲੋਨੀ, ਗੋਬਿੰਦ ਕਲੋਨੀ, ਸ਼ਹੀਦ ਭਗਤ ਸਿੰਘ ਪਾਰਕ ਨਾਭਾ, ਅਗਰਸੇਨ ਪਾਰਕ, ਸਮਾਣਾ ਦੇ ਅਗਰਵਾਲ ਗਊਸ਼ਾਲਾ ਪਾਰਕ, ਵਾਦੀ ਪਾਰਕ, ਮਾਡਲ ਟਾਊਨ, ਘੱਗਾ ਦੇ ਸਟੇਡੀਅਮ ਸੀਨੀਅਰ ਸੈਕੰਡਰੀ ਸਕੂਲ, ਸਨੌਰ ਦੇ ਸ਼ਹੀਦ ਊਧਮ ਸਿੰਘ ਪਾਰਕ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਜੰਮੂ ਕਸ਼ਮੀਰ 'ਚ ਨਵੀਂ ਸਿਆਸੀ ਹਲਚਲ

ਸੰਵਿਧਾਨ ਦੀ ਧਾਰਾ 35ਏ ਅਤੇ 370 ਮਨਸੂਖ਼ ਕਰਨ ਅਤੇ ਜੰਮੂ ਕਸ਼ਮੀਰ ਦਾ ਸੂਬੇ ਦਾ ਦਰਜਾ ਖ਼ਤਮ ਕਰਨ ਤੋਂ ਬਾਅਦ ਉੱਥੇ ਪਹਿਲੀ ਵਾਰ ਹੋਈਆਂ ਪਾਰਲੀਮਾਨੀ ਚੋਣਾਂ ਵਿੱਚ ਬਾਰਾਮੂਲਾ ਲੋਕ ਸਭਾ ਹਲਕੇ ਤੋਂ ਇੰਜਨੀਅਰ ਸ਼ੇਖ ਰਾਸ਼ਿਦ ਦੀ ਜਿੱਤ ਨੇ ਨਾ ਕੇਵਲ ਉਨ੍ਹਾਂ ਦੇ ਸਭ ਤੋਂ ਨੇੜਲੇ ਵਿਰੋਧੀ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਦੰਗ ਕਰ ਦਿੱਤਾ ਸਗੋਂ ਉਨ੍ਹਾਂ ਲੋਕਾਂ ਨੂੰ ਵੀ ਹੈਰਾਨ ਪ੍ਰੇਸ਼ਾਨ ਕਰ ਦਿੱਤਾ ਹੈ ਜਿਨ੍ਹਾਂ ਨੇ ਅਗਸਤ 2019 ਵਿੱਚ ਇਹ ਰੱਦੋਬਦਲ ਕੀਤੀ ਸੀ। ਸ਼ੇਖ ਰਾਸ਼ਿਦ ਦੀ ਜਿੱਤ ਵਿੱਚ ਕੁਝ ਵੀ ਗ਼ਲਤ ਨਹੀਂ ਹੈ ਕਿਉਂਕਿ ਉਹ ਨਾ ਕੋਈ ਦਹਿਸ਼ਤਗਰਦ ਹੈ ਤੇ ਨਾ ਹੀ ਵੱਖਵਾਦੀ। ਦਰਅਸਲ, ਇਸ ਤੋਂ ਪਹਿਲਾਂ ਉਹ ਲੰਗੇਟ (ਕੁਪਵਾੜਾ) ਤੋਂ ਦੋ ਵਾਰ ਵਿਧਾਇਕ ਵੀ ਰਹਿ ਚੁੱਕਾ ਹੈ।ਹਾਲਾਂਕਿ ਇਨ੍ਹਾਂ ਖੇਤਰਾਂ ਵਿੱਚ ਸ਼ੇਖ ਰਾਸ਼ਿਦ ਦਾ ਆਪਣਾ ਕੋਈ ਬਹੁਤਾ ਆਧਾਰ ਨਹੀਂ ਸੀ ਪਰ ਫਿਰ ਵੀ ਉਨ੍ਹਾਂ ਦੇ ਹੱਕ ਵਿੱਚ ਚੱਲ ਰਹੀ ਹਮਦਰਦੀ ਦੀ ਲਹਿਰ ਦੇਖ ਕੇ ਰਵਾਇਤੀ ਸਿਆਸੀ ਪਾਰਟੀਆਂ ਹੈਰਾਨ ਰਹਿ ਗਈਆਂ ਹਨ। ਸ਼ੇਖ ਰਾਸ਼ਿਦ ਦੀ ਇਹ ਖ਼ਾਹਿਸ਼ ਹੋ ਸਕਦੀ ਹੈ ਕਿ ਉਹ ਕਸ਼ਮੀਰ ਦਾ ਇੱਕ ਅਜਿਹਾ ਵੱਡਾ ਆਗੂ ਬਣ ਕੇ ਉੱਭਰੇ ਜੋ ਦਿੱਲੀ ਵੱਲੋਂ ਅਪਣਾਈਆਂ ਜਾਂਦੀਆਂ ਨੀਤੀਆਂ 'ਤੇ ਸੁਆਲ ਉਠਾ ਸਕੇ ਅਤੇ ਲੋੜ ਪੈਣ 'ਤੇ ਲੋਕ ਸ਼ਕਤੀ ਨਾਲ ਇਨ੍ਹਾਂ ਨੂੰ ਚੁਣੌਤੀ ਵੀ ਦੇ ਸਕੇ ਜਿਸ ਕਰ ਕੇ ਰਵਾਇਤੀ ਪਾਰਟੀਆਂ ਦੇ ਆਗੂ ਉਸ ਨੂੰ ਮਾਅਰਕੇਬਾਜ਼ ਦਾ ਲਕਬ ਦਿੰਦੇ ਹਨ। ਇਸੇ ਕਰ ਕੇ ਸੰਵਿਧਾਨਕ ਤਬਦੀਲੀਆਂ ਕਰਨ ਤੋਂ ਐਨ ਪਹਿਲਾਂ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਬਾਅਦ ਵਿਚ ਉਸ ਖ਼ਿਲਾਫ਼ 'ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ' (ਯੂਏਪੀਏ) ਤਹਿਤ ਕੇਸ ਦਰਜ ਕਰ ਲਿਆ ਗਿਆ ਅਤੇ ਇਸ ਵੇਲੇ ਉਹ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹੈ। ਇਹ ਆਮ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਜੇਲ੍ਹ ਵਿੱਚ ਡੱਕੀ ਰੱਖਣ ਲਈ ਹੀ ਇਹ ਕੇਸ ਦਰਜ ਕੀਤਾ ਗਿਆ ਸੀ ਜਿਸ ਕਰ ਕੇ ਉਨ੍ਹਾਂ ਦੇ ਹੱਕ ਵਿੱਚ ਜਬਰਦਸਤ ਲਹਿਰ ਚੱਲ ਪਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬਾਰਾਮੂਲਾ ਅਤੇ ਅਨੰਤਨਾਗ-ਰਾਜੌਰੀ ਲੋਕ ਸਭਾ ਸੀਟਾਂ ਲਈ ਚੋਣਾਂ ਤੋਂ ਪਹਿਲਾਂ 17 ਮਈ ਨੂੰ ਸ੍ਰੀਨਗਰ ਦਾ ਦੌਰਾ ਕੀਤਾ ਸੀ ਪਰ ਉਦੋਂ ਸ਼ਾਇਦ ਉਨ੍ਹਾਂ ਤੱਕ ਜ਼ਮੀਨੀ ਹਾਲਤਾਂ ਦੀ ਕਨਸੋਅ ਨਹੀਂ ਪਹੁੰਚੀ ਸੀ। ਭਾਰਤੀ ਜਨਤਾ ਪਾਰਟੀ ਨੇ ਕਸ਼ਮੀਰ ਵਾਦੀ ਵਿੱਚ ਪੈਂਦੀਆਂ ਲੋਕ ਸਭਾ ਦੀਆਂ ਤਿੰਨੋਂ ਸੀਟਾਂ ਲਈ ਉਮੀਦਵਾਰ ਖੜ੍ਹੇ ਨਹੀਂ ਕੀਤੇ ਸਨ। ਮੀਡੀਆ ਰਿਪੋਰਟਾਂ ਮੁਤਾਬਿਕ ਅਮਿਤ ਸ਼ਾਹ ਨੇ ਪਹਾੜੀ, ਗੁੱਜਰ, ਬਕਰਵਾਲ ਅਤੇ ਸਿੱਖ ਭਾਈਚਾਰਿਆਂ ਦੇ ਵਫ਼ਦਾਂ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਇਹ ਗੱਲ ਆਖੀ ਸੀ ਕਿ ਜੰਮੂ ਕਸ਼ਮੀਰ ਵਿੱਚ 'ਵੰਸ਼ਵਾਦੀ ਸੱਤਾ' ਦਾ ਅੰਤ ਕਰਨ ਦੀ ਲੋੜ ਹੈ। ਉਨ੍ਹਾਂ ਦਾ ਸਪੱਸ਼ਟ ਸੰਕੇਤ ਸੀ ਕਿ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫ਼ਤੀ ਦੀ ਹਾਰ ਯਕੀਨੀ ਬਣਾਈ ਜਾਵੇ। ਹੋਇਆ ਵੀ ਇੰਝ ਹੀ ਤੇ ਉਮਰ ਅਤੇ ਮਹਿਬੂਬਾ ਦੋਵੇਂ ਆਪਣੀਆਂ ਸੀਟਾਂ ਹਾਰ ਗਏ। ਉਂਝ, ਇਸ ਦਾ ਹਰਗਿਜ਼ ਇਹ ਮਤਲਬ ਨਹੀਂ ਕਿ ਲੋਕਾਂ ਨੇ ਇਨ੍ਹਾਂ ਨੂੰ ਇਸ ਲਈ ਹਰਾਇਆ ਹੈ ਕਿਉਂਕਿ ਅਮਿਤ ਸ਼ਾਹ ਨੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਕਿਹਾ ਸੀ। ਜੇ ਅਮਿਤ ਸ਼ਾਹ ਦੇ ਕਹੇ ਦਾ ਇੰਨਾ ਹੀ ਅਸਰ ਹੁੰਦਾ ਤਾਂ ਭਾਜਪਾ ਵੱਲੋਂ ਖੜ੍ਹੇ ਕੀਤੇ ਗਏ 'ਪਿੱਠੂਆਂ' ਦਾ ਐਨਾ ਮਾੜਾ ਹਸ਼ਰ ਨਹੀਂ ਹੋਣਾ ਸੀ। ਭਾਜਪਾ ਲੀਡਰਸ਼ਿਪ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਕਿ ਉਹ ਸੰਵਿਧਾਨਕ ਸੋਧਾਂ ਕਰ ਕੇ ਜਿਨ੍ਹਾਂ ਭਾਈਚਾਰਿਆਂ ਨੂੰ ਪਤਿਆਉਣ ਦੀ ਕੋਸ਼ਿਸ਼ ਕੀਤੀ ਗਈ ਸੀ ਉਨ੍ਹਾਂ ਅੰਦਰੋਂ ਉਹ ਆਪਣੀ ਹਮਾਇਤ ਗੁਆ ਬੈਠੀ ਹੈ। ਮੌਕਾ ਭਾਂਪਦਿਆਂ ਇਸ ਨੇ ਕਸ਼ਮੀਰ ਵਾਦੀ ਦੀਆਂ ਤਿੰਨੋਂ ਸੀਟਾਂ ਤੋਂ ਚੋਣ ਨਾ ਲੜਨ ਦਾ ਫ਼ੈਸਲਾ ਕਰ ਲਿਆ ਅਤੇ ਇਸ ਦੀ ਬਜਾਏ ਉਸ ਨੇ ਉਮਰ ਅਤੇ ਮਹਿਬੂਬਾ ਨੂੰ ਮਾਤ ਦੇਣ ਲਈ ਆਪਣੇ 'ਪਿੱਠੂ' ਉਮੀਦਵਾਰਾਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕੀਤੀ। ਨਾ ਕੇਵਲ ਭਾਜਪਾ ਸਗੋਂ ਗੁਲਾਮ ਨਬੀ ਆਜ਼ਾਦ ਵੀ ਲੋਕਾਂ ਦਾ ਰੌਅ ਭਾਂਪ ਗਏ ਅਤੇ ਉਨ੍ਹਾਂ ਪਹਿਲਾਂ ਹੀ ਚੋਣਾਂ ਤੋਂ ਕਿਨਾਰਾ ਕਰ ਲਿਆ।ਆਓ, ਲੋਕਾਂ ਦੇ ਰੌਅ ਬਾਰੇ ਲੱਦਾਖ ਤੋਂ ਗੱਲ ਸ਼ੁਰੂ ਕਰਦੇ ਹਾਂ। ਭਲਾ, ਇਸੇ ਸਾਲ ਮਾਰਚ ਮਹੀਨੇ ਅੰਤਾਂ ਦੀ ਠੰਢੇ ਮੌਸਮ ਵਿੱਚ ਵਾਤਾਵਰਨਵਾਦੀ ਸੋਨਮ ਵਾਂਗਚੁਕ ਦੀ ਅਗਵਾਈ ਹੇਠ ਲੱਦਾਖ ਦੇ ਲੋਕਾਂ ਵੱਲੋਂ ਕੀਤੀ 21 ਰੋਜ਼ਾ ਭੁੱਖ ਹੜਤਾਲ ਨੂੰ ਕੌਣ ਭੁੱਲ ਸਕਦਾ ਹੈ। ਹਾਲਾਂਕਿ ਧਾਰਾ 35ਏ ਅਤੇ 370 ਦੀ ਮਨਸੂਖ਼ੀ ਬਾਰੇ ਕਈ ਮੱਤਭੇਦ ਹੋਣ ਦੇ ਬਾਵਜੂਦ ਇਹ ਸੰਘਰਸ਼ ਲੇਹ (ਜ਼ਿਆਦਾਤਰ ਬੋਧੀ) ਅਤੇ ਕਾਰਗਿਲ (ਜ਼ਿਆਦਾਤਰ ਸ਼ੀਆ ਮੁਸਲਮਾਨ) ਖੇਤਰਾਂ ਦੇ ਲੋਕਾਂ ਵਿਚਕਾਰ ਇਕਜੁੱਟਤਾ ਦੀ ਮਿਸਾਲ ਬਣ ਗਿਆ। ਜੰਮੂ ਕਸ਼ਮੀਰ ਦੀ ਤਰ੍ਹਾਂ ਹੀ ਲੱਦਾਖ ਦੇ ਲੋਕ ਵੀ ਆਪਣੀ ਜ਼ਮੀਨ, ਕੁਦਰਤੀ ਸਰੋਤਾਂ ਅਤੇ ਨੌਕਰੀਆਂ ਦੀ ਰਾਖੀ ਤੋਂ ਇਲਾਵਾ ਮੁਕਾਮੀ ਅਤੇ ਕੌਮੀ ਪੱਧਰ 'ਤੇ ਆਪਣੀ ਢੁੱਕਵੀਂ ਨੁਮਾਇੰਦਗੀ ਦੀ ਮੰਗ ਕਰ ਰਹੇ ਹਨ। ਲੱਦਾਖ ਨੂੰ ਰਾਜ ਦਾ ਦਰਜਾ ਦੇ ਕੇ ਤੇ ਇਸ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਿਲ ਕਰ ਕੇ ਅਤੇ ਨਵੀਂ ਹੱਦਬੰਦੀ ਤੋਂ ਬਾਅਦ ਦੋ ਪਾਰਲੀਮਾਨੀ ਸੀਟਾਂ ਦੇ ਕੇ ਲੱਦਾਖੀਆਂ ਦੀਆਂ ਮੰਗਾਂ ਨੂੰ ਸੁਲਝਾਇਆ ਜਾ ਸਕਦਾ ਸੀ। ਲੇਹ ਤੋਂ ਭਾਜਪਾ ਉਮੀਦਵਾਰ ਤੀਜੇ ਅਤੇ ਅੰਤਿਮ ਸਥਾਨ 'ਤੇ ਰਿਹਾ ਜਿਸ ਤੋਂ ਲੱਦਾਖ ਦੇ ਲੋਕਾਂ ਦੇ ਮਨਾਂ ਵਿੱਚ ਪਾਰਟੀ ਪ੍ਰਤੀ ਗੁੱਸੇ ਨੂੰ ਦੇਖਿਆ ਜਾ ਸਕਦਾ ਹੈ। ਜੰਮੂ ਖੇਤਰ ਵਿੱਚ ਵੀ ਭਾਜਪਾ ਨੇ ਜੋ ਦੋ ਸੀਟਾਂ ਜਿੱਤੀਆਂ ਹਨ ਉੱਥੇ ਵੀ ਇਸ ਦੀ ਕਾਰਕਰਦਗੀ ਬਹੁਤੀ ਚੰਗੀ ਨਹੀਂ ਰਹੀ। ਊਧਮਪੁਰ ਅਤੇ ਜੰਮੂ ਹਲਕਿਆਂ ਵਿੱਚ ਇਸ ਦੀ ਵੋਟ ਪ੍ਰਤੀਸ਼ਤਤਾ ਕ੍ਰਮਵਾਰ 10 ਫ਼ੀਸਦੀ ਅਤੇ 5 ਫ਼ੀਸਦੀ ਘਟ ਗਈ ਹੈ। 2019 ਵਿੱਚ ਸੰਵਿਧਾਨਕ ਸੋਧਾਂ 'ਤੇ ਖ਼ੁਸ਼ੀ ਮਨਾਉਣ ਵਾਲੇ ਕਸ਼ਮੀਰੀ ਸ਼ਰਨਾਰਥੀਆਂ ਨੇ ਚੋਣਾਂ ਪ੍ਰਤੀ ਕੋਈ ਉਤਸ਼ਾਹ ਨਹੀਂ ਦਿਖਾਇਆ। ਇਸ ਤੋਂ ਸ੍ਰੀਨਗਰ ਪਾਰਲੀਮਾਨੀ ਸੀਟ ਦੇ ਹੱਬਾਕਦਲ ਵਿਧਾਨ ਸਭਾ ਹਲਕੇ ਵਿੱਚ ਮਤਦਾਨ ਵਿੱਚ ਆਈ 14 ਫ਼ੀਸਦੀ ਦੀ ਕਮੀ ਨੂੰ ਸਮਝਿਆ ਜਾ ਸਕਦਾ ਹੈ। 12 ਮਈ 2022 ਨੂੰ ਦਹਿਸ਼ਤਗਰਦਾਂ ਵੱਲੋਂ ਇੱਕ ਕਸ਼ਮੀਰੀ ਪੰਡਤ ਰਾਹੁਲ ਭੱਟ ਦੀ ਹੱਤਿਆ ਕਰਨ ਤੋਂ ਬਾਅਦ ਇਹ ਭਾਈਚਾਰਾ ਅਸੁਰੱਖਿਤ ਮਹਿਸੂਸ ਕਰਦਾ ਹੋਣ ਕਰ ਕੇ ਜੰਮੂ ਤਬਦੀਲ ਕਰਨ ਦੀ ਮੰਗ ਲਈ ਪ੍ਰਦਰਸ਼ਨ ਕਰਦਾ ਰਿਹਾ ਸੀ। ਭਾਜਪਾ ਦੁਚਿੱਤੀ ਵਿੱਚ ਫਸ ਗਈ। ਇਸ ਨੇ ਜੰਮੂ ਕਸ਼ਮੀਰ ਰਾਜ ਨੂੰ ਤੋੜ ਕੇ ਦੋ ਕੇਂਦਰ ਸ਼ਾਸਿਤ ਇਕਾਈਆਂ ਬਣਾ ਦਿੱਤੀਆਂ ਅਤੇ ਜੰਮੂ ਕਸ਼ਮੀਰ ਵਿਚ ਡੋਮੀਸਾਈਲ ਕਾਨੂੰਨ ਤਬਦੀਲ ਕਰ ਦਿੱਤਾ ਤਾਂ ਕਿ ਮੁਕਾਮੀ ਲੋਕਾਂ ਦੇ ਵਿਰੋਧ ਦੇ ਬਾਵਜੂਦ ਬਾਹਰਲੇ ਲੋਕ ਆ ਕੇ ਇੱਥੇ ਜ਼ਮੀਨ ਖਰੀਦ ਸਕਣ, ਨੌਕਰੀਆਂ ਲੈ ਸਕਣ ਅਤੇ ਸਨਅਤ-ਕਾਰੋਬਾਰ ਸਥਾਪਤ ਕਰ ਸਕਣ। ਕਸ਼ਮੀਰੀ ਤਾਂ ਮੁੱਢ ਤੋਂ ਹੀ ਇਨ੍ਹਾਂ ਸੰਵਿਧਾਨਕ ਸੋਧਾਂ ਨੂੰ ਅਪਮਾਨਜਨਕ ਮੰਨ ਰਹੇ ਸਨ ਜਦੋਂਕਿ ਹੁਣ ਜੰਮੂ ਅਤੇ ਲੱਦਾਖ ਵਿੱਚ ਵੀ ਇਨ੍ਹਾਂ ਦੇ ਬਹੁਤੇ ਹਮਾਇਤੀ ਨਹੀਂ ਰਹਿ ਗਏ। ਜੇ ਕੇਂਦਰ ਹੁਣ ਇਨ੍ਹਾਂ ਸੋਧਾਂ ਤੋਂ ਪਿਛਾਂਹ ਹਟਦਾ ਹੈ ਤਾਂ ਇਸ ਮੁਤੱਲਕ ਹੁਣ ਤੱਕ ਬੁਣਿਆ ਗਿਆ ਬਿਰਤਾਂਤ ਚੌਫ਼ਾਲ ਡਿੱਗ ਪਵੇਗਾ। ਇਸ ਲਈ ਉਮਰ ਅਬਦੁੱਲਾ ਦੀ ਹਾਰ ਨੂੰ 5 ਅਗਸਤ 2019 ਅਤੇ ਉਸ ਤੋਂ ਬਾਅਦ ਵਾਪਰੇ ਘਟਨਾਕ੍ਰਮ ਦੇ ਪ੍ਰਸੰਗ ਵਿੱਚ ਵਾਚਿਆ ਜਾਣਾ ਚਾਹੀਦਾ ਹੈ। ਕੀ ਇਹ ਕਸ਼ਮੀਰ ਵਿੱਚ ਭਾਜਪਾ ਸਰਕਾਰ ਦੀਆਂ ਨੀਤੀਆਂ ਦੀ ਹਾਰ ਨਹੀਂ ਹੈ ਜਿੱਥੇ ਪਿਛਲੇ ਛੇ ਸਾਲਾਂ ਤੋਂ ਗਵਰਨਰੀ ਰਾਜ ਅਤੇ ਪਾਰਟੀ ਵੱਲੋਂ ਬੁਣਿਆ ਬਿਰਤਾਂਤ ਚੱਲ ਰਿਹਾ ਹੈ ? ਇਸੇ ਬਿਰਤਾਂਤ ਨੂੰ ਫਿਰ ਨੋਇਡਾ ਅਤੇ ਮੁੰਬਈ ਵਿਚਲੇ ਟੀਵੀ ਸਟੂਡੀਓਜ਼ ਵਿੱਚ ਬੈਠੇ ਨਫ਼ਰਤੀ ਐਂਕਰਾਂ ਵੱਲੋਂ ਹੋਰ ਹਵਾ ਦਿੱਤੀ ਜਾਂਦੀ ਹੈ ਤਾਂ ਕਿ ਇਸ ਅਰਸੇ ਦੌਰਾਨ ਦਹਿਸ਼ਤਗਰਦੀ ਦੇ ਔਖੇ ਹਾਲਾਤ ਵਿੱਚ ਵੀ ਸਾਡੇ ਕੌਮੀ ਝੰਡੇ ਨੂੰ ਬੁਲੰਦ ਕਰਨ ਵਾਲੇ ਆਗੂਆਂ ਨੂੰ ਬਦਨਾਮ ਕੀਤਾ ਜਾ ਸਕੇ। ਹੁਣ ਇਹ ਕੰਮ ਕੌਣ ਕਰੇਗਾ ? ਉਮਰ ਅਬਦੁੱਲ੍ਹਾ ਨੇ ਆਖ ਦਿੱਤਾ ਹੈ ਕਿ ਉਹ ਵਿਧਾਨ ਸਭਾ ਦੀ ਚੋਣ ਨਹੀਂ ਲੜੇਗਾ। ਭਾਜਪਾ ਦੇ 'ਪਿੱਠੂਆਂ' ਦੇ ਇੱਕ ਨਵੇਂ ਗਰੁੱਪ ਨਾਲ ਗੱਲ ਨਹੀਂ ਬਣੇਗੀ। ਜੰਮੂ ਕਸ਼ਮੀਰ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ। ਜਮਾਇਤ-ਏ-ਇਸਲਾਮੀ ਨੇ ਐਲਾਨ ਕੀਤਾ ਹੈ ਕਿ ਜੇ ਉਸ ਤੋਂ ਪਾਬੰਦੀ ਹਟਾ ਲਈ ਜਾਂਦੀ ਹੈ ਤਾਂ ਉਹ ਚੋਣਾਂ ਵਿੱਚ ਹਿੱਸਾ ਲਵੇਗੀ। ਜਮਾਤ ਲਈ ਚੋਣਾਂ ਲੜਨਾ ਕੋਈ ਨਵੀਂ ਗੱਲ ਨਹੀਂ ਹੋਵੇਗੀ ਪਰ ਇਸ ਦੀ ਸ਼ਮੂਲੀਅਤ ਨਾਲ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਲਈ ਪਹਿਲਾਂ ਨਾਲੋਂ ਕਿਤੇ ਵੱਡੀ ਚੁਣੌਤੀ ਖੜ੍ਹੀ ਹੋ ਜਾਵੇਗੀ। ਇਸ ਲਈ ਸਵਾਲ ਇਹ ਹੈ ਕਿ ਅਸੀਂ ਉਨ੍ਹਾਂ ਧਿਰਾਂ ਨਾਲ ਕਿਵੇਂ ਨਜਿੱਠ ਸਕਾਂਗੇ ਜੋ ਅਗਸਤ 2019 ਦੀਆਂ ਘਟਨਾਵਾਂ ਦਾ ਡਟ ਕੇ ਵਿਰੋਧ ਕਰਦੀਆਂ ਰਹੀਆਂ ਹਨ ਅਤੇ ਹੁਣ ਉਹ ਚੋਣਾਂ ਜ਼ਰੀਏ ਵਿਧਾਨ ਸਭਾ ਵਿੱਚ ਪਹੁੰਚਣ ਲਈ ਉਤਸੁਕ ਦਿਖਾਈ ਦੇ ਰਹੀਆਂ ਹਨ ? ਇਸ ਦਾ ਇੱਕ ਰਾਹ ਇਹ ਹੋ ਸਕਦਾ ਹੈ ਕਿ ਉਨ੍ਹਾਂ ਸਾਰੇ ਲੋਕਾਂ ਦੇ ਕੇਸਾਂ ਦਾ ਜਾਇਜ਼ਾ ਲੈ ਕੇ ਰਿਹਾਈ ਕੀਤੀ ਜਾਵੇ ਜਿਨ੍ਹਾਂ ਨੂੰ ਗ਼ੈਰ-ਵਾਜਿਬ ਤੌਰ 'ਤੇ ਹਿਰਾਸਤ ਵਿੱਚ ਲਿਆ ਗਿਆ ਸੀ। ਇਸ ਤੋਂ ਬਾਅਦ ਚੋਣਾਂ ਤੋਂ ਪਹਿਲਾਂ ਜੰਮੂ ਕਸ਼ਮੀਰ ਅਤੇ ਲੱਦਾਖ ਦੋਵਾਂ ਨੂੰ ਰਾਜ ਦਾ ਦਰਜਾ ਦਿੱਤਾ ਜਾ ਸਕਦਾ ਹੈ। ਤੀਜਾ, ਇਨ੍ਹਾਂ ਖੇਤਰਾਂ ਦੇ ਲੋਕਾਂ ਦੀ ਯਕੀਨਦਹਾਨੀ ਕਰਵਾਈ ਜਾਵੇ ਕਿ ਉਨ੍ਹਾਂ ਦੀਆਂ ਜ਼ਮੀਨਾਂ, ਕੁਦਰਤੀ ਸਰੋਤ ਅਤੇ ਨੌਕਰੀਆਂ ਮਹਿਫ਼ੂਜ਼ ਹਨ। ਇਸ ਨਾਲ ਵਾਦੀ 'ਚ ਵੱਖਵਾਦੀ ਭਾਵਨਾਵਾਂ ਦੇ ਗੁਬਾਰੇ ਦੀ ਹਵਾ ਨਿਕਲ ਜਾਵੇਗੀ ਅਤੇ ਜੰਮੂ ਖੇਤਰ ਅਤੇ ਲੱਦਾਖ ਦੇ ਲੋਕਾਂ ਦੀਆਂ ਭਾਵਨਾਵਾਂ ਵੀ ਸ਼ਾਂਤ ਹੋ ਜਾਣਗੀਆਂ। ਨਹੀਂ ਤਾਂ ਜਿਸ ਕਦਰ ਰਾਜਨੀਤੀ ਉੱਪਰ ਭਾਵਨਾਵਾਂ ਹਾਵੀ ਹੋ ਰਹੀਆਂ ਹਨ ਤਾਂ ਕੇਂਦਰ ਸਰਕਾਰ ਨੂੰ ਚੋਣਾਂ ਵਿੱਚ ਅਣਕਿਆਸੇ ਚੁਣਾਵੀ ਨਤੀਜਿਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

# ਉੱਚ ਸਿੱਖਿਆ ਕੋਰਸਾਂ 'ਚ ਦਾਖਲਾ ਪ੍ਰਕਿਰਿਆ ਦੀ ਸਮੀਖਿਆ ਕਰਨ ਦੀ ਲੋੜ

**ਡਾ. ਅਰੁਣ ਮਿੱਤਰਾ**



ਪ੍ਰਵੇਸ਼ ਪ੍ਰੀਖਿਆ ਦੀ ਸ਼ੁਰੂਆਤ ਰਾਸ਼ਟਰੀ ਪੱਧਰ 'ਤੇ ਕੀਤੀ ਗਈ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਾਈਵੇਟ ਮੈਡੀਕਲ ਕਾਲਜ ਜ਼ਿਆਦਾ ਫੀਸ ਨਾ ਲੈਣ ਅਤੇ ਆਪਣੀਆਂ ਪ੍ਰੀਖਿਆਵਾਂ ਨਾ ਲੈਣ ਪਰ ਉਨ੍ਹਾਂ ਨੇ ਹੋਰ ਸਾਧਨ ਲੱਭ ਲਏ ਹਨ। ਪ੍ਰਾਈਵੇਟ ਮੈਡੀਕਲ ਕਾਲਜ ਦਾਖ਼ਲਾ ਪ੍ਰਕਿਰਿਆ ਦੇ ਅੰਤਲੇ ਪੜਾਅ 'ਤੇ ਵਿਦਿਆਰਥੀਆਂ ਲਈ ਮੌਪ-ਅੱਪ ਕਾਊਂਸਲਿੰਗ ਕਰਦੇ ਹਨ। ਉਹ ਕਰੋੜਾਂ ਰੁਪਏ ਦੀ ਮੋਟੀ ਰਕਮ ਵਸੂਲਦੇ ਹਨ। ਇਸ ਨਾਲ ਘੱਟ ਆਮਦਨੀ ਅਤੇ ਮੱਧ ਆਮਦਨ ਵਰਗ ਦੇ ਵਿਦਿਆਰਥੀਆਂ ਇਸ ਤੋਂ ਵਾਂਝੇ ਹੋ ਜਾਂਦੇ ਹਨ।

ਮੈਡੀਕਲ ਕੋਰਸਾਂ ਵਿੱਚ ਦਾਖ਼ਲੇ ਲਈ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਦੁਆਰਾ ਕਰਵਾਈ ਗਈ ਪ੍ਰੀਖਿਆ ਵਿੱਚ ਬੇਨਿਯਮੀਆਂ ਤੋਂ ਬਾਅਦ ਪੈਦਾ ਹੋਏ ਮੁੱਦੇ ਨੇ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਸਭ ਤੋਂ ਪਹਿਲਾਂ ਵਿਵਾਦ ਦਾ ਮੁੱਦਾ ਇਹ ਹੈ ਕਿ ਰਿਕਾਰਡ 67 ਵਿਦਿਆਰਥੀਆਂ ਨੇ 720 ਦੇ ਸੰਪੂਰਨ ਸਕੋਰ ਪ੍ਰਾਪਤ ਕੀਤੇ। 2020 ਤੋਂ ਬਾਅਦ ਕਦੇ ਵੀ ਇਸ ਟੈਸਟ ਵਿੱਚ ਤਿੰਨ ਤੋਂ ਵੱਧ ਵਿਦਿਆਰਥੀਆਂ ਨੇ ਪੂਰੇ ਅੰਕ ਨਹੀਂ ਲਏ ਹਨ। ਬਾਅਦ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਸਮੇਂ ਸਿਰ ਪ੍ਰਸ਼ਨ ਪੱਤਰ ਨਹੀਂ ਦਿੱਤਾ ਗਿਆ ਜਾਂ ਉਨ੍ਹਾਂ ਨੂੰ ਗ਼ਲਤ ਪੇਪਰ ਦਿੱਤਾ ਗਿਆ। ਕੁਝ ਵਿਦਿਆਰਥੀਆਂ ਦੀ ਆਪਟੀਕਲ ਮਾਰਕਸ ਰਿਕੋਗਨੀਸ਼ਨ (ਓਐਮਆਰ) ਸ਼ੀਟ ਫਟ ਗਈ ਸੀ ਅਤੇ ਉਨ੍ਹਾਂ ਦੇ ਨਤੀਜੇ ਦੇਰੀ ਨਾਲ ਆਏ ਸਨ। ਉਮੀਦਵਾਰਾਂ ਦੀ ਕੋਈ ਗ਼ਲਤੀ ਨਾ ਹੋਣ ਦੇ ਬਾਵਜੂਦ ਨਤੀਜਾ ਰੋਕ ਦਿੱਤਾ ਗਿਆ।

ਇਸਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਕਿਉਂਕਿ ਅਜਿਹੀਆਂ ਸਥਿਤੀਆਂ ਵਿਦਿਆਰਥੀਆਂ ਨੂੰ ਬਹੁਤ ਜ਼ਿਆਦਾ ਮਾਨਸਿਕ ਤਣਾਅ ਵਿੱਚ ਪਾ ਦਿੰਦੀਆਂ ਹਨ। ਬਹੁਤ ਸਾਰੇ ਵਿਦਿਆਰਥੀ ਇੱਕ ਤੋਂ ਵੱਧ ਵਾਰ ਦਾਖ਼ਲੇ ਦੀਆਂ ਕੋਸ਼ਿਸ਼ਾਂ ਕਰਦੇ ਹਨ। ਉਹ ਹੋਰ ਵੀ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਇਸ ਕੋਮਲ ਉਮਰ ਵਿੱਚ ਵਿਦਿਆਰਥੀ ਤਣਾਅ ਨੂੰ ਸਹਿਣ ਵਿੱਚ ਅਸਮਰੱਥ ਹੁੰਦੇ ਹਨ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਸੁਫ਼ਨੇ ਗੁਆਚ ਰਹੇ ਹਨ। ਉਹ ਤਣਾਅਪੂਰਨ ਹਾਲਾਤ ਵਿੱਚ ਕੋਈ ਵੀ ਮਾੜੇ ਤੋਂ ਮਾੜਾ ਕਦਮ ਚੁੱਕ ਸਕਦੇ ਹਨ ਤੇ ਆਪਣੇ ਆਪ ਨੂੰ ਨੁਕਸਾਨ ਵੀ ਪਹੁੰਚਾ ਸਕਦੇ ਹਨ।

ਇਹ ਪਤਾ ਲਗਾਇਆ ਜਾਣਾ ਚਾਹੀਦਾ ਹੈ ਕਿ ਕੀ ਪੇਪਰ ਲੀਕ ਹੋਏ ਅਤੇ ਕਿਸ ਦੇ ਇਸ਼ਾਰੇ 'ਤੇ ਹੋਏ ? ਬਹੁਤ ਸਾਰੀਆਂ OMR ਸ਼ੀਟਾਂ ਫਟੀਆਂ ਹੋਈਆਂ ਹਨ, ਜੋ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਦੀ ਪੂਰੀ ਅਸਫ਼ਲਤਾ ਨੂੰ ਦਰਸਾਉਂਦੀਆਂ ਹਨ ਇਸ ਲਈ ਐਨਟੀਏ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਸਬੰਧਤ ਵਿਅਕਤੀਆਂ 'ਤੇ ਕਾਰਵਾਈ ਕਰਨੀ ਚਾਹੀਦੀ ਹੈ। ਪ੍ਰਭਾਵਿਤ ਵਿਦਿਆਰਥੀਆਂ ਨੂੰ ਗਰੇਸ ਅੰਕ ਦੇਣ ਵਾਂਗ ਰਾਹਤ ਦਿੱਤੀ ਜਾਵੇ। ਐਨਟੀਏ ਨੇ ਹੁਣ ਗ੍ਰੇਸ ਅੰਕਾਂ ਨੂੰ ਰੱਦ ਕਰਨ ਅਤੇ 1563 ਵਿਦਿਆਰਥੀਆਂ ਦੀ ਦੁਬਾਰਾ ਪ੍ਰੀਖਿਆ ਲੈਣ ਦਾ ਫ਼ੈਸਲਾ ਕੀਤਾ ਹੈ। ਕੁਝ ਵਿਦਿਆਰਥੀਆਂ ਨੇ ਸਵਾਲ ਉਠਾਇਆ ਹੈ ਕਿ ਸਾਰਾ ਟੈਸਟ ਦੁਬਾਰਾ ਕਿਉਂ ਨਾ ਲਿਆ ਜਾਵੇ ਕਿਉਂਕਿ ਇਸ ਤਣਾਅ ਵਾਲੀ ਸਥਿਤੀ ਵਿਚ ਕੁਝ ਲਈ ਦੁਬਾਰਾ ਟੈਸਟ ਕਦੇ ਵੀ ਬਰਾਬਰੀ ਦਾ ਮੈਦਾਨ ਨਹੀਂ ਬਣ ਸਕਦਾ ਅਤੇ ਹੋ ਸਕਦਾ ਹੈ ਕਿ ਉਹ ਇਸ ਵਾਰ ਦੀ ਤਰ੍ਹਾਂ ਪ੍ਰਦਰਸ਼ਨ ਨਾ ਕਰ ਸਕਣ। ਮੁੜ ਪ੍ਰੀਖਿਆ ਦੇ ਮਾਮਲੇ ਵਿੱਚ ਖਰਚਾ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਦੁਆਰਾ ਸਹਿਣ ਕੀਤਾ ਜਾਣਾ ਚਾਹੀਦਾ ਹੈ।

ਇਹ ਵਿਡੰਬਨਾ ਹੈ ਕਿ ਇੰਨੇ ਸਾਲ ਬੀਤ ਜਾਣ ਦੇ ਬਾਅਦ ਵੀ ਉਚੇਰੀ ਸਿੱਖਿਆ ਦੇ ਕੋਰਸਾਂ ਦੇ ਦਾਖਲੇ ਸੁਚਾਰੂ ਨਹੀਂ ਹੋ ਸਕੇ ਹਨ। ਸਾਰਿਆਂ ਲਈ ਸਿੱਖਿਆ ਦੇ ਬੁਨਿਆਦੀ ਸਿਧਾਂਤ ਅਤੇ ਚੰਗੇ ਨਾਗਰਿਕ ਅਤੇ ਹਮਦਰਦ ਡਾਕਟਰ ਤਿਆਰ ਕਰਨ ਦੇ ਇਸਦੇ ਉਦੇਸ਼ ਦੀ ਉਲੰਘਣਾ ਕੀਤੀ ਜਾ ਰਹੀ ਹੈ। ਸਿੱਖਿਆ ਉਪਰੋਕਤ ਉਦੇਸ਼ਾਂ ਦੀ ਪੂਰਤੀ ਦਾ ਸਾਧਨ ਬਣਨ ਦੀ ਬਜਾਏ ਮੁਨਾਫ਼ਾ ਕਮਾਉਣ ਦਾ ਸਾਧਨ ਬਣ ਰਹੀ ਹੈ। ਕਿਸੇ ਸਮੇਂ 12ਵੀਂ ਜਮਾਤ ਵਿੱਚ ਪ੍ਰਾਪਤ ਅੰਕ ਉੱਚ ਕੋਰਸਾਂ ਵਿੱਚ ਦਾਖ਼ਲੇ ਲਈ ਮਾਪਦੰਡ ਸਨ। ਕਿਸੇ ਦੇ ਗਿਆਨ ਦੇ ਨਿਰਣੇ ਦੇ ਸਾਧਨ ਵਜੋਂ ਐਮਸੀਕਿਊ ਨੇ ਵਿਆਪਕ ਪੱਧਰ 'ਤੇ ਮੁਲਾਂਕਣ ਦੇ ਦਾਇਰੇ ਨੂੰ ਸੀਮਤ ਕਰ ਦਿੱਤਾ ਹੈ। 'ਨੀਟ' ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਅਤੇ ਹੋਰ ਵੱਖ-ਵੱਖ ਵਿਸ਼ਿਆਂ ਲਈ ਵੀ ਅਨੇਕਾਂ ਕੋਚਿੰਗ ਸੈਂਟਰ ਖੁੱਲ੍ਹ ਗਏ ਹਨ। ਸਕੂਲ ਵਿਦਿਆਰਥੀਆਂ ਨੂੰ ਕੋਚਿੰਗ ਸੈਂਟਰਾਂ ਵਿੱਚ ਸ਼ਾਮਲ ਹੋਣ ਅਤੇ ਆਪਣੇ ਸਕੂਲਾਂ ਵਿੱਚ ਨਕਲੀ ਹਾਜ਼ਰੀ ਦਿਖਾਉਣ ਲਈ ਉਤਸ਼ਾਹਿਤ ਕਰਦੇ ਹਨ। ਇਹ ਕੋਚਿੰਗ ਸੈਂਟਰ ਵਿਦਿਆਰਥੀਆਂ ਤੋਂ ਮੋਟੀਆਂ ਰਕਮਾਂ ਵਸੂਲ ਰਹੇ ਹਨ ਜਿਸ ਨੂੰ ਘੱਟ ਸਮਾਜਿਕ-ਆਰਥਿਕ ਹਾਲਤ ਵਾਲੇ ਵਿਦਿਆਰਥੀ ਬਰਦਾਸ਼ਤ ਕਰਨ ਤੋਂ ਅਸਮਰੱਥ ਹਨ। ਇਹ ਵੀ ਪਤਾ ਲੱਗਾ ਹੈ ਕਿ ਮੈਡੀਕਲ ਪੇਸ਼ੇ ਵਿੱਚ ਪੇਂਡੂ ਪਿਛੋਕੜ ਵਾਲੇ ਵਿਦਿਆਰਥੀਆਂ ਦਾ ਅਨੁਪਾਤ ਘਟਿਆ ਹੈ।

ਪ੍ਰਵੇਸ਼ ਪ੍ਰੀਖਿਆ ਦੀ ਸ਼ੁਰੂਆਤ ਰਾਸ਼ਟਰੀ ਪੱਧਰ 'ਤੇ ਕੀਤੀ ਗਈ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਾਈਵੇਟ ਮੈਡੀਕਲ ਕਾਲਜ ਜ਼ਿਆਦਾ ਫੀਸ ਨਾ ਲੈਣ ਅਤੇ ਆਪਣੀਆਂ ਪ੍ਰੀਖਿਆਵਾਂ ਨਾ ਲੈਣ ਪਰ ਉਨ੍ਹਾਂ ਨੇ ਹੋਰ ਸਾਧਨ ਲੱਭ ਲਏ ਹਨ। ਪ੍ਰਾਈਵੇਟ ਮੈਡੀਕਲ ਕਾਲਜ ਦਾਖ਼ਲਾ ਪ੍ਰਕਿਰਿਆ ਦੇ ਅੰਤਲੇ ਪੜਾਅ 'ਤੇ ਵਿਦਿਆਰਥੀਆਂ ਲਈ ਮੌਪ-ਅੱਪ ਕਾਊਂਸਲਿੰਗ ਕਰਦੇ ਹਨ। ਉਹ ਕਰੋੜਾਂ ਰੁਪਏ ਦੀ ਮੋਟੀ ਰਕਮ ਵਸੂਲਦੇ ਹਨ। ਇਸ ਨਾਲ ਘੱਟ ਆਮਦਨੀ ਅਤੇ ਮੱਧ ਆਮਦਨ ਵਰਗ ਦੇ ਵਿਦਿਆਰਥੀਆਂ ਇਸ ਤੋਂ ਵਾਂਝੇ ਹੋ ਜਾਂਦੇ ਹਨ।

ਕਈ ਰਾਜ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਰਾਜਾਂ ਵਿੱਚ ਦਾਖ਼ਲਾ ਪ੍ਰਕਿਰਿਆ ਬਾਰੇ ਫੈਸਲਾ ਲੈਣ ਦਾ ਅਧਿਕਾਰ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਰਾਜ ਕੋਟੇ ਦੀਆਂ ਸੀਟਾਂ ਲਈ ਨੀਟ' ਤੋਂ ਛੋਟ ਦਿੱਤੀ ਜਾਵੇ। ਨੀਟ' ਸਿਰਫ਼ ਕੇਂਦਰੀ ਕੋਟੇ ਅਤੇ ਕੇਂਦਰ ਸਰਕਾਰ ਦੁਆਰਾ ਨਿਯੰਤਰਿਤ ਕਾਲਜਾਂ ਲਈ ਕੀਤੀ ਜਾਣੀ ਚਾਹੀਦੀ ਹੈ। ਇਹ ਸਿੱਖਿਆ ਪ੍ਰਦਾਨ ਕਰਨ ਦੇ ਰਾਜਾਂ ਦੇ ਅਧਿਕਾਰਾਂ ਦੀ ਰੱਖਿਆ ਕਰੇਗਾ। ਇਹ ਮੰਨਣਾ ਚਾਹੀਦਾ ਹੈ ਕਿ ਸਾਡੇ ਦੇਸ਼ ਵਿੱਚ ਸਭਿਆਚਾਰਾਂ ਅਤੇ ਵਿਕਾਸ ਦੇ ਪੱਧਰ ਵਿੱਚ ਵਿਭਿੰਨਤਾ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਘੱਟ ਆਰਥਿਕ ਸਥਿਤੀ ਵਾਲੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਸਹਿਯੋਗ ਦਿੱਤਾ ਜਾਵੇ। ਮੈਨੇਜਮੈਂਟ ਕੋਟੇ ਦੀਆਂ ਸੀਟਾਂ ਸਮੇਤ ਪ੍ਰਾਈਵੇਟ ਕਾਲਜਾਂ ਵਿੱਚ ਫੀਸਾਂ ਨੂੰ ਸੀਮਤ ਕੀਤਾ ਜਾਵੇ ਅਤੇ ਪਾਰਦਰਸ਼ੀ ਬਣਾਇਆ ਜਾਵੇ। ਪ੍ਰਾਈਵੇਟ ਕਾਲਜਾਂ ਵਿੱਚ 50 ਫ਼ੀਸਦੀ ਸੀਟਾਂ ਲਈ ਸਰਕਾਰੀ ਪੱਧਰ ਦੀ ਫੀਸ ਵਸੂਲਣ ਦੀ ਧਾਰਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ। ਸਰਕਾਰ ਨੂੰ ਹੋਰ ਸੀਟਾਂ ਦੀ ਫੀਸ ਤੈਅ ਕਰਨੀ ਚਾਹੀਦੀ ਹੈ। ਪੇਂਡੂ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਦਾਖਲਿਆਂ ਵਿੱਚ ਵਾਧੂ ਅੰਕ ਦਿੱਤੇ ਜਾਣੇ ਚਾਹੀਦੇ ਹਨ।

ਇਸ ਲਈ ਸਹਿਮਤੀ ਬਣਾਉਣ ਲਈ ਵਿਦਿਆਰਥੀ ਸੰਗਠਨਾਂ, ਅਧਿਆਪਕਾਂ ਦੀਆਂ ਸੰਸਥਾਵਾਂ ਅਤੇ ਸਿੱਖਿਆ ਸ਼ਾਸਤਰੀਆਂ ਸਮੇਤ ਵੱਖ-ਵੱਖ ਹਿੱਸੇਦਾਰਾਂ ਵਿਚਕਾਰ ਵਿਸਤ੍ਰਿਤ ਵਾਰਤਾਲਾਪ ਕਰਨਾ ਮਹੱਤਵਪੂਰਨ ਹੈ। ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਸਿੱਖਿਆ 'ਸਿਰਫ਼ ਲਾਭ ਲਈ' ਨਾ ਬਣ ਜਾਵੇ। ਕੋਠਾਰੀ ਕਮਿਸ਼ਨ ਦੁਆਰਾ ਨਿਰਧਾਰਿਤ ਸਿਧਾਤਾਂ 'ਤੇ ਸਿੱਖਿਆ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਰਾਜ ਦੀ ਹੋਣੀ ਚਾਹੀਦੀ ਹੈ।

# ਐਮਐਸਪੀ 'ਤੇ ਆਮ ਆਦਮੀ ਪਾਰਟੀ ਨੇ ਕਿਹਾ - ਬੀਜੇਪੀ ਕਿਸਾਨ ਹਿਤੈਸ਼ੀ ਹੋਣ ਦਾ ਡਰਾਮਾ ਕਰ ਰਹੀ ਹੈ, ਜੇਕਰ ਕਿਸਾਨਾਂ ਦੀ ਸੱਚਮੁੱਚ ਚਿੰਤਾ ਹੈ ਤਾਂ ਐਮਐਸਪੀ ਗਾਰੰਟੀ ਕਾਨੂੰਨ ਬਣਾਏ

## ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ 32+50% ਅਨੁਸਾਰ ਫ਼ਸਲਾਂ ਦੀ ਕੀਮਤ ਅਦਾ ਕੀਤੀ ਜਾਵੇ : ਬੱਬੀ ਬਾਦਲ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਨੇ ਕੇਂਦਰ ਸਰਕਾਰ ਵੱਲੋਂ ਇਸ ਸਾਲ ਸਾਉਣੀ ਦੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਮਾਮੂਲੀ ਵਾਧੇ 'ਤੇ ਕਿਹਾ ਕਿ ਭਾਜਪਾ ਕਿਸਾਨ ਹਿਤੈਸ਼ੀ ਹੋਣ ਦਾ ਡਰਾਮਾ ਕਰ ਰਹੀ ਹੈ। ਪਾਰਟੀ ਨੇ ਕਿਹਾ ਕਿ ਜੇਕਰ ਭਾਜਪਾ ਨੂੰ ਸੱਚਮੁੱਚ ਦੇਸ਼ ਦੇ ਕਿਸਾਨਾਂ ਦੀ ਚਿੰਤਾ ਹੈ ਤਾਂ ਉਸ ਨੂੰ ਕਿਸਾਨਾਂ ਦੀ ਮੰਗ ਅਨੁਸਾਰ ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਬਣਾਉਣਾ ਚਾਹੀਦਾ ਹੈ।




ਚੰਡੀਗੜ੍ਹ ਸਥਿਤ ਪਾਰਟੀ ਹੈੱਡਕੁਆਟਰ ਵਿਖੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ 'ਆਪ' ਦੇ ਬੁਲਾਰੇ ਹਰਸੁਖਇੰਦਰ ਸਿੰਘ ਬੱਬੀ ਬਾਦਲ ਨੇ ਕਿਹਾ ਕਿ ਪਿਛਲੇ ਕਈ ਸਾਲਾਂ 'ਚ ਖੇਤੀ ਲਾਗਤਾਂ 'ਚ ਕਰੀਬ 70 ਫ਼ੀਸਦੀ ਦਾ ਵਾਧਾ ਹੋਇਆ ਹੈ ਅਤੇ ਮੋਦੀ ਸਰਕਾਰ ਘੱਟੋ-ਘੱਟ ਸਮਰਥਨ ਮੁੱਲ 'ਚ ਸਿਰਫ 7 ਫ਼ੀਸਦੀ ਵਾਧਾ ਕਰਕੇ ਖ਼ੁਦ ਆਪਣੀ ਪਿੱਠ ਥਪਥਪਾ ਰਹੀ ਹੈ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਕੈਬਨਿਟ ਮੰਤਰੀ ਪਿਊਸ਼ ਗੋਇਲ ਨੇ ਖ਼ੁਦ ਕਿਹਾ ਹੈ ਕਿ 83 ਫ਼ੀਸਦੀ ਫ਼ਸਲਾਂ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਕੀਮਤ 'ਤੇ ਵਿਕਦੀਆਂ ਹਨ। ਘੱਟੋ-ਘੱਟ ਸਮਰਥਨ ਮੁੱਲ 'ਤੇ ਸਿਰਫ 13 ਫ਼ੀਸਦੀ ਫ਼ਸਲ ਹੀ ਖ਼ਰੀਦੀ ਜਾਂਦੀ ਹੈ। ਕਈ ਰਾਜਾਂ ਵਿੱਚ ਤਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਵੀ ਫ਼ਸਲਾਂ ਨਹੀਂ ਖ਼ਰੀਦੀਆਂ ਜਾਂਦੀਆਂ। ਇਸ ਲਈ ਐਮਐਸਪੀ 'ਤੇ ਇਹ ਵਾਧਾ ਨਾ ਦੇ ਬਰਾਬਰ ਹੈ।

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਰਥਿਕ ਸੰਕਟ ਵਿੱਚੋਂ ਕੱਢਣ ਲਈ ਘੱਟੋ-ਘੱਟ ਸਮਰਥਨ ਮੁੱਲ ਵਿੱਚ ਮਾਮੂਲੀ ਵਾਧੇ ਦੀ ਲੋੜ ਨਹੀਂ ਹੈ। ਦੇਸ਼ ਦਾ ਕਿਸਾਨ ਤਾਂ ਹੀ ਖ਼ੁਸ਼ ਹੋ ਸਕਦਾ ਹੈ, ਜਦੋਂ ਉਸ ਨੂੰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ 32+50% ਅਨੁਸਾਰ ਫ਼ਸਲਾਂ ਦਾ ਭਾਅ ਦਿੱਤਾ ਜਾਵੇ। ਇਸ ਤੋਂ ਇਲਾਵਾ ਫ਼ਸਲੀ ਵਿਭਿੰਨਤਾ ਲਈ ਕਿਸਾਨਾਂ ਨੂੰ ਵੱਖਰਾ ਵਿੱਤੀ ਪ੍ਰੋਤਸਾਹਨ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਫ਼ਸਲਾਂ ਦੇ ਭਾਅ ਅਤੇ ਖੇਤੀ ਸੰਬੰਧੀ ਨੀਤੀਆਂ ਕਿਸਾਨ ਜਥੇਬੰਦੀਆਂ ਦੇ ਸੁਝਾਵਾਂ ਨਾਲ ਤਿਆਰ ਕੀਤੀਆਂ ਜਾਣ। ਜਦੋਂ ਸਰਕਾਰ ਉਦਯੋਗਾਂ ਲਈ ਕੋਈ ਨੀਤੀ ਲੈ ਕੇ ਆਉਂਦੀ ਹੈ ਤਾਂ ਅੰਬਾਨੀ-ਅਡਾਨੀ ਅਤੇ ਹੋਰ ਉਦਯੋਗਪਤੀਆਂ ਨਾਲ ਸਲਾਹ ਮਸ਼ਵਰਾ ਕਰਦੀ ਹੈ, ਫਿਰ ਖੇਤੀ ਬਾਰੇ ਕੋਈ ਨੀਤੀ ਬਣਾਉਣ ਤੋਂ ਪਹਿਲਾਂ ਕਿਸਾਨਾਂ ਨਾਲ ਵਿਚਾਰ-ਵਟਾਂਦਰਾ ਕਿਉਂ ਨਹੀਂ ਕੀਤਾ ਜਾਂਦਾ ?

ਅਸਲ ਵਿੱਚ ਭਾਜਪਾ ਸਰਕਾਰ ਕਿਸਾਨਾਂ ਦਾ ਵਿਕਾਸ ਨਹੀਂ ਚਾਹੁੰਦੀ। ਉਹ ਸਿਰਫ਼ ਆਪਣੇ ਨੇੜੇ ਦੇ ਕੁਝ ਪੂੰਜੀਪਤੀਆਂ ਦਾ ਵਿਕਾਸ ਚਾਹੁੰਦੀ ਹੈ। ਉਹ ਕਿਸਾਨਾਂ ਦੀ ਮਿਹਨਤ ਦਾ ਫਲ ਆਪਣੇ ਸਰਮਾਏਦਾਰ ਦੋਸਤਾਂ ਨੂੰ ਦੇਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸ਼ੁਰੂ ਤੋਂ ਹੀ ਕਿਸਾਨ ਵਿਰੋਧੀ ਅਤੇ ਸਰਮਾਏਦਾਰੀ ਪੱਖੀ ਰਹੀ ਹੈ। ਇਹ ਉਸਦੀਆਂ ਸਾਰੀਆਂ ਨੀਤੀਆਂ ਵਿੱਚ ਸਾਫ਼ ਝਲਕਦਾ ਹੈ।

ਉਨ੍ਹਾਂ ਕਿਹਾ ਕਿ 2014 ਦੀਆਂ ਲੋਕ ਸਭਾ ਚੋਣਾਂ ਸਮੇਂ ਭਾਜਪਾ ਅਤੇ ਪ੍ਰਧਾਨ ਮੰਤਰੀ ਮੋਦੀ ਨੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਪਰ ਅੱਜ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਬਜਾਏ ਉਨ੍ਹਾਂ ਦੀਆਂ ਖੁਦਕੁਸ਼ੀਆਂ ਦੁੱਗਣੀਆਂ ਹੋ ਗਈਆਂ ਹਨ ਅਤੇ ਖੇਤੀ ਲਾਗਤਾਂ ਦੁੱਗਣੀਆਂ ਹੋ ਗਈਆਂ ਹਨ। ਪੈਟਰੋਲ, ਡੀਜ਼ਲ ਅਤੇ ਹੋਰ ਖੇਤੀ ਵਸਤਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ। ਭਾਜਪਾ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ।

ਬੱਬੀ ਬਾਦਲ ਨੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ 'ਤੇ ਹਮਲਾ ਬੋਲਦਿਆਂ ਕਿਹਾ ਕਿ ਪੀਐਮ ਮੋਦੀ ਅਤੇ ਸੁਨੀਲ ਜਾਖੜ ਦੀ ਜੋੜੀ ਗੱਪੀ ਅਤੇ ਖੱਪੀ ਦੀ ਜੋੜੀ ਹੈ। ਮੋਦੀ ਸਰਕਾਰ ਤਾਨਾਸ਼ਾਹੀ ਕਾਨੂੰਨ ਬਣਾਉਂਦੀ ਹੈ ਅਤੇ ਸੁਨੀਲ ਜਾਖੜ ਇਸ 'ਤੇ ਮੋਹਰ ਲਗਾਉਂਦੇ ਹਨ। ਜਾਖੜ ਦਾ ਕੰਮ ਸਿਰਫ ਕੇਂਦਰ ਸਰਕਾਰ ਦੇ ਹਰ ਫ਼ੈਸਲੇ 'ਤੇ ਤਾੜੀਆਂ ਮਾਰਨਾ ਹੈ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਕਦੇ ਵੀ ਪੰਜਾਬ ਦੇ ਕਿਸਾਨਾਂ ਲਈ ਕਦੇ ਆਵਾਜ਼ ਨਹੀਂ ਉਠਾਈ।

# ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਤੋਂ ਜ਼ੀਰੋ ਕਿਲੋਮੀਟਰ ਦੀ ਦੂਰੀ ਤੇ ਸਥਿਤ ਇਹ ਨਆਗਾਓਂ ਇਲਾਕਾ ਆਜ਼ਾਦੀ ਦੇ 77 ਸਾਲਾਂ ਬਾਅਦ ਵੀ ਬੁਨਿਆਦੀ ਸਹੂਲਤਾਂ ਤੋਂ ਸੱਖਣਾ

**ਨਿਊ ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਟੀ ਬਿਊਟੀਫੁੱਲ ਚੰਡੀਗੜ੍ਹ ਦੇ ਨਾਲ ਲੱਗਦੇ ਪਿੰਡ ਨਆਗਾਉਂ ,ਕਰੌਰਾਂ, ਨਾਡਾ ਅਤੇ ਕਾਂਸਲ ਦੇ ਵਸਨੀਕ ਬੁਨਿਆਦੀ ਸਹੂਲਤਾਂ ਦੀ ਭਾਰੀ ਘਾਟ ਦਾ ਸਾਹਮਣਾ ਕਰ ਰਹੇ ਹਨ। ਦੋ ਲੱਖ ਤੋਂ ਵੱਧ ਵਸਨੀਕਾਂ ਦਾ ਘਰ ਹੋਣ ਦੇ ਬਾਵਜੂਦ, ਇਹ ਇਲਾਕਾ ਸਹੀ ਸੜਕਾਂ, ਸਫਾਈ,ਸਟਰੀਟ ਲਾਈਟਾਂ ਅਤੇ ਹੋਰ ਜ਼ਰੂਰੀ ਸਹੂਲਤਾਂ ਤੋਂ ਸੱਖਣਾ ਹੈ। ਪਿਛਲੇ ਕਾਫੀ ਸਮੇਂ ਤੋਂ ਕਰੌਰਾਂ, ਨਾਡਾ ਅਤੇ ਕਾਂਸਲ ਦੇ ਵਾਸੀ ਆਗੂਆਂ ਵੱਲੋਂ ਕੀਤੇ ਝੂਠੇ ਵਾਅਦੇ ਸੁਣਦੇ ਆ ਰਹੇ ਹਨ ਪਰ ਹੁਣ ਉਨ੍ਹਾਂ ਨੇ ਸਟੈਂਡ ਲੈਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਹੁੰਦੀਆਂ ਹਨ ਤਾਂ ਹੀ ਉਹ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਪਾਉਣਗੇ। ਵਸਨੀਕ ਮੁੱਢਲੀਆਂ ਸਹੂਲਤਾਂ ਦੀ ਭਾਲ ਵਿੱਚ ਇੱਕਜੁੱਟ ਹਨ ਅਤੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਤਾਂ ਹੀ ਕਰਨ ਲਈ ਦ੍ਰਿੜ ਹਨ ਜੇਕਰ ਉਹ ਆਪਣੇ ਖੇਤਰ ਵਿੱਚ ਠੋਸ ਵਿਕਾਸ ਦੇਖਦੇ ਹਨ। ਇਹ ਅਧਿਕਾਰੀਆਂ ਨੂੰ ਸਪੱਸ਼ਟ ਸੰਦੇਸ਼ ਹੈ ਕਿ ਵਸਨੀਕਾਂ ਨੂੰ ਹੁਣ ਘੱਟ ਨਹੀਂ ਸਮਝਿਆ ਜਾਵੇਗਾ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਤੁਰੰਤ ਹੱਲ ਕੀਤਾ ਜਾਣਾ ਚਾਹੀਦਾ ਹੈ।

2017 ਵਿੱਚ, ਕੁਝ ਵਸਨੀਕਾਂ ਨੇ ਇੱਕ ਪਟੀਸ਼ਨ (ਸੀਡਬਲਯੂਪੀ ਨੰ. 5901) ਦਾਇਰ ਕਰਕੇ ਖੇਤਰ ਵਿੱਚ ਉਚਿਤ ਸਹੂਲਤਾਂ ਅਤੇ ਵਿਕਾਸ ਗਤੀਵਿਧੀਆਂ ਦੇ ਪ੍ਰਬੰਧ ਲਈ ਨਿਰਦੇਸ਼ਾਂ ਦੀ ਮੰਗ ਕੀਤੀ। ਮਾਨਯੋਗ ਹਾਈਕੋਰਟ ਨੇ 2 ਜੂਨ, 2017 ਅਤੇ 31 ਜਨਵਰੀ, 2019 ਨੂੰ ਹੁਕਮ ਜਾਰੀ ਕਰਦਿਆਂ ਅਧਿਕਾਰੀਆਂ ਨੂੰ ਮੰਗਾਂ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਸਨ। ਹਾਲਾਂਕਿ, ਆਦੇਸ਼ ਲਾਗੂ ਨਹੀਂ ਕੀਤੇ ਗਏ ਹਨ, ਜਿਸ ਨਾਲ ਪਾਲਣਾ ਨਾ ਕਰਨ ਲਈ ਇੱਕ ਕੰਟੈਂਪਟ ਪਟੀਸ਼ਨ (2023 ਦਾ ਸੀਓਸੀਪੀ ਨੰਬਰ 1105) ਦਾਇਰ ਕੀਤੀ ਗਈ ਹੈ। ਇਸ ਤੋਂ ਇਲਾਵਾ, ਗ੍ਰਾਮ ਪੰਚਾਇਤ ਬੜੀ ਕਰੋਰਾਂ ਨੇ ਮਾਨਯੋਗ ਹਾਈਕੋਰਟ ਦੁਆਰਾ ਪਾਸ ਕੀਤੇ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਖਿਲਾਫ ਇੱਕ ਪਟੀਸ਼ਨ (COCP ਨੰਬਰ 1502 ਆਫ 2023) ਦਾਇਰ ਕੀਤੀ। ਅਦਾਲਤ ਨੇ ਅਧਿਕਾਰੀਆਂ ਨੂੰ ਹੁਕਮਾਂ ਦੀ ਪਾਲਣਾ ਕਰਨ ਅਤੇ 19 ਮਾਰਚ, 2024 ਤੱਕ ਤਾਜ਼ਾ ਪਾਲਣਾ ਦਾ ਹਲਫ਼ਨਾਮਾ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਹਨ।

ਇੱਕ ਹੋਰ ਮਹੱਤਵਪੂਰਨ ਘਟਨਾਕ੍ਰਮ ਵਿੱਚ, ਮਾਨਯੋਗ ਹਾਈ ਕੋਰਟ ਨੇ 2 ਮਈ, 2017 ਦੇ ਆਪਣੇ ਆਦੇਸ਼ ਵਿੱਚ, 2017 ਦੇ ਸੀਡਬਲਯੂਪੀ ਨੰਬਰ 3741 ਵਿੱਚ, ਨਿਰਦੇਸ਼ ਦਿੱਤਾ ਕਿ ਪਿੰਡ ਨਾਡਾ ਅਤੇ ਕਰੌਰਾਂ ਦੇ ਬਾਕੀ ਰਹਿੰਦੇ ਖੇਤਰ ਨੂੰ ਮਾਸਟਰ ਪਲਾਨ ਵਿੱਚ ਸ਼ਾਮਲ ਕੀਤਾ ਜਾਵੇ। ਅਦਾਲਤ ਨੇ ਨਵਾਂ ਗਾਓਂ ਅਤੇ ਇਸ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਦਾ ਵੀ ਹੁਕਮ ਦਿੱਤਾ ਹੈ। ਕਰੌਰਾਂ, ਨਾਡਾ ਅਤੇ ਕਾਂਸਲ ਦੇ ਵਾਸੀ ਮਾਸਟਰ ਪਲਾਨ ਅਨੁਸਾਰ ਸੜਕਾਂ, ਸੀਵਰੇਜ, ਸਟਰੀਟ ਲਾਈਟਾਂ ਅਤੇ 30 ਮੀਟਰ ਸੜਕਾਂ ਵਰਗੀਆਂ ਬੁਨਿਆਦੀ ਸਹੂਲਤਾਂ ਦੇ ਵਿਕਾਸ ਦੀ ਮੰਗ ਕਰ ਰਹੇ ਹਨ। ਉਹ ਬੱਸ ਸੇਵਾ ਅਤੇ ਮਕਾਨਾਂ ਅਤੇ ਵਪਾਰਕ ਇਮਾਰਤਾਂ ਲਈ ਬਿਲਡਿੰਗ ਪਲਾਨ ਪਾਸ ਕਰਨ ਦੀ ਵੀ ਮੰਗ ਕਰ ਰਹੇ ਹਨ। ਇਸ ਤੋਂ ਇਲਾਵਾ, ਉਹ ਸਾਰੇ 21 ਕੌਂਸਲਰਾਂ ਦੇ ਸਰਬਸੰਮਤੀ ਨਾਲ ਪਾਸ ਕੀਤੇ ਮਤੇ ਅਨੁਸਾਰ ਨੈਕ ਦੇ ਵਿਸਥਾਰ ਦੀ ਮੰਗ ਕਰ ਰਹੇ ਹਨ।

ਇਹ ਜ਼ਰੂਰੀ ਹੈ ਕਿ ਪ੍ਰਸ਼ਾਸਨ ਵੱਲੋਂ ਸ਼ਹਿਰ ਵਾਸੀਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਦੇ ਹੱਲ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਬੁਨਿਆਦੀ ਸਹੂਲਤਾਂ ਦੀ ਵਿਵਸਥਾ ਕਰਨਾ ਇੱਕ ਮੌਲਿਕ ਅਧਿਕਾਰ ਹੈ ਅਤੇ ਕਰੌਰਾਂ, ਨਾਡਾ ਅਤੇ ਕਾਂਸਲ ਦੇ ਵਸਨੀਕ ਇਸ ਅਧਿਕਾਰ ਤੋਂ ਬਹੁਤ ਲੰਬੇ ਸਮੇਂ ਤੋਂ ਵਾਂਝੇ ਹਨ। ਅਧਿਕਾਰੀਆਂ ਨੂੰ ਮਾਣਯੋਗ ਹਾਈ ਕੋਰਟ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਇਲਾਕੇ ਦੇ ਵਿਕਾਸ ਲਈ ਕੰਮ ਕਰਨਾ ਚਾਹੀਦਾ ਹੈ।

ਸਥਾਨਕ ਨਿਵਾਸੀ ਹੇਠ ਲਿਖੇ ਵਿਕਾਸ ਦੀ ਮੰਗ ਕਰ ਰਹੇ ਹਨ:-

- ਸੜਕਾਂ: ਖੇਤਰ ਵਿੱਚ ਸਹੀ ਸੜਕਾਂ ਦੀ ਘਾਟ ਹੈ, ਜਿਸ ਕਾਰਨ ਵਸਨੀਕਾਂ ਲਈ ਆਉਣ-ਜਾਣ ਵਿੱਚ ਮੁਸ਼ਕਲ ਆਉਂਦੀ ਹੈ। ਅਧਿਕਾਰੀਆਂ ਨੂੰ ਨਿਰਵਿਘਨ ਆਵਾਜਾਈ ਦੀ ਸਹੂਲਤ ਲਈ ਮਾਸਟਰ ਪਲਾਨ ਅਨੁਸਾਰ 30 ਮੀਟਰ ਸੜਕਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ।
- ਸੀਵਰੇਜ: ਸੀਵਰੇਜ ਸਿਸਟਮ ਦੀ ਅਣਹੋਂਦ ਕਾਰਨ ਖੇਤਰ ਵਿੱਚ ਸਫਾਈ ਦੇ ਮੁੱਦੇ ਪੈਦਾ ਹੋਏ ਹਨ। ਅਧਿਕਾਰੀਆਂ ਨੂੰ ਕੂੜਾ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਇੱਕ ਸੀਵਰੇਜ ਸਿਸਟਮ ਸਥਾਪਤ ਕਰਨਾ ਚਾਹੀਦਾ ਹੈ।
- ਸਟ੍ਰੀਟ ਲਾਈਟਾਂ: ਇਸ ਖੇਤਰ ਵਿੱਚ ਸਟਰੀਟ ਲਾਈਟਾਂ ਦੀ ਘਾਟ ਹੈ, ਜਿਸ ਨਾਲ ਇਹ ਵਸਨੀਕਾਂ ਲਈ ਅਸੁਰੱਖਿਅਤ ਹੈ, ਖਾਸ ਕਰਕੇ ਰਾਤ ਵੇਲੇ। ਅਧਿਕਾਰੀਆਂ ਨੂੰ ਵਸਨੀਕਾਂ ਦੀ ਸੁਰੱਖਿਆ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਟਰੀਟ ਲਾਈਟਾਂ ਲਗਾਉਣੀਆਂ ਚਾਹੀਦੀਆਂ ਹਨ।
- ਬੱਸ ਸੇਵਾ: ਖੇਤਰ ਵਿੱਚ ਇੱਕ ਉਚਿਤ ਬੱਸ ਸੇਵਾ ਦੀ ਘਾਟ ਹੈ, ਜਿਸ ਕਾਰਨ ਵਸਨੀਕਾਂ ਲਈ ਨੇੜਲੇ ਸ਼ਹਿਰਾਂ ਵਿੱਚ ਆਉਣਾ-ਜਾਣਾ ਮੁਸ਼ਕਲ ਹੋ ਜਾਦਾ ਹੈ। ਅਧਿਕਾਰੀਆਂ ਨੂੰ ਆਵਾਜਾਈ ਦੀ ਸਹੂਲਤ ਲਈ ਇੱਕ ਬੱਸ ਸੇਵਾ ਸ਼ੁਰੂ ਕਰਨੀ ਚਾਹੀਦੀ ਹੈ।
- ਬਿਲਡਿੰਗ ਪਲਾਨ: ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਮਕਾਨਾਂ ਅਤੇ ਵਪਾਰਕ ਇਮਾਰਤਾਂ ਲਈ ਬਿਲਡਿੰਗ ਪਲਾਨ ਪਾਸ ਕਰਨਾ ਚਾਹੀਦਾ ਹੈ ਕਿ ਉਸਾਰੀ ਦੀਆਂ ਗਤੀਵਿਧੀਆਂ ਯੋਜਨਾਬੱਧ ਅਤੇ ਸੰਗਠਿਤ ਢੰਗ ਨਾਲ ਕੀਤੀਆਂ ਜਾਣ।
- ਐਨਏਸੀ ਦਾ ਵਿਸਤਾਰ: ਅਥਾਰਟੀਆਂ ਨੂੰ ਸਾਰੇ 21 ਕੌਂਸਲਰਾਂ ਦੇ ਸਰਬਸੰਮਤੀ ਨਾਲ ਪਾਸ ਕੀਤੇ ਮਤੇ ਅਨੁਸਾਰ ਐਨਏਸੀ ਨੂੰ ਵਧਾਉਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਖੇਤਰ ਨੂੰ ਯੋਜਨਾਬੱਧ ਅਤੇ ਸੰਗਠਿਤ ਢੰਗ ਨਾਲ ਵਿਕਸਤ ਕੀਤਾ ਗਿਆ ਹੈ।

ਅੰਤ ਵਿੱਚ, ਕਰੌਰਾਂ, ਨਾਡਾ ਅਤੇ ਕਾਂਸਲ ਦੇ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਤੇ ਇਹ ਜ਼ਰੂਰੀ ਹੈ ਕਿ ਅਧਿਕਾਰੀ ਉਨ੍ਹਾਂ ਦੀਆਂ ਮੰਗਾਂ ਦੇ ਹੱਲ ਲਈ ਤੁਰੰਤ ਕਾਰਵਾਈ ਕਰਨ। ਬੁਨਿਆਦੀ ਸਹੂਲਤਾਂ ਦੀ ਵਿਵਸਥਾ ਕਰਨਾ ਇੱਕ ਮੌਲਿਕ ਅਧਿਕਾਰ ਹੈ ਅਤੇ ਕਰੌਰਾਂ, ਨਾਡਾ ਅਤੇ ਕਾਂਸਲ ਦੇ ਵਸਨੀਕ ਇਸ ਅਧਿਕਾਰ ਤੋਂ ਬਹੁਤ ਲੰਬੇ ਸਮੇਂ ਤੋਂ ਵਾਂਝੇ ਹਨ। ਅਧਿਕਾਰੀਆਂ ਨੂੰ ਮਾਣਯੋਗ ਹਾਈ ਕੋਰਟ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਇਲਾਕੇ ਦੇ ਵਿਕਾਸ ਲਈ ਕੰਮ ਕਰਨਾ ਚਾਹੀਦਾ ਹੈ।

# ਡੇਰਾਬੱਸੀ ਦਾਦਪੁਰਾ ਮੁਹਲੇ ਦੇ ਵਸਨੀਕ 3 ਦਿਨਾਂ ਤੋਂ ਪੀਣ ਵਾਲੇ ਪਾਣੀ ਨੂੰ ਤਰਸੇ

## ਖਾਲੀ ਭਾਂਡੇ ਲੈ ਕੀਤਾ ਰੋਸ਼ ਪ੍ਰਦਰਸ਼ਨ, ਕੌਂਸਲ ਦਫ਼ਤਰ ਦਾ ਘਿਰਾਓ ਕਰਨ ਦੀ ਦਿੱਤੀ ਚੇਤਾਵਨੀ

**ਡੇਰਾ ਬਸੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੇ ਦਾਦ ਪੁਰਾ ਮੁਹਲੇ ਵਿੱਚ ਰਹਿੰਦੇ ਲੋਕ ਪਿਛਲੇ 3 ਦਿਨਾਂ ਤੋਂ ਅੱਤ ਦੀ ਪੈਂਦੀ ਗਰਮੀ ਵਿਚ ਪੀਣ ਵਾਲੇ ਪਾਣੀ ਨੂੰ ਤਰਸ ਰਹੇ ਹਨ। ਲੋਕਾਂ ਨੇ ਰੋਸ਼ ਪ੍ਰਗਟ ਕਰਦਿਆਂ ਕਿਹਾ ਕਿ ਅਧਿਕਾਰੀ ਲਾਰਿਆ ਤੋਂ ਸਿਵਾਏ ਕੋਈ ਹੱਲ ਨਹੀਂ ਕਰ ਰਹੇ।

ਮੁਹੱਲਾ ਵਾਸੀਆਂ ਨੇ ਖਾਲੀ ਭਾਂਡੇ ਲੈ ਕੌਂਸਲ ਅਧਿਕਾਰੀਆ ਖ਼ਿਲਾਫ਼ ਰੋਸ਼ ਪ੍ਰਗਟ ਕੀਤਾ। ਪਾਣੀ ਨੂੰ ਤਰਸਦੇ ਲੋਕਾਂ ਨੇ ਪ ?ਸ਼ਾਸਨਿਕ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਜਲਦ ਹੀ ਪਾਣੀ ਦੀ ਸਪਲਾਈ ਠੀਕ ਨਾ ਹੋਈ



ਤਾਂ ਉਨ੍ਹਾਂ ਨੂੰ ਮਜਬੂਰਨ ਨਗਰ ਦਫ਼ਤਰ ਦਾ ਘਿਰਾਓ ਕਰ ਧਰਨਾਦੇਣਾ ਪਵੇਗਾ।

ਖਾਲੀ ਭਾਂਡੇ ਲੈ ਰੋਸ਼ ਪ੍ਰਗਟ ਕਰਦੇ ਲੋਕਾਂ ਨੇ ਦੱਸਿਆ ਕਿ ਨਾ ਤਾਂ ਨਹਾਉਣ ਲਈ ਪਾਣੀ ਮਿਲ ਰਿਹਾ ਹੈ ਤੇ ਨਾ ਹੀ ਪੀਣ ਲਈ, 3 ਦਿਨਾਂ ਤੋਂ ਸਪਲਾਈ ਬੰਦ ਹੈ। ਹਰ ਵਾਰ ਗਰਮੀਆਂ ਵਿੱਚ ਇਹ ਸਮੱਸਿਆ ਆਉਂਦੀ ਹੈ । ਹਰ ਮਹੀਨੇ ਨਗਰ ਕੌਂਸਲ ਪਾਣੀ ਦਾ ਪੂਰਾ ਬਿੱਲ ਵਸੂਲ ਕਰਦੀ ਹੈ, ਇਸਦੇ ਬਾਵਜੂਦ ਪਾਣੀ ਨਹੀਂ ਮਿਲਦਾ।

ਉਨ੍ਹਾਂ ਕਿਹਾ ਕਿ ਸ਼ਿਕਾਇਤ ਕਰਨ ਤੇ ਨਗਰ ਕੌਂਸਲ ਦਫ਼ਤਰ ਵਿੱਚ ਕੋਈ ਅਧਿਕਾਰੀਆਂ ਸੁਣਵਾਈ ਨਹੀਂ ਕਰਦਾ। ਏ ਸੀ ਵਾਲੇ ਦਫਤਰਾਂ ਵਿਚ ਬੈਠੇ ਸਰਕਾਰੀ ਬਾਬੂ ਪਾਣੀ ਦੀ ਕਮੀ ਨਾਲ ਝੂਜਦੇ ਲੋਕਾਂ ਦਾ ਦਰਦ ਨਹੀਂ ਸਮਝ ਸਕਦੇ। ਛੋਟੇ ਛੋਟੇ ਬੱਚਿਆਂ ਨਾਲ ਬਿਨਾਂ ਪਾਣੀ ਤੋ ਹੋਰ ਵੀ ਜ਼ਿਆਦਾ ਔਖਾ ਹੋ ਜਾਂਦਾ ਹੈ।

ਪਿੱਛਲੇ ਸਾਲ ਵੀ ਇਹੀ ਸਮੱਸਿਆ ਆਈ ਸੀ, ਲੇਕਿਨ ਕੌਂਸਲ ਵਲੋ ਫ਼ੇਰ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ। ਸਮੱਸਿਆ ਜਦੋਂ ਤਕ ਵਿਕਰਾਲ ਰੂਪ ਧਾਰ ਨਹੀਂ ਲੈਂਦੀ ਅਫ਼ਸਰ ਸ਼ਾਹੀ ਇਸ ਪਾਸੇ ਕੋਈ ਕਦਮ ਨਹੀਂ ਚੁੱਕਦੇ।

# ਪੇਚਸ਼ ਦਾ ਮਰੀਜ਼ ਸਾਹਮਣੇ ਆਉਣ 'ਤੇ ਸਿਹਤ ਵਿਭਾਗ ਚੌਕਸ

**ਪਟਿਆਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿੱਚ ਪੇਚਸ਼ ਦਾ ਮਰੀਜ਼ ਆਉਣ ਮਗਰੋਂ ਸਿਹਤ ਵਿਭਾਗ ਚੌਕਸ ਹੋ ਗਿਆ ਹੈ। ਸਿਹਤ ਟੀਮਾਂ ਨੇ ਬਿਸ਼ਨ ਨਗਰ ਇਲਾਕੇ ਦਾ ਅੱਜ ਘਰ ਘਰ ਦੌਰਾ ਕੀਤਾ। ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਦੱਸਿਆ ਕਿ ਇਕ ਮਰੀਜ਼ ਪੇਚਸ਼ ਦਾ ਆਇਆ ਸੀ ਜਿਸ ਕਰਕੇ ਬਿਸ਼ਨ ਨਗਰ ਵਿੱਚ ਹਰ ਘਰ ਵਿਚ ਜਾ ਕੇ ਸਬੰਧਿਤ ਦਵਾਈਆਂ ਤੇ ਪਾਣੀ ਵਿੱਚ ਪਾਉਣ ਲਈ ਦਵਾਈ ਦਿੱਤੀ। ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਇਸ ਮਾਮਲੇ ਦਾ ਨੋਟਿਸ ਲੈ ਕੇ ਇਲਾਕੇ ਵਿੱਚ ਸਿਹਤ ਵਿਭਾਗ ਨੂੰ ਹਦਾਇਤਾਂ ਜਾਰੀ ਕੀਤੀਆਂ। ਇਸ ਦੇ ਮੱਦੇਨਜ਼ਰ ਸਿਹਤ ਟੀਮਾਂ ਨੇ ਘਰ ਘਰ ਜਾ ਕੇ ਲੋਕਾਂ ਦੀ ਸਾਰ ਲਈ ਤੇ ਦਵਾਈਆਂ ਦੀ ਵੰਡ ਕੀਤੀ।



*ਬਾਸਮਤੀ ਦੀ ਗੁਣਵੱਤਾ ਕਾਇਮ ਰੱਖਣ ਲਈ ਇਸ ਦੀ ਸਹੀ ਸਮੇਂ ਤੇ ਲੁਆਈ ਬੇਹੱਦ ਜ਼ਰੂਰੀ ਹੈ। ਜੁਲਾਈ ਦੇ ਦੂਜੇ ਪੰਦਰਵਾੜੇ ਵਿਚ ਲਗਾਈ ਗਈ ਫ਼ਸਲ ਅਕਤੂਬਰ ਦੇ ਦੂਜੇ ਪੰਦਰਵਾੜੇ ਵਿਚ ਤਿਆਰ ਹੋ ਜਾਂਦੀ ਹੈ...*

# ਪੂਸਾ ਬਾਸਮਤੀ 1509

## ਮਿਆਰੀ ਉਤਪਾਦਨ ਲਈ ਅਗੇਤੀ ਬਿਜਾਈ ਨਾ ਕਰੋ

• ਦਲਜੀਤ ਸਿੰਘ ਬੁੱਟਰ

ਚੌਲਾਂ ਦੀਆਂ ਵੱਖ-ਵੱਖ ਕਿਸਮਾਂ ਵਿਚੋਂ ਬਾਸਮਤੀ ਹਰ ਆਮ ਅਤੇ ਖ਼ਾਸ ਆਦਮੀ ਦੀ ਪਹਿਲੀ ਪਸੰਦ ਵਿਚ ਸ਼ਾਮਲ ਹੈ। ਵਿਸ਼ਵ ਵਿਚ ਇਹ 'ਸਪੈਸ਼ਿਲੀਟੀ ਰਾਈਸ' ਵਜੋਂ ਜਾਣੀ ਜਾਂਦੀ ਹੈ। ਇਸ ਦੀ ਬਾਕੀ ਚੌਲਾਂ ਨਾਲੋਂ ਵੱਖਰੀ ਬਾਸ ਜਾਂ ਖ਼ੁਸ਼ਬੂ ਹੋਣ ਕਾਰਨ ਇਸ ਨੂੰ ਬਾਸਮਤੀ ਆਖਦੇ ਹਨ। ਇਸ ਦੇ ਚੌਲ ਪਤਲੇ, ਮਿਠਾਸ ਭਰੇ, ਮੁਲਾਇਮ ਅਤੇ ਪਕਾਉਣ ਉਪਰੰਤ ਦੁੱਗਣੇ ਤੋਂ ਵੀ ਵੱਧ ਲੰਬੇ ਹੋ ਜਾਣਾ ਵਾਲੇ ਹੁੰਦੇ ਹਨ। ਇਹ ਸਭ ਤੋਂ ਵੱਧ ਬਰਾਮਦ ਕੀਤੀ ਜਾਣ ਵਾਲੀ ਜਿਣਸ ਹੈ। ਪਿਛਲੇ ਸਾਲ ਇਹ ਰਿਕਾਰਡ 40 ਲੱਖ ਟਨ ਐਕਸਪੋਰਟ ਕੀਤੀ ਗਈ, ਜਿਸ ਦੀ ਕੀਮਤ ਲਗਪਗ 21,604.53 ਕਰੋੜ ਰੁਪਏ ਸੀ।

### ਅਗੇਤੀ ਬਿਜਾਈ ਘਾਟੇ ਦਾ ਸੌਦਾ

*ਮਾਹਿਰਾਂ ਵੱਲੋਂ ਕਿਸਾਨਾਂ ਦੇ ਖੇਤਾਂ 'ਚੋਂ ਅਗੇਤੀ ਤੇ ਸਮੇਂ ਸਿਰ ਬੀਜੀ ਗਈ ਪੂਸਾ ਬਾਸਮਤੀ-1509 ਦੇ ਨਮੂਨੇ ਲਏ ਗਏ। ਇਨ੍ਹਾਂ ਦੀ ਕੱਚੇ ਅਤੇ ਸੇਲੇ ਦੇ ਤੌਰ ਛੜਾਈ ਕੀਤੀ ਗਈ। ਨਤੀਜਿਆਂ 'ਚ ਪਾਇਆ ਗਿਆ ਕਿ ਇਸ ਕਿਸਮ ਦੀ ਅਗੇਤੀ ਬਿਜਾਈ ਨਾਲ ਕੁਲ ਅਤੇ ਸਬੂਤੇ ਚੌਲਾਂ ਦੀ ਪ੍ਰਾਪਤੀ ਕੱਚੀ ਛੜਾਈ ਦੌਰਾਨ ਕ੍ਰਮਵਾਰ 3 ਤੇ 11 ਫ਼ੀਸਦੀ ਘਟਦੀ ਹੈ। ਅਗੇਤੀ ਫ਼ਸਲ ਵਿਚ ਚਾਕੀ (ਗੈਰ-ਪਾਰਦਰਸ਼ੀ) ਦਾਣਿਆਂ ਦੀ ਮਾਤਰਾ ਸਮੇਂ ਸਿਰ ਬੀਜੀ ਫ਼ਸਲ ਨਾਲੋਂ 8 ਫ਼ੀਸਦੀ ਜ਼ਿਆਦਾ ਸੀ। ਪਰ ਬੁਆਲਿੰਗ ਤਕਨੀਕ (ਸੇਲੇ) ਨਾਲ ਕੁਲ ਅਤੇ ਸਾਬਤ ਚੌਲਾਂ ਦੀ ਪ੍ਰਾਪਤੀ ਵਿਚ ਕੱਚੇ ਚੌਲਾਂ ਤੋਂ ਕਾਫ਼ੀ ਵਾਧਾ ਪਾਇਆ ਗਿਆ।ਪ੍ਰੰਤੂ ਇਸ ਵਿਧੀ ਨਾਲ ਵੀ ਅਗੇਤੀ ਫ਼ਸਲ ਵਿਚ ਕੁਲ ਅਤੇ ਸਾਬਤ ਚੌਲਾਂ ਦੀ ਮਾਤਰਾ 'ਚ ਕ੍ਰਮਵਾਰ 4 ਅਤੇ 14 ਫ਼ੀਸਦੀ ਦਾ ਘਾਟਾ ਪਾਇਆ ਗਿਆ।*

### ਬਾਸਮਤੀ ਨੇ ਦੇਸ਼ ਨੂੰ ਦਿਵਾਈ ਪਛਾਣ

ਬਾਸਮਤੀ ਦੇ ਇਹ ਖ਼ਾਸ ਗੁਣ ਤਦ ਹੀ ਵਿਕਸਿਤ ਹੁੰਦੇ ਹਨ ਜਦੋਂ ਇਸ ਨੂੰ ਸਹੀ ਭੂਗੋਲਿਕ ਸਥਿਤੀ ਵਿਚ ਲਗਾਇਆ ਜਾਵੇ। ਬਾਸਮਤੀ ਦੀ ਕਾਸ਼ਤ ਜ਼ਿਆਦਾਤਰ ਪੰਜਾਬ, ਹਰਿਆਣਾ, ਉੱਤਰਾਖੰਡ ਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਤੇ ਦਿੱਲੀ ਦੇ ਕੁਝ ਹਿੱਸਿਆਂ ਵਿਚ ਵੀ ਇਸ ਦੀ ਕਾਸ਼ਤ ਕੀਤੀ ਜਾਂਦੀ ਹੈ। ਕਾਸ਼ਤ ਵਾਲੇ ਇਨ੍ਹਾਂ ਖੇਤਰਾਂ ਨੂੰ ਵਿਸ਼ਵ ਪੱਧਰ 'ਤੇ ਇਕ ਵੱਖਰੀ ਪਛਾਣ ਲਈ 'ਭੂਗੋਲਿਕ ਇੰਡੀਕੇਟਰ' ਦਾ ਦਰਜਾ ਦਿੱਤਾ ਗਿਆ ਹੈ।

### ਘੱਟ ਸਮੇਂ ਵਿਚ ਪੱਕਣ ਵਾਲੀ ਕਿਸਮ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਸਿਰ ਬਾਸਮਤੀ ਦੀਆਂ ਨਵੀਆਂ ਤੇ ਸੁਧਰੀਆਂ ਹੋਈਆਂ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ, ਇਸ ਦੇ ਨਾਲ ਹੀ ਇਨ੍ਹਾਂ ਕਿਸਮਾਂ ਤੋਂ ਵਧੀਆ ਝਾੜ ਲੈਣ ਤੇ ਬਾਸਮਤੀ ਦੀ ਗੁਣਵੱਤਾ ਬਰਕਰਾਰ ਰੱਖਣ ਲਈ ਸੁਚੱਜੀਆਂ ਉਤਪਾਦਨ ਤਕਨੀਕਾਂ ਦੀ ਵੀ ਸਿਫਾਰਸ਼ ਕੀਤੀ ਜਾਂਦੀ ਰਹੀ ਹੈ। ਜ਼ਮੀਨਦੋਜ਼ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਯੂਨੀਵਰਸਿਟੀ ਵੱਲੋਂ ਘੱਟ ਸਮੇ ਵਿਚ ਵਧੂ ਝਾੜ ਵਾਲੀਆਂ ਕਿਸਮਾਂ ਵਿਕਸਿਤ ਕੀਤੇ ਜਾਣ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਸੇ ਲੜੀ ਤਹਿਤ ਸਾਲ 2013 ਦੌਰਾਨ ਬਾਸਮਤੀ ਦੀ ਨਵੀਂ ਕਿਸਮ 'ਪੂਸਾ ਬਾਸਮਤੀ-1509' ਦੀ ਸਿਫਾਰਸ਼ ਕੀਤੀ ਗਈ, ਜੋ ਸਿਰਫ਼ 120 ਦਿਨ ਵਿਚ ਪੱਕ ਕੇ ਤਿਆਰ ਹੋ ਜਾਂਦੀ ਹੈ।

### ਜੁਲਾਈ ਦੇ ਦੂਜੇ ਪੰਦਰਵਾੜੇ 'ਚ ਕਰੋ ਬਿਜਾਈ

ਵਧੀਆ ਝਾੜ ਤੇ ਉੱਤਮ ਕਿਸਮ ਦੀ ਪੈਦਾਵਾਰ ਲਈ ਪੂਸਾ ਬਾਸਮਤੀ-1509 ਦੀ ਜੂਨ ਦੇ ਦੂਜੇ ਪੰਦਰਵਾੜੇ 'ਚ ਬੀਜੀ ਗਈ ਪਨੀਰੀ ਨੂੰ 25 ਦਿਨ ਦੀ ਹੋਣ 'ਤੇ ਜੁਲਾਈ ਦੇ ਦੂਜੇ ਪੰਦਰਵਾੜੇ ਦੌਰਾਨ ਖੇਤ ਵਿਚ ਲਗਾਉਣਾ ਚਾਹੀਦਾ ਹੈ। ਇਸ ਨਾਲ ਬੂਟੇ ਦਾ ਫੁਟਾਰਾ ਠੀਕ ਹੋਵੇਗਾ ਤੇ ਝਾੜ ਵੀ ਵਧੇਗਾ। ਬਾਸਮਤੀ ਦੇ ਉੱਤਮ ਗੁਣ ਤਦ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ ਜਦੋਂ ਦਾਣੇ ਭਰਨ ਸਮੇਂ ਸਵੇਰ ਅਤੇ ਸ਼ਾਮ ਦਾ ਤਾਪਮਾਨ ਠੰਡਾ ਤੇ ਦਿਨ ਦਾ ਤਾਪਮਾਨ ਜ਼ਿਆਦਾ ਹੋਵੇ। ਬਾਸਮਤੀ ਦੀਆਂ ਪੁਰਾਣੀਆਂ ਕਿਸਮਾਂ, ਜਿਵੇਂ ਬਾਸਮਤੀ-370 ਅਤੇ ਬਾਸਮਤੀ-386 ਸੂਰਜ ਦੀ ਰੋਸ਼ਨੀ ਪ੍ਰਤੀ ਸੰਵੇਦਨਸ਼ੀਲ ਕਿਸਮਾਂ ਸਨ ਤੇ ਇਹ ਸਤੰਬਰ ਦੇ ਅਖ਼ੀਰ ਜਾਂ ਅਕਤੂਬਰ ਦੇ ਸ਼ੁਰੂ 'ਚ ਪੱਕਦੀਆਂ ਸਨ ਪ੍ਰੰਤੂ ਪੂਸਾ ਬਾਸਮਤੀ-1509 ਰੋਸ਼ਨੀ ਪ੍ਰਤੀ ਅਸੰਵੇਦਨਸ਼ੀਲ ਹੈ। ਇਹ ਲਗਾਉਣ ਤੋਂ 120 ਦਿਨਾਂ ਵਿਚ ਪੱਕ ਜਾਂਦੀ ਹੈ। ਇਸ ਲਈ ਬਾਸਮਤੀ ਦੀ ਗੁਣਵੱਤਾ ਕਾਇਮ ਰੱਖਣ ਲਈ ਇਸ ਦੀ ਸਹੀ ਸਮੇਂ ਤੇ ਲੁਆਈ ਬੇਹੱਦ ਜ਼ਰੂਰੀ ਹੈ। ਜੁਲਾਈ ਦੇ ਦੂਜੇ ਪੰਦਰਵਾੜੇ ਵਿਚ ਲਗਾਈ ਗਈ ਫ਼ਸਲ ਅਕਤੂਬਰ ਦੇ ਦੂਜੇ ਪੰਦਰਵਾੜੇ ਵਿਚ ਪੱਕਦੀ ਹੈ। ਉਦੋਂ ਬਾਸਮਤੀ ਦੇ ਉੱਤਮ ਗੁਣ-ਮਹਿਕ, ਪਾਰਦਰਸ਼ੀ ਦਾਣਿਆਂ ਤੇ ਸਾਬਤ ਚੌਲਾਂ ਦੀ ਵੱਧ ਪ੍ਰਾਪਤੀ ਲਈ ਵਾਤਾਵਰਨ ਬਿਲਕੁਲ ਅਨੁਕੂਲ ਹੁੰਦਾ ਹੈ।



*ਫ਼ਸਲ ਉੱਪਰ ਹਮਲਾ ਕਰਨ ਵਾਲੇ ਕੀੜੇ ਉਤਪਾਦਨ 'ਚ ਗਿਰਾਵਟ ਦਾ ਵੱਡਾ ਕਾਰਨ ਬਣਦੇ ਹਨ। ਇਨ੍ਹਾਂ ਵਿੱਚੋਂ ਕੁਝ ਕੀੜੇ ਬੂਟਿਆਂ ਦਾ ਹਰਾ ਮਾਦਾ ਖਾਂਦੇ ਹਨ, ਕੁਝ ਪੱਤਿਆਂ 'ਚੋਂ ਰਸ ਚੂਸਦੇ ਹਨ ਅਤੇ ਕੁਝ ਕੀਤੇ ਸਿੱਧੇ ਤੌਰ 'ਤੇ ਤਣੇ ਅਤੇ ਸਿੱਟਿਆਂ ਉੱਪਰ ਹਮਲਾ ਕਰ ਕੇ ਉਤਪਾਦਨ 'ਚ ਗਿਰਾਵਟ ਲਿਆਉਂਦੇ ਹਨ। ਇਨ੍ਹਾਂ ਕੀੜਿਆਂ ਦੀ ਵਾਹਕ, ਮਕੈਨੀਕਲ ਅਤੇ ਰਸਾਇਣਕ ਢੰਗਾਂ ਤੋਂ ਇਲਾਵਾ ਮਿੱਤਰ ਕੀਟਾਂ ਜ਼ਰੀਏ ਰੋਕਥਾਮ ਕੀਤੀ ਜਾ ਸਕਦੀ ਹੈ...*



# ਝੋਨਾ

## ਕੀੜਿਆਂ ਦਾ ਹੱਲਾ ਝਾੜ ਲਈ ਖ਼ਤਰਨਾਕ

• ਹਰਪਾਲ ਸਿੰਘ ਰੰਧਾਵਾ
ਸਰਬਜੀਤ ਸਿੰਘ ਔਲਖ

ਝੋਨਾ ਪੰਜਾਬ ਵਿਚ ਸਾਉਣੀ ਦੀ ਮੁੱਖ ਫ਼ਸਲ ਹੈ। ਪੰਜਾਬ ਵਿਚ ਝੋਨੇ ਦਾ ਔਸਤ ਝਾੜ 23.84 ਕੁਇੰਟਲ ਪ੍ਰਤੀ ਏਕੜ ਹੈ, ਜੋ ਆਸ ਤੋਂ ਬਹੁਤ ਘੱਟ ਹੈ। ਝਾੜ ਘੱਟ ਹੋਣ ਦੇ ਅਨੇਕਾਂ ਕਾਰਨ ਹਨ, ਜਿਨ੍ਹਾਂ ਵਿੱਚੋਂ ਫ਼ਸਲ ਉੱਪਰ ਕੀੜਿਆਂ ਤੇ ਬਿਮਾਰੀਆਂ ਦਾ ਹਮਲਾ ਵੀ ਪ੍ਰਮੁੱਖ ਹੈ। ਇਨ੍ਹਾਂ ਕੀੜਿਆਂ ਵਿੱਚੋਂ ਗੋਭ ਦੀਆਂ ਸੁੰਡੀਆਂ (ਤਣੇ ਦੇ ਗੜੂੰਏਂ), ਪੱਤਾ ਲਪੇਟ ਸੁੰਡੀ, ਬੂਟਿਆ ਦੇ ਟਿੱਡੇ, ਘਾਹ ਦੇ ਟਿੱਡੇ, ਹਿਸਪਾ (ਕੰਡਿਆਲੀ ਭੂੰਡੀ), ਜੜ੍ਹ ਦੀ ਸੁੰਡੀ ਤੇ ਸਿੱਟੇ ਕੁਤਰਨ ਵਾਲੀ ਸੁੰਡੀ ਮੁੱਖ ਹਨ। ਇਨ੍ਹਾਂ ਦੀ ਸੁਚੱਜੀ ਰੋਕਥਾਮ ਲਈ ਸਰਵਪੱਖੀ ਵਿਧੀ ਅਪਨਾਉਣਾ ਬਹੁਤ ਜ਼ਰੂਰੀ ਹੈ। ਸਰਵਪੱਖੀ ਰੋਕਥਾਮ ਲਈ ਸਾਨੂੰ ਉਹ ਸਾਰੇ ਤਰੀਕੇ ਅਪਨਾਉਣੇ ਚਾਹੀਦੇ ਹਨ ਜਿਹੜੇ ਵਾਤਾਵਰਣ ਅਤੇ ਸਮਾਜਿਕ ਪੱਖ ਤੋਂ ਠੀਕ ਹੋਣ। ਇਨ੍ਹਾਂ ਵਿਚ ਵਾਹਕ ਢੰਗਾਂ ਰਾਹੀਂ, ਪਰਜੀਵਾਂ ਦੁਆਰਾ, ਮਕੈਨੀਕਲ ਢੰਗਾਂ ਅਤੇ ਰਸਾਇਣਕ ਦਵਾਈਆਂ ਰਾਹੀ ਰੋਕਥਾਮ ਆਦਿ ਪ੍ਰਮੁੱਖ ਹਨ। ਝੋਨੇ ਦੇ ਪ੍ਰਮੁੱਖ ਕੀੜਿਆਂ ਅਤੇ ਉਨ੍ਹਾਂ ਦੀ ਰੋਕਥਾਮ ਲਈ ਵਰਤੇ ਜਾ ਸਕਣ ਵਾਲੇ ਢੰਗਾਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਦਿੱਤੀ ਗਈ ਹੈ।

### ਗੋਭ ਦੀਆਂ ਸੁੰਡੀਆਂ (ਤਣੇ ਦੇ ਗੜੂੰਏਂ)

ਇਨ੍ਹਾਂ ਕੀੜਿਆ ਵਿਚ ਪੀਲੀ ਤਣਾ ਸੁੰਡੀ, ਚਿੱਟੀ ਤਣਾ ਸੁੰਡੀ ਤੇ ਗੁਲਾਬੀ ਤਣਾ ਸੁੰਡੀ ਸ਼ਾਮਲ ਹਨ। ਇਨ੍ਹਾਂ ਸੁੰਡੀਆਂ ਦੇ ਪਤੰਗੇ ਪੱਤਿਆਂ ਦੇ ਹੇਠਲੇ ਪਾਸੇ ਆਂਡੇ ਦਿੰਦੇ ਹਨ ਤੇ ਕੁਝ ਹੀ ਦਿਨਾਂ 'ਚ ਆਂਡਿਆਂ ਵਿੱਚੋਂ ਸੁੰਡੀਆਂ ਬਾਹਰ ਆ ਕੇ ਪਹਿਲਾਂ ਪੱਤਿਆਂ ਦਾ ਨੁਕਸਾਨ ਕਰਦੀਆਂ ਹਨ ਤੇ ਫਿਰ ਜਵਾਨ ਸੁੰਡੀਆਂ ਤਣੇ ਵਿਚ ਵੜ ਜਾਂਦੀਆਂ ਹਨ ਅਤੇ ਤਣੇ ਦੇ ਅੰਦਰੂਨੀ ਭਾਗ ਨੂੰ ਖਾਂਦੀਆਂ ਹਨ। ਇਹ ਸੁੰਡੀਆਂ ਜੁਲਾਈ ਤੋਂ ਅਕਤੂਬਰ ਤਕ ਵਧੇਰੇ ਨੁਕਸਾਨ ਕਰਦੀਆਂ ਹਨ।।ਨਤੀਜੇ ਵਜੋਂ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ ਤੇ ਮੁੰਜਰਾਂ ਵਿਚ ਦਾਣੇ ਨਹੀਂ ਪੈਂਦੇ। ਅਜਿਹੀਆਂ ਗੋਭਾਂ ਆਸਾਨੀ ਨਾਲ ਬੂਟੇ ਵਿੱਚੋਂ ਖਿੱਚੀਆਂ ਜਾ ਸਕਦੀਆਂ ਹਨ। ਖਾਲੀ ਮੁੰਜਰਾਂ ਚਿੱਟੇ ਰੰਗ ਦੀਆਂ ਦਿਸਦੀਆਂ ਹਨ ਤੇ ਸਿੱਧੀਆਂ ਖੜ੍ਹੀਆਂ ਰਹਿੰਦੀਆਂ ਹਨ।

**ਰੋਕਥਾਮ :** ਝੋਨੇ ਦੀ ਪਨੀਰੀ ਦੀ ਬਿਜਾਈ ਸਮੇਂ ਸਿਰ ਕਰਨੀ ਚਾਹੀਦੀ ਹੈ। ਸਮੇਂ ਤੋਂ ਪਹਿਲਾਂ ਅਤੇ ਦੇਰ ਨਾਲ ਝੋਨੇ ਦੀ ਲਵਾਈ ਕਾਰਨ ਇਸ ਕੀੜੇ ਦੀ ਜਨਸੰਖਿਆ ਬਹੁਤ ਵਧ ਜਾਂਦ ਹੈ ਤੇ ਸਹੀ ਸਮੇਂ ਤੋਂ ਬਾਅਦ ਬੀਜੀ ਗਈ ਫ਼ਸਲ ਦਾ ਬਹੁਤ ਨੁਕਸਾਨ ਹੁੰਦਾ ਹੈ। ਇਸ ਕੀੜੇ ਦੇ ਆਂਡਿਆਂ ਦੇ ਝੁੰਡਾਂ ਨੂੰ ਪੱਤੇ ਸਮੇਤ ਤੋੜ ਕੇ ਨਸ਼ਟ ਕਰਦੇ ਰਹਿਣਾ ਚਾਹੀਦਾ ਹੈ। ਇਹ ਕੰਮ ਜੁਲਾਈ ਅਖ਼ੀਰ ਤੋਂ ਸ਼ੁਰੂ ਕਰੋ ਤਾਂ ਜੋ ਕੀੜੇ ਦੇ ਵਾਧੇ ਨੂੰ ਰੋਕਿਆ ਜਾ ਸਕੇ। ਝੋਨੇ ਦੀ ਕਟਾਈ ਤੋਂ ਬਾਅਦ ਮੁੱਢ ਆਦਿ ਖੇਤਾਂ ਵਿਚ ਖੜ੍ਹੇ ਨਾ ਰਹਿਣ ਦਿਓ। ਇਸ ਤੋਂ ਇਲਾਵਾ ਮਿੱਤਰ ਕੀੜਿਆਂ ਟਰਾਈਕੋਗ੍ਰਾਮਾ ਕਿਲੋਨਿਸ ਤੇ ਟਰਾਈਕੋਗ੍ਰਾਮਾ ਜਪੋਨੀਕਮ ਵੀ ਇਸ ਕੀੜੇ ਦੇ ਆਂਡਿਆਂ ਨੂੰ ਨਸ਼ਟ ਕਰਦੇ ਹਨ। ਜਿਨ੍ਹਾਂ ਖੇਤਾਂ ਵਿਚ ਇਸ ਕੀੜੇ ਦਾ ਹਮਲਾ 5 ਫ਼ੀਸਦੀ ਸੁੱਕੀਆਂ ਗੋਭਾਂ (ਇਕਨਾਮਿਕ ਥਰੈਸ਼-ਹੋਲਡ ਲੈਵਲ) ਤੋਂ ਵਧੇਰੇ ਹੋਵੇ, ਉੱਥੇ 20 ਮਿਲੀਲਿਟਰ ਫੇਮ 480 ਐੱਸਸੀ (ਫਲੂਬੈਂਡਾਮਾਈਡ) ਜਾਂ 170 ਗ੍ਰਾਮ ਮੋਰਟਰ 75 ਐੱਸਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 350 ਮਿਲੀਲਿਟਰ ਮਾਰਕਟਰਾਈਜੋ/ਸੂਟਾਥੀਆਨ 40 ਈਸੀ (ਟਰਾਈਐਜ਼ੋਫਾਸ) ਜਾਂ 560 ਮਿਲੀਲਿਟਰ ਮੋਨੋਸਿਲ 36 ਐੱਸਐੱਲ (ਮੋਨੋਕਰੋਟੋਫਾਸ) ਜਾਂ ਇਕ ਲਿਟਰ ਕੋਰੋਬਾਨ/ਡਰਸਬਾਨ/ਲੀਥਲ/ਕਲੋਰਗਾਰਡ/ਡਰਮਟ/ਕਲਾਸਿਕ/ਫੋਰਸ 20 ਈਸੀ (ਕਲੋਰਪਾਈਰੀਫਾਸ) ਪ੍ਰਤੀ ਏਕੜ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰੋ। ਲੋੜ ਪੈਣ 'ਤੇ ਦਵਾਈ ਬਦਲ ਕੇ ਦੁਬਾਰਾ ਛਿੜਕਾਅ ਕਰੋ।

### ਪੱਤਾ ਲਪੇਟ ਸੁੰਡੀ

ਇਸ ਕੀੜੇ ਦੀਆਂ ਸੁੰਡੀਆਂ ਪੱਤੇ ਨੂੰ ਲਪੇਟ ਕੇ ਅੰਦਰੋਂ ਹਰਾ ਮਾਦਾ ਖਾਂਦੀਆਂ ਹਨ, ਜਿਸ ਨਾਲ ਪੱਤਿਆਂ ਉੱਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ। ਇਸ ਦਾ ਬਹੁਤਾ ਨੁਕਸਾਨ ਅਗਸਤ ਤੋਂ ਅਕਤੂਬਰ ਮਹੀਨਿਆਂ ਵਿਚ ਹੁੰਦਾ ਹੈ। ਨਾਈਟ੍ਰੋਜਨ ਤੱਤ ਵਾਲੀਆਂ ਖਾਦਾਂ ਦੀ ਜ਼ਿਆਦਾ ਵਰਤੋਂ ਨਾਲ ਇਸ ਕੀੜੇ ਦਾ ਹਮਲਾ ਵਧ ਸਕਦਾ ਹੈ।



**ਰੋਕਥਾਮ**

ਮਿੱਟੀ ਪਰਖ ਦੇ ਆਧਾਰ 'ਤੇ ਸਹੀ ਸਮੇਂ ਤੇ ਸਹੀ ਮਾਤਰਾ ਵਿਚ ਖਾਦਾਂ ਦੀ ਵਰਤੋਂ ਕਰੋ। ਜਦੋਂ ਪੱਤਿਆਂ ਦਾ ਨੁਕਸਾਨ 10 ਫ਼ੀਸਦੀ ਤੋਂ ਵਧੇਰੇ ਹੋਵੇ ਤਾਂ ਇਸ ਸੁੰਡੀ ਦੀ ਰੋਕਥਾਮ ਵੀ ਗੋਭ ਦੀ ਸੁੰਡੀ ਤੇ ਕਾਬੂ ਪਾਉਣ ਵਾਲੀਆਂ ਸਿਫਾਰਸ ਕੀਤੀਆਂ ਰਸਾਇਣਾਂ ਨਾਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਕੀੜੇ ਦਾ ਹਮਲਾ ਹੋਣ 'ਤੇ 20-30 ਮੀਟਰ ਲੰਬੀ ਨਾਰੀਅਲ ਦੀ ਰੱਸੀ ਫ਼ਸਲ ਦੇ ਉੱਪਰਲੇ ਸਿਰੇ 'ਤੇ ਫ਼ਸਲ ਦੇ ਨਿਸਰਨ ਤੋਂ ਪਹਿਲਾਂ ਫੇਰੋ। ਪਹਿਲੀ ਵਾਰ ਖੇਤ ਦੇ ਇਕ ਸਿਰੇ ਤੋਂ ਦੂਜੇ ਸਿਰੇ 'ਤੇ ਜਾਓ ਤੇ ਫਿਰ ਉਨ੍ਹੀ ਪੈਰੀ ਰੱਸੀ ਫੇਰਦੇ ਹੋਏ ਵਾਪਸ ਪਰਤੋ।।ਖ਼ਿਆਲ ਰੱਖੋ ਕਿ ਰੱਸੀ ਫੇਰਨ ਸਮੇਂ ਖੇਤ ਵਿਚ ਪਾਣੀ ਜ਼ਰੂਰ ਖੜ੍ਹਾ ਹੋਣਾ ਚਾਹੀਦਾ ਹੈ।

### ਜੜ੍ਹਾਂ ਦੀ ਸੁੰਡੀ

ਇਹ ਸੁੰਡੀ ਲੱਤਾਂ ਤੇ ਬਿਨਾ ਤੇ ਚਿੱਟੇ ਰੰਗ ਦੀ ਹੁੰਦੀ ਹੈ। ਇਹ ਜੁਲਾਈ ਤੋਂ ਸਤੰਬਰ ਤਕ ਜ਼ਮੀਨ ਵਿਚ ਬੂਟੇ ਦੀਆਂ ਜੜ੍ਹਾਂ ਨੂੰ ਖਾਂਦੀ ਹੈ। ਹਮਲੇ ਵਾਲੇ ਬੂਟੇ ਛੋਟੇ ਰਹਿ ਜਾਂਦੇ ਹਨ ਤੇ ਪੀਲੇ ਪੈ ਜਾਂਦੇ ਹਨ ਅਤੇ ਪੂਰਾ ਜਾੜ ਨਹੀ ਮੱਲਦੇ।



**ਰੋਕਥਾਮ**

ਰੋਕਥਾਮ : ਜਿਨ੍ਹਾਂ ਖੇਤਾਂ ਵਿਚ ਇਸ ਦਾ ਹਮਲਾ ਹੋਇਆ ਹੋਵੇ ਉੱਥੇ ਕਟਾਈ ਤੋਂ ਬਾਅਦ ਖੇਤ ਨੂੰ ਡੂੰਘਾ ਵਾਹ ਕੇ ਖੁੱਲ੍ਹਾ ਛੱਡ ਦਿਓ। ਹਮਲੇ ਵਾਲੇ ਖੇਤਾਂ ਵਿਚ 3 ਕਿੱਲੋ ਫੋਰਾਟੋਕਸ/ਥਿਮਟ 10 ਜੀ (ਫੋਰੇਟ) ਪ੍ਰਤੀ ਏਕੜ ਦਾਣੇਦਾਰ ਦਵਾਈ ਦਾ ਖੜ੍ਹੇ ਪਾਣੀ ਵਿਚ ਛੱਟਾ ਦੇ ਦਿਓ।

### ਬੂਟਿਆਂ ਦੇ ਟਿੱਡੇ

ਇਨ੍ਹਾਂ ਕੀੜਿਆਂ ਵਿਚ ਚਿੱਟੀ ਪਿੱਠ ਵਾਲੇ, ਹਰੇ ਤੇ ਭੂਰੇ ਟਿੱਡੇ ਸ਼ਾਮਲ ਹਨ। ਇਨ੍ਹਾਂ ਦਾ ਹਮਲਾ ਜੁਲਾਈ ਤੋਂ ਅਕਤੂਬਰ ਤਕ ਹੁੰਦਾ ਹੈ। ਟਿੱਡਿਆਂ ਦੇ ਬੱਚੇ ਤੇ ਜਵਾਨ ਟਿੱਡੇ ਦੋਵੇਂ ਹੀ ਬੂਟੇ ਦਾ ਰਸ ਚੂਸਦੇ ਹਨ, ਜਿਸ ਨਾਲ ਫ਼ਸਲ ਧੋੜੀਆਂ ਵਿਚ ਸੁੱਕ ਜਾਂਦੀ ਹੈ। ਇਸ ਨੂੰ ਟਿੱਡੇ ਦਾ ਸਾੜ (ਹਾਪਰ ਬਰਨ) ਵੀ ਕਿਹਾ ਜਾਂਦਾ ਹੈ। ਜਦੋਂ ਪਹਿਲੇ ਬੂਟੇ ਸੁੱਕ ਜਾਂਦੇ ਹਨ ਤਾਂ ਟਿੱਡੇ ਨੇੜਲੇ ਨਰੋਏ ਬੂਟਿਆਂ 'ਤੇ ਚਲੇ ਜਾਂਦੇ ਹਨ।

**ਰੋਕਥਾਮ :** ਜਿਨ੍ਹਾਂ ਇਲਾਕਿਆਂ ਵਿਚ ਟਿੱਡੇ ਦਾ ਹਮਲਾ ਹੁੰਦਾ ਹੈ, ਉੱਥੇ ਇਨ੍ਹਾਂ ਦਾ ਹਮਲਾ ਸਹਿਣ ਵਾਲੀ ਕਿਸਮਾਂ ਦੀ ਬਿਜਾਈ ਕਰੋ। ਪਨੀਰੀ ਪੁੱਟ ਕੇ ਖੇਤ ਵਿਚ ਲਗਾਉਣ ਤੋਂ ਇਕ ਮਹੀਨੇ ਬਾਅਦ ਹਰ ਹਫ਼ਤੇ ਕੁਝ ਬੂਟਿਆਂ ਨੂੰ ਟੇਢੇ ਕਰਕੇ ਦੋ-ਤਿੰਨ ਵਾਰ ਝਾੜੋ। ਜੇ ਪ੍ਰਤੀ ਬੂਟਾ 5-10 ਟਿੱਡੇ ਪਾਣੀ 'ਤੇ ਤਰਦੇ ਨਜ਼ਰ ਆਉਣ ਤਾਂ ਫ਼ਸਲ ਉੱਤੇ ਕੀਟਨਾਸ਼ਕਾਂ ਦੀ ਵਰਤੋਂ ਕਰੋ। ਟਿੱਡਿਆਂ ਦੀ ਰੋਕਥਾਮ ਲਈ 40 ਮਿਲੀਲਿਟਰ ਕੋਨਫੀਡੋਰ/ਕਰੋਕੋਡਾਈਲ 17.8 ਐੱਸਐੱਲ (ਇਮਿਡਾਕਲੋਪਰਿਡ) ਜਾਂ 800 ਮਿਲੀਲਿਟਰ ਏਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈਸੀ (ਕੁਇਨਲਫਾਸ) ਜਾਂ ਇਕ ਲਿਟਰ ਕੋਰੋਬਾਨ/ਡਰਸਬਾਨ 20 ਈਸੀ (ਕਲੋਰਪਾਈਰੀਫਾਸ) ਪ੍ਰਤੀ ਏਕੜ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ। ਲੋੜ ਹੋਵੇ ਤਾਂ ਦੁਬਾਰਾ ਛਿੜਕਾਅ ਕਰੋ। ਚੰਗੇ ਨਤੀਜਿਆਂ ਲਈ ਜ਼ਹਿਰਾਂ ਦਾ ਛਿੜਕਾਅ ਬੂਟਿਆਂ ਦੇ ਮੁੱਢਾਂ ਵੱਲ ਕਰਨਾ ਚਾਹੀਦਾ ਹੈ। ਟਿੱਡੇ ਮਾਰਨ ਲਈ ਹਮਲੇ ਵਾਲੀਆਂ ਥਾਵਾਂ ਦੇ 3-4 ਮੀਟਰ ਦੇ ਘੇਰੇ 'ਚ ਵੀ ਦਵਾਈ ਦੀ ਵਰਤੋਂ ਕਰੋ।

### ਹਿਸਪਾ ਭੂੰਡੀ

ਇਸ ਕੀੜੇ ਦੇ ਬੱਚੇ ਪੱਤਿਆਂ ਵਿਚ ਸੁਰੰਗ ਬਣਾ ਕੇ ਹਰਾ ਮਾਦਾ ਖਾਂਦੇ ਹਨ ਪਰ ਵੱਡੇ ਕੀੜੇ (ਭੂੰਡੀਆਂ) ਬਾਹਰੋਂ ਨੁਕਸਾਨ ਕਰਦੇ ਹਨ।।ਇਸ ਨਾਲ ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂਹਨ ਤੇ ਖੇਤ ਦੂਰੋਂ ਚਿੱਟਾ ਨਜ਼ਰ ਆਉਂਦਾ ਹੈ।



**ਰੋਕਥਾਮ**

ਜੇ ਇਹ ਕੀੜਾ ਪਨੀਰੀ ਨੂੰ ਨੁਕਸਾਨ ਕਰੇ ਤਾਂ ਖੇਤ ਵਿੱਚੋਂ ਪਨੀਰੀ ਪੁੱਟ ਕੇ ਲਗਾਉਣ ਤੋਂ ਪਹਿਲਾਂ ਹਮਲੇ ਵਾਲੇ ਬੂਟਿਆਂ ਦੇ ਪੱਤੇ ਕੱਟ ਕੇ ਨਸ਼ਟ ਕਰ ਦਿਓ। ਜੇ ਇਨ੍ਹਾਂ ਦਾ ਹਮਲਾ ਫ਼ਸਲ 'ਤੇ ਹੋਵੇ ਤਾਂ 120 ਮਿਲੀਲਿਟਰ ਮਿਥਾਈਲ ਪੈਰਾਥੀਆਨ 50 ਈਸੀ ਜਾਂ 560 ਮਿਲੀਲਿਟਰ ਮੋਨੋਸਿਲ 36 ਐੱਸਐੱਲ (ਮੋਨੋਕਰੋਟੋਫਾਸ) ਜਾਂ ਇਕ ਲਿਟਰ ਡਰਸਬਾਨ 20 ਤਾਕਤ (ਕਲੋਰਪਾਈਰੀਫਾਸ) ਜਾਂ 800 ਮਿਲੀਲਿਟਰ ਏਕਾਲਕਸ 25 ਈਸੀ (ਕੁਇਨਲਫਾਸ) ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ। ਲੋੜ ਪੈਣ 'ਤੇ ਦੁਬਾਰਾ ਛਿੜਕਾਅ ਕਰੋ।

### ਸਿੱਟੇ ਕੁਤਰਨ ਵਾਲੀ ਸੁੰਡੀ

ਇਸ ਕੀੜੇ ਦੀਆਂ ਸੁੰਡੀਆਂ ਝੁੰਡਾਂ ਵਿਚ ਹੁੰਦੀਆਂ ਹਨ, ਜਿਸ ਕਰਕੇ ਇਨ੍ਹਾਂ ਨੂੰ ਸੈਨਿਕ ਸੁੰਡੀਆਂ ਵੀ ਆਖਦੇ ਹਨ। ਛੋਟੀਆਂ ਸੁੰਡੀਆਂ ਪੌਦੇ ਦੇ ਪੱਤੇ ਖਾਂਦੀਆਂ ਹਨ ਤੇ ਪਿੱਛੇ ਵਿਚਕਾਰਲੀਆਂ ਨਾੜਾਂ ਤੇ ਤਣੇ ਰਹਿ ਜਾਂਦੇ ਹਨ। ਵੱਡੀਆਂ ਸੁੰਡੀਆਂ ਮੁੰਜਰਾਂ ਦੀਆਂ ਡੰਡੀਆਂ ਕੱਟ ਦਿੰਦੀਆਂ ਹਨ ਜਿਸ ਕਰਕੇ ਇਨ੍ਹਾਂ ਨੂੰ ਸਿੱਟੇ ਕੁਤਰਣ ਵਾਲੀਆਂ ਸੁੰਡੀਆਂ ਕਿਹਾ ਜਾਂਦਾ ਹੈ। ਇਹ ਸੁੰਡੀ ਝੋਨੇ ਦੀ ਫ਼ਸਲ ਦਾ ਬਹੁਤ ਨੁਕਸਾਨ ਕਰਦੀ ਹੈ। ਵਧੇਰੇ ਨੁਕਸਾਨ ਸਤੰਬਰ ਤੋਂ ਨਵੰਬਰ ਤਕ ਹੁੰਦਾ ਹੈ।

**ਰੋਕਥਾਮ :** ਇਹ ਸੁੰਡੀਆਂ ਮਿੱਟੀ ਦੀਆਂ ਤਰੇੜਾਂ ਆਦਿ ਵਿਚ ਦਿਨ ਵੇਲੇ ਲੁਕੀਆਂ ਰਹਿੰਦੀਆਂ ਹਨ ਤੇ ਬਾਅਦ ਵਿਚ ਕੋਏ ਵੀ ਮਿੱਟੀ ਵਿਚ ਬਣਾਉਂਦੀਆਂ ਹਨ। ਜਿਨ੍ਹਾਂ ਖੇਤਾਂ ਵਿਚ ਇਸ ਦਾ ਹਮਲਾ ਹੋਵੇ, ਉੱਥੇ ਕਟਾਈ ਤੋਂ ਬਾਅਦ ਖੇਤ ਨੂੰ ਡੂੰਘਾ ਵਾਹ ਕੇ ਖੁੱਲ੍ਹਾ ਛੱਡ ਦਿਓ ਤਾਂ ਜੋ ਧੁੱਪ ਨਾਲ ਸੁੰਡੀਆਂ ਮਰ ਜਾਣ ਜਾਂ ਮਿੱਤਰ ਕੀੜੇ ਤੇ ਪੰਛੀ ਇਨ੍ਹਾਂ ਨੂੰ ਖਾ ਸਕਣ। ਇਸ ਕੀੜੇ ਦੀ ਰੋਕਥਾਮ, 400 ਮਿਲੀਲਿਟਰ ਏਕਾਲਕਸ/ਕੁਇਨਗਾਰਡ 25 ਈਸੀ (ਕੁਇਨਲਫਾਸ) ਨੂੰ 100 ਲਿਟਰ ਪਾਣੀ 'ਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰ ਕੇ ਕੀਤੀ ਜਾ ਸਕਦੀ ਹੈ। ਇਹ ਸੁੰਡੀਆਂ ਰਾਤ ਸਮੇਂ ਜ਼ਿਆਦਾ ਚੁਸਤ ਤੇ ਦਿਨ ਵੇਲੇ ਬੂਟਿਆਂ ਵਿਚ ਤੇ ਜ਼ਮੀਨ ਦੀਆਂ ਤਰੇੜਾਂ 'ਚ ਲੁਕੀਆਂ ਹੁੰਦੀਆਂ ਹਨ, ਇਸ ਲਈ ਛਿੜਕਾਅ ਸ਼ਾਮ ਵੇਲੇ ਹੀ ਕਰੋ। •

# ਨਰਮੇ ਤੇ ਕਪਾਹ ਦੀਆਂ

## ਬਿਮਾਰੀਆਂ ਦੀ ਰੋਕਥਾਮ

• ਅਮਰਜੀਤ ਸਿੰਘ

*ਨਰਮੇ ਅਤੇ ਕਪਾਹ ਦੀ ਫ਼ਸਲ ਉੱਪਰ ਮੁੱਖ ਤੌਰ 'ਤੇ ਵਿਸ਼ਾਣੂ ਅਤੇ ਉੱਲੀ ਰੋਗਾਂ ਦਾ ਹਮਲਾ ਹੁੰਦਾ ਹੈ। ਇਨ੍ਹਾਂ ਰੋਗਾਂ ਦੇ ਵੱਡੇ ਹਮਲੇ ਕਾਰਨ ਫ਼ਸਲ ਦਾ ਭਾਰੀ ਨੁਕਸਾਨ ਹੁੰਦਾ ਹੈ। ਕਈ ਵਾਰ ਤਾਂ ਫ਼ਸਲ ਪੂਰੀ ਮਰ ਜਾਂਦੀ ਹੈ। ਜੇ ਇਨ੍ਹਾਂ ਰੋਗਾਂ ਦੀ ਸਮਾਂ ਰਹਿੰਦਿਆਂ ਸਹੀ ਪਛਾਣ ਕਰ ਕੇ ਰੋਕਥਾਮ ਨਾ ਕੀਤੀ ਜਾਵੇ ਤਾਂ ਕਿਸਾਨ ਨੂੰ ਲਾਗਤ ਮੁੱਲ ਪੂਰਾ ਕਰਨਾ ਵੀ ਔਖਾ ਹੋ ਜਾਂਦਾ ਹੈ। ਇਹ ਤਦ ਹੀ ਸੰਭਵ ਹੈ ਜੇ ਸਾਨੂੰ ਇਨ੍ਹਾਂ ਰੋਗਾਂ, ਉਨ੍ਹਾਂ ਦੀਆਂ ਨਿਸ਼ਾਨੀਆਂ ਤੇ ਰੋਕਥਾਮ ਦੇ ਸਰਵਪੱਖੀ ਢੰਗਾਂ ਬਾਰੇ ਜਾਣਕਾਰੀ ਹੋਵੇ...*

ਨਰਮੇ-ਕਪਾਹ ਦੀ ਫ਼ਸਲ ਉੱਪਰ ਬਹੁਤ ਸਾਰੀਆਂ ਬਿਮਾਰੀਆਂ ਹਮਲਾ ਕਰਦੀਆਂ ਹਨ। ਇਨ੍ਹਾਂ ਦੇ ਹਮਲੇ ਨਾਲ ਬੂਟੇ ਦੇ ਸੁੱਕਣ, ਪੱਤਿਆਂ ਦੇ ਧੱਬੇ ਅਤੇ ਪੱਤਿਆਂ ਦਾ ਕੱਪਾਂ ਵਰਗੀ ਸ਼ਕਲ ਅਖ਼ਤਿਆਰ ਕਰ ਜਾਣ ਵਰਗੀਆਂ ਵੱਖ-ਵੱਖ ਨਿਸ਼ਾਨੀਆਂ ਫ਼ਸਲ 'ਤੇ ਵਿਖਾਈ ਦਿੰਦੀਆਂ ਹਨ। ਪੱਤਾ ਮਰੋੜ ਰੋਗ ਨਾਲ ਨਰਮੇ ਦੀ ਫ਼ਸਲ ਦਾ 90 ਫ਼ੀਸਦੀ ਤਕ ਨੁਕਸਾਨ ਹੋ ਸਕਦਾ ਹੈ। ਦੇਸੀ ਕਪਾਹ 'ਤੇ ਸੋਕੜਾ ਰੋਗ ਦੇ ਹਮਲੇ ਕਾਰਨ ਝਾੜ ਕਾਫ਼ੀ ਘਟ ਜਾਂਦਾ ਹੈ। ਇਨ੍ਹਾਂ ਬਿਮਾਰੀਆਂ ਨਾਲ ਰੂੰ ਦੀ ਗੁਣਵੱਤਾ 'ਤੇ ਵੀ ਮਾੜਾ ਅਸਰ ਪੈਂਦਾ ਹੈ। ਇਨ੍ਹਾਂ ਬਿਮਾਰੀਆਂ ਦੀ ਸਰਵਪੱਖੀ ਰੋਕਥਾਮ ਲਈ ਕਿਸਾਨਾਂ ਨੂੰ ਬਿਮਾਰੀਆਂ ਦੀਆਂ ਨਿਸ਼ਾਨੀਆਂ ਤੇ ਇਨ੍ਹਾਂ ਦੀ ਰੋਕਥਾਮ ਦੇ ਤਰੀਕਿਆਂ ਬਾਰੇ ਜਾਣਕਾਰੀ ਹੋਣੀ ਲਾਜ਼ਮੀ ਹੈ।

### ਲੀਫ ਕਰਲ ਜਾਂ ਪੱਤਾ ਮਰੋੜ ਰੋਗ

ਇਹ ਇਕ ਵਿਸ਼ਾਣੂ ਰੋਗ ਹੈ, ਜੋ ਚਿੱਟੀ ਮੱਖੀ ਰਾਹੀਂ ਫ਼ੈਲਦਾ ਹੈ। ਦੇਸੀ ਕਪਾਹ ਨੂੰ ਇਹ ਰੋਗ ਬਿਲਕੁਲ ਨਹੀਂ ਲੱਗਦਾ ਜਦਕਿ ਨਰਮੇ 'ਤੇ ਇਹ 90 ਫ਼ੀਸਦੀ ਤੋਂ ਵੱਧ ਬੂਟਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਹ ਰੋਗ ਪਹਿਲੀ ਵਾਰ 1994 ਵਿਚ ਪਾਕਿਸਤਾਨੀ ਸਰਹੱਦ ਨਾਲ ਲਗਦੇ ਅਬੋਹਰ ਖੇਤਰ ਵਿਚ ਵੇਖਣ ਨੂੰ ਮਿਲਿਆ ਸੀ ਪਰ ਹੁਣ ਸਾਰੇ ਉੱਤਰੀ ਭਾਰਤ 'ਚ ਫੈਲ ਚੁੱਕਾ ਹੈ। ਪਿਛਲੇ ਸਾਲ ਇਸ ਰੋਗ ਦਾ ਵਧੇਰੇ ਹਮਲਾ ਮਨਜੀਤ, ਸਲੈਕਸ਼ਨ-1 ਤੇ ਸਲੈਕਸ਼ਨ-2 ਆਦਿ ਗੈਰ ਸਫਾਰਸ਼ੀ ਕਿਸਮਾਂ ਉੱਤੇ ਵੇਖਣ ਨੂੰ ਮਿਲਿਆ। ਰੋਗੀ ਬੂਟਿਆਂ ਦੇ ਉੱਪਰਲੇ ਪੱਤਿਆਂ ਦੀਆਂ ਨਾੜੀਆਂ ਮੋਟੀਆਂ ਹੋ ਜਾਂਦੀਆਂ ਹਨ। ਪੱਤੇ ਗੂੜ੍ਹੇ ਹਰੇ ਹੋ ਜਾਂਦੇ ਹਨ ਤੇ ਉੱਪਰ ਵੱਲ ਨੂੰ ਮੁੜ ਕੇ ਕੱਪ ਵਰਗਾ ਰੂਪ ਲੈ ਲੈਂਦੇ ਹਨ ਤੇ ਝੁਰੜ-ਮੁਰੜੇ ਹੋ ਜਾਂਦੇ ਹਨ। ਕਈ ਵਾਰ ਪੱਤਿਆ ਦੇ ਹੇਠਲੇ ਪਾਸੇ ਛੋਟੀਆਂ-ਛੋਟੀਆਂ ਹਰੀਆਂ ਪੱਤੀਆਂ ਵੀ ਨਿਕਲ ਆਉਂਦੀਆਂ ਹਨ। ਜੇ ਇਸ ਰੋਗ ਦਾ ਹਮਲਾ ਅਗੇਤਾ ਹੋ ਜਾਵੇ ਤਾਂ ਪ੍ਰਭਾਵਿਤ ਬੂਟਿਆਂ ਦੇ ਪੱਤਿਆਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ ਤੇ ਬੂਟੇ ਮਧਰੇ ਰਹਿ ਜਾਂਦੇ ਹਨ। ਰੋਗੀ ਬੂਟਿਆਂ ਨੂੰ ਫੁੱਲ ਤੇ ਟੀਂਡੇ ਘੱਟ ਲਗਦੇ ਹਨ। ਅਗੇਤੀ ਫ਼ਸਲ ਤੇ ਇਸ ਰੋਗ ਦਾ ਹਮਲਾ ਘੱਟ ਹੁੰਦਾ ਹੈ। ਇਸ ਰੋਕ 'ਤੇ ਕਾਬੂ ਪਾਉਣ ਲਈ ਸਫਾਰਸ਼ ਕੀਤੀਆਂ ਬੀਟੀ ਨਰਮੇ ਦੀਆਂ ਦੋਗਲੀਆਂ ਕਿਸਮਾਂ ਦੀ ਹੀ ਕਾਸ਼ਤ ਕਰਨੀ ਚਾਹੀਦੀ ਹੈ। ਖੇਤ ਵਿੱਚੋਂ ਕੰਘੀ ਬੂਟੀ, ਪੀਲੀ ਬੂਟੀ ਤੇ ਗੁੱਤ ਪੁੱਟਣੇ ਨਦੀਨਾਂ ਅਤੇ ਨਰਮੇ ਦੇ ਆਪ ਮੁਹਾਰੇ ਉੱਗੇ ਬੂਟਿਆਂ ਅਤੇ ਮੁੱਢੀਆਂ ਨੂੰ ਨਸ਼ਟ ਕਰ ਦਿਓ ਜਾਂ ਮਿੱਟੀ ਵਿਚ ਡੂੰਘਾ ਦਬਾ ਦਿਓ, ਕਿਉਂਕਿ ਇਹ ਵਿਸ਼ਾਣੂ ਰੋਗ ਇਨ੍ਹਾਂ ਬੂਟਿਆਂ 'ਤੇ ਪਲਦਾ ਹੈ।

### ਝੁਲਸ ਰੋਗ

ਇਹ ਇੱਕ ਜੀਵਾਣੂ ਰੋਗ ਹੈ, ਜੋ ਬੂਟੇ ਦੇ ਜ਼ਮੀਨ ਤੋਂ ਉਪਰਲੇ ਭਾਗਾਂ 'ਤੇ ਹਮਲਾ ਕਰਦਾ ਹੈ। ਇਸ ਦੇ ਹਮਲੇ ਨਾਲ ਪੱਤਿਆਂ ਤੇ ਛੋਟੇ-ਛੋਟੇ ਪਾਣੀ ਭਿੱਜੇ ਨੋਕਦਾਰ ਧੱਬੇ ਪੈ ਜਾਂਦੇ ਹਨ, ਜੋ ਬਾਅਦ ਵਿਚ ਭੂਰੇ ਰੰਗ ਦੇ ਹੋ ਜਾਂਦੇ ਹਨ। ਇਸ ਰੋਗ ਨਾਲ ਪੱਤਿਆਂ ਦੀਆਂ ਨਾੜੀਆਂ ਕਾਲੀਆਂ ਹੋ ਜਾਂਦੀਆਂ ਹਨ। ਗੰਭੀਰ ਹਾਲਤ ਵਿਚ ਪੱਤੇ ਸੁੱਕ ਜਾਂਦੇ ਹਨ। ਜਿਆਦਾ ਹਮਲੇ ਸਮੇਂ ਇਹ ਧੱਬੇ ਟਹਿਣੀਆਂ 'ਤੇ ਵੀ ਪੈ ਜਾਂਦੇ ਹਨ ਤੇ ਟਹਿਣੀਆਂ ਸੁੱਕ ਜਾਂਦੀਆਂ ਹਨ। ਇਸ ਰੋਗ ਨਾਲ ਟੀਂਡਿਆਂ ਉੱਤੇ ਵੀ ਭੂਰੇ ਰੰਗ ਦੇ ਵਿਚਕਾਰੋਂ ਅੰਦਰ ਨੂੰ ਧਸੇ ਹੋਏ ਧੱਬੇ ਪੈ ਜਾਂਦੇ ਹਨ। ਮੀਂਹ ਪੈਣ ਤੋਂ ਬਾਅਦ ਇਨ੍ਹਾਂ ਜ਼ਰੀਏ ਬੈਕਟੀਰੀਆ ਦੇ ਕਣ ਟੀਂਡਿਆਂ ਵਿਚ ਚਲੇ ਜਾਂਦੇ ਹਨ ਜਿਸ ਨਾਲ ਕੱਚੀ ਰੂੰ ਤੇ ਟੀਂਡਿਆਂ ਅੰਦਰ ਬਣ ਰਹੇ ਬੀਜ ਗਲ ਜਾਂਦੇ ਹਨ। ਇਸ ਰੋਗ ਦੇ ਜੀਵਾਣੂ ਬੀਜ ਤੇ ਫ਼ਸਲੀ ਰਹਿੰਦ-ਖੂੰਹਦ ਵਿਚ ਵੀ ਰਹਿੰਦੇ ਹਨ ਤੇ ਅਗਲੇ ਸਾਲ ਬਿਮਾਰੀ ਲੱਗਣ ਦਾ ਕਾਰਨ ਬਣਦੇ ਹਨ। ਬਿਮਾਰੀਆਂ ਵਾਲੀਆਂ ਛਿਟੀਆਂ ਨੂੰ ਖੇਤ ਵਿੱਚੋਂ ਕੱਢ ਕੇ ਬਾਲਣ ਦੇ ਤੌਰ 'ਤੇ ਵਰਤ ਲਵੋ। ਦੇਸੀ ਕਪਾਹ ਤੇ ਨਰਮੇ ਦੀਆਂ ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਬੀਜੋ ਕਿਉਂਕਿ ਇਨ੍ਹਾਂ 'ਤੇ ਝੁਲਸ ਰੋਗ ਦਾ ਹਮਲਾ ਘੱਟ ਹੁੰਦਾ ਹੈ। ਮੌਨਸੂਨ ਦੇ ਪਹਿਲੇ ਮੀਂਹ ਉਪਰੰਤ ਫ਼ਸਲ 'ਤੇ 500 ਗ੍ਰਾਮ ਬਲਾਈਟੌਕਸ ਤੇ 3 ਗ੍ਰਾਮ ਸਟਰੈਪਟੋ-ਸਾਇਕਲਿਨ ਜਾਂ 20 ਗ੍ਰਾਮ ਐਗਰੋਮਾਈਸਨ ਨੂੰ 200 ਲਿਟਰ ਪਾਣੀ ਵਿਚ ਮਿਲਾ ਕੇ 15-20 ਦਿਨਾਂ ਦੇ ਫ਼ਰਕ 'ਤੇ 2-3 ਛਿੜਕਾਅ ਕਰੋ।

*ਜੜ੍ਹਾਂ ਦਾ ਗਲਣਾ*

*ਉੱਲੀ ਕਾਰਨ ਬੂਟਿਆਂ ਦੀਆਂ ਜੜ੍ਹਾਂ ਗਲ ਜਾਂਦੀਆਂ ਹਨ। ਛਿੱਲੜ ਅੰਦਰੋਂ ਕਾਲੇ ਹੋ ਕੇ ਰੇਸ਼ੇਦਾਰ ਬਣ ਜਾਂਦੇ ਹਨ। ਰੋਗੀ ਬੂਟੇ ਦੀਆਂ ਛੋਟੀਆਂ ਜੜ੍ਹਾਂ ਗਲੀਆਂ ਹੋਈਆਂ ਨਜ਼ਰ ਆਉਂਦੀਆਂ ਹਨ। ਇਹ ਰੋਗ ਗੋਲ ਦਾਇਰਿਆਂ/ਧੋੜੀਆਂ ਦੇ ਰੂਪ 'ਚ ਫ਼ੈਲਦਾ ਹੈ। ਇਸ ਦਾ ਹਮਲਾ ਦੇਸੀ ਕਪਾਹ ਤੇ ਨਰਮਾ ਦੋਵਾਂ 'ਤੇ ਨਜ਼ਰ ਆਉਂਦਾ ਹੈ। ਇਸ ਰੋਗ ਤੋਂ ਪ੍ਰਭਾਵਿਤ ਖੇਤਾਂ ਵਿਚ 3-4 ਸਾਲ ਲਈ ਫ਼ਸਲੀ ਚੱਕਰ ਬਦਲ ਦਿਓ।*





*ਦੇਸੀ ਕਪਾਹ ਦਾ ਸੋਕੜਾ ਰੋਗ*

*ਇਸ ਰੋਗ ਦੇ ਹਮਲੇ ਨਾਲ ਪੱਤੇ ਪੀਲੇ ਪੈ ਜਾਂਦੇ ਹਨ ਜੋ ਬਾਅਦ ਵਿਚ ਭੂਰੇ ਹੋ ਕੇ ਡਿੱਗ ਪੈਂਦੇ ਹਨ। ਇਹ ਰੋਗ ਪੱਤਿਆਂ ਦੇ ਕੰਢਿਆਂ ਤੋਂ ਸ਼ੁਰੂ ਹੋ ਕੇ ਵਿਚਕਾਰਲੀ ਨਾੜ ਵੱਲ ਵਧਦਾ ਹੈ। ਪਹਿਲਾਂ ਇਸ ਰੋਗ ਦਾ ਅਸਰ ਪੁਰਾਣੇ ਪੱਤਿਆਂ 'ਤੇ ਪੈਂਦਾ ਹੈ ਤੇ ਬਾਅਦ ਵਿਚ ਨਵੇਂ ਪੱਤੇ ਵੀ ਇਸ ਦੀ ਮਾਰ ਹੇਠ ਆ ਜਾਂਦੇ ਹਨ। ਰੋਗ ਨਾਲ ਪ੍ਰਭਾਵਿਤ ਬੂਟੇ ਕੁਮਲਾਅ ਜਾਂਦੇ ਹਨ ਤੇ ਕਈ ਵਾਰ ਬੂਟੇ ਦਾ ਇਕ ਪਾਸਾ ਮਾਰਿਆ ਜਾਂਦਾ ਹੈ ਤੇ ਦੂਸਰਾ ਪਾਸਾ ਤੰਦਰੁਸਤ ਰਹਿੰਦਾ ਹੈ। ਇਸ ਰੋਗ ਦੀ ਉੱਲੀ ਬੂਟਿਆਂ ਦੀਆਂ ਜੜ੍ਹਾਂ ਰਾਹੀਂ ਹਮਲਾ ਕਰਦੀ ਹੈ, ਜਿਸ ਕਰਕੇ ਬੂਟੇ ਦੀਆਂ ਖ਼ੁਰਾਕ ਤੇ ਪਾਣੀ ਪ੍ਰਾਪਤ ਕਰਨ ਵਾਲੀਆਂ ਨਾੜਾਂ ਪ੍ਰਭਾਵਿਤ ਹੋ ਜਾਂਦੀਆਂ ਹਨ। ਪਾਣੀ ਦੀ ਘਾਟ ਕਾਰਨ ਬੂਟੇ ਮੁਰਝਾ ਕੇ ਸੁੱਕ ਜਾਂਦੇ ਹਨ। ਦੇਸੀ ਕਪਾਹ ਦੇ ਬੀਜ ਦੀ ਸੁਧਾਈ 2 ਗ੍ਰਾਮ ਡੈਰੋਸਿਲ ਜਾਂ ਬਾਵਿਸਟਨ ਪ੍ਰਤੀ ਕਿੱਲੋ ਨਾਲ ਕਰਕੇ ਇਸ ਰੋਗ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਦੇਸੀ ਕਪਾਹ ਦੀਆਂ ਕਿਸਮਾਂ ਐੱਲਡੀ-949 ਤੇ ਐੱਲਡੀ-327 ਇਸ ਰੋਗ ਦਾ ਟਾਕਰਾ ਕਰ ਸਕਦੀਆਂ ਹਨ। ਰੋਗੀ ਖੇਤਾਂ ਵਿਚ 5-6 ਸਾਲਾਂ ਲਈ ਕਪਾਹ ਦੀ ਫ਼ਸਲ ਨਾ ਬੀਜੋ। ਇਨ੍ਹਾਂ ਖੇਤਾਂ ਵਿਚ ਨਰਮੇ ਦੀ ਕਾਸ਼ਤ ਕਰੋ ਕਿਉਂਕਿ ਇਹ ਰੋਗ ਨਰਮੇ 'ਤੇ ਨਹੀਂ ਲੱਗਦਾ। ਇਸ ਤੋਂ ਇਲਾਵਾ ਰੋਗ ਨਾਲ ਪ੍ਰਭਾਵਿਤ ਬੂਟਿਆਂ ਦੀਆਂ ਛਿਟੀਆਂ ਨੂੰ ਪੁੱਟ ਕੇ ਬਾਲਣ ਦੇ ਤੌਰ 'ਤੇ ਵਰਤ ਲਵੋ।*



### ਪੱਤਿਆਂ 'ਤੇ ਉੱਲੀਆਂ ਦੇ ਧੱਬੇ

ਨਰਮੇ-ਕਪਾਹ ਦੀ ਫ਼ਸਲ ਉੱਤੇ ਅਲਟਰਨੇਰੀਆ ਤੇ ਮੈਰੋਥੀਸ਼ੀਅਮ ਆਦਿ ਉੱਲੀਆਂ ਹਮਲਾ ਕਰਦੀਆਂ ਹਨ। ਇਸ ਨਾਲ ਪੱਤਿਆਂ ਉੱਪਰ ਵੱਖ-ਵੱਖ ਤਰ੍ਹਾਂ ਦੇ ਧੱਬੇ ਪੈ ਜਾਂਦੇ ਹਨ। ਜੇ ਇਨ੍ਹਾਂ ਦਾ ਹਮਲਾ ਅਗੇਤਾ ਹੋਵੇ ਤਾਂ ਝਾੜ ਬੇਹੱਦ ਘਟ ਜਾਂਦਾ ਹੈ। ਅਲਟਰਨੇਰੀਆ ਦੇ ਹਮਲੇ ਨਾਲ ਪੱਤਿਆਂ ਉੱਤੇ ਹਲਕੇ ਪੀਲੇ ਤੋਂ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਜੋ ਕਿ ਬਾਅਦ ਵਿਚ ਗੂੜ੍ਹੇ ਹੋ ਜਾਂਦੇ ਹਨ ਤੇ ਇਨ੍ਹਾਂ ਧੱਬਿਆਂ ਵਿਚ ਗੋਲ ਧਾਰੀਆਂ ਵੀ ਬਣ ਜਾਂਦੀਆਂ ਹਨ। ਬਿਮਾਰੀ ਦਾ ਹਮਲਾ ਜ਼ਿਆਦਾ ਹੋਣ ਕਰਕੇ ਪੱਤੇ ਸੁੱਕ ਕੇ ਝੜ ਜਾਂਦੇ ਹਨ। ਇਸ ਰੋਗ ਦਾ ਹਮਲਾ ਮਾੜੀਆਂ ਜ਼ਮੀਨਾਂ ਵਿਚ ਲਗਾਈ ਗਈ ਫ਼ਸਲ 'ਤੇ ਵਧੇਰੇ ਹੁੰਦਾ ਹੈ। ਇਸ ਰੋਗ ਦੀ ਉੱਲੀ ਦੇ ਕਣ ਫ਼ਸਲੀ ਰਹਿੰਦ-ਖੂੰਹਦ ਵਿਚ ਪਲਦੇ ਰਹਿੰਦੇ ਹਨ।

ਮਾਇਰੋਥੀਸ਼ੀਅਮ ਨਾਂ ਦੀ ਉੱਲੀ ਦੇ ਹਮਲੇ ਕਾਰਨ ਪੱਤਿਆਂ ਤੇ ਟੀਂਡਿਆਂ ਉੱਤੇ ਗੋਲ ਭੂਰੇ ਰੰਗ ਦੇ ਜਾਮਣੀ ਕਿਨਾਰਿਆਂ ਵਾਲੇ ਧੱਬੇ ਪੈ ਜਾਂਦੇ ਹਨ। ਇਨ੍ਹਾਂ ਧੱਬਿਆਂ ਉੱਤੇ ਬਾਅਦ ਵਿਚ ਕਾਲੇ ਰੰਗ ਦੇ ਟਿਮਕਣੇ ਜਿਹੇ ਪੈਦਾ ਹੋ ਜਾਂਦੇ ਹਨ। ਤੇਜ਼ ਹਵਾ ਕਾਰਨ ਇਹ ਧੱਬੇ ਵਿੱਚੋਂ ਡਿੱਗ ਪੈਂਦੇ ਹਨ, ਜਿਸ ਕਾਰਨ ਪੱਤਿਆਂ ਵਿਚ ਛੇਕ ਨਜ਼ਰ ਆਉਂਦੇ ਹਨ। ਮੀਂਹ ਅਤੇ ਜ਼ਿਆਦਾ ਨਮੀ ਵਾਲੀਆਂ ਹਾਲਤਾਂ ਇਸ ਬਿਮਾਰੀ 'ਚ ਵਾਧਾ ਕਰਦੀਆਂ ਹਨ। ਇਸ ਤੋਂ ਇਲਾਵਾ ਭਾਰੀ ਫ਼ਸਲ ਵਾਲੇ ਖੇਤਾਂ ਵਿਚ ਵੀ ਇਸ ਬਿਮਾਰੀ ਦਾ ਵਾਧਾ ਜ਼ਿਆਦਾ ਹੁੰਦਾ ਹੈ। ਇਹ ਉੱਲੀ ਬੀਜ ਤੇ ਫ਼ਸਲੀ ਰਹਿੰਦ-ਖੂੰਹਦ ਵਿਚ ਪਲਦੀ ਹੈ। ਇਸ ਦੀ ਰੋਕਥਾਮ ਲਈ 500 ਗ੍ਰਾਮ ਬਲਾਈਟੌਕਸ ਜਾਂ ਕੈਪਟਾਨ ਨੂੰ 200 ਲਿਟਰ ਪਾਣੀ 'ਚ ਮਿਲਾ ਕੇ 15-20 ਦਿਨਾਂ ਦੇ ਫ਼ਰਕ 'ਤੇ ਛਿੜਕਾਅ ਕਰੋ। ਪਹਿਲਾ ਛਿੜਕਾਅ ਮੀਂਹ ਪੈਣ ਤੋਂ ਬਾਅਦ ਕਰੋ। ਦੋ ਤੋਂ ਤਿੰਨ ਛਿੜਕਾਅ ਕਾਫ਼ੀ ਹਨ। ਫ਼ਸਲ ਲੈਣ ਤੋਂ ਬਾਅਦ ਰਹਿੰਦ-ਖੂੰਹਦ ਨੂੰ ਖੇਤ ਵਿੱਚੋਂ ਕੱਢ ਕੇ ਬਾਲਣ ਦੇ ਤੌਰ 'ਤੇ ਵਰਤ ਲਵੋ।

*ਮੋਬਾਈਲ 94637-47280*

# ਨਵੀਆਂ ਜਮਾਤਾਂ 'ਚ ਨਵੀਆਂ ਮੰਜ਼ਿਲਾਂ ਕਰੋ ਤੈਅ

**ਪ੍ਰੋ. ਕੁਲਜੀਤ ਕੌਰ**



ਤਬਦੀਲੀ ਜ਼ਿੰਦਗੀ ਦਾ ਅਹਿਮ ਪੜਾਅ ਹੈ। ਜ਼ਿੰਦਗੀ ਦੇ ਅਨੇਕ ਪੜਾਵਾਂ ਵਿਚੋਂ ਸਕੂਲੀ ਵਿੱਦਿਆ ਗ੍ਰਹਿਣ ਕਰਨ ਦਾ ਪੜਾਅ ਬੜਾ ਯਾਦਗਾਰੀ ਅਤੇ ਪ੍ਰੇਰਨਾਦਾਇਕ ਹੁੰਦਾ ਹੈ। ਹੁਣ ਸਾਲਾਨਾ ਪ੍ਰੀਖਿਆਵਾਂ ਖ਼ਤਮ ਹੋ ਚੁੱਕੀਆਂ ਹਨ, ਜਮਾਤਾਂ ਦੇ ਨਤੀਜੇ ਆ ਚੁੱਕੇ ਹਨ। ਬਹੁਤ ਸਾਰੀਆਂ ਜਮਾਤਾਂ ਦੇ ਵਿਦਿਆਰਥੀ ਅਗਲੀ ਜਮਾਤ ਵਿਚ ਪ੍ਰਵੇਸ਼ ਕਰ ਚੁੱਕੇ ਹਨ। ਉਨ੍ਹਾਂ ਅੰਦਰ ਇਕ ਚਾਅ, ਇਕ ਉਮੰਗ ਹੈ। ਨਵੀਆਂ-ਨਕੋਰ ਪੁਸਤਕਾਂ ਨੂੰ ਦੇਖ-ਦੇਖ ਖ਼ੁਸ਼ ਹੁੰਦੇ ਹਨ। ਉਨ੍ਹਾਂ ਦੇ ਇਨ੍ਹਾਂ ਖ਼ੁਸ਼ੀ ਭਰੇ ਪਲਾਂ ਲਈ ਉਨ੍ਹਾਂ ਨੂੰ ਮੁਬਾਰਕ। ਕੁਝ ਸਿੱਖਿਆਵਾਂ, ਕੁਝ ਵਿਚਾਰ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰ ਚੁੱਕੇ ਵਿਦਿਆਰਥੀਆਂ ਨਾਲ ਸਾਂਝੇ ਕਰਨੇ ਚਾਹਵਾਂਗੇ।

☛ ਨਵੀਂ ਜਮਾਤ ਵਿਚ ਪ੍ਰਵੇਸ਼ ਹੋਏ ਵਿਦਿਆਰਥੀਆਂ ਨੂੰ ਪਿਛਲੇ ਵਰ੍ਹੇ ਦੀਆਂ ਆਪਣੀਆਂ ਕਮੀਆਂ ਨੂੰ ਪੂਰਾ ਕਰਨ ਉੱਪਰ ਜ਼ੋਰ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਪਤਾ ਚੱਲ ਗਿਆ ਹੋਵੇਗਾ ਕਿ ਕਮੀ ਕਿਥੇ ਰਹੀ ਹੈ? ਆਪਣੇ ਤੋਂ ਅੱਗੇ ਨਿਕਲ ਚੁੱਕੇ ਵਿਦਿਆਰਥੀਆਂ ਦੀ ਸਫ਼ਲਤਾ ਦਾ ਰਾਜ਼ ਉਹ ਸਮਝ ਚੁੱਕੇ ਹੋਣਗੇ। ਇਹ ਹੋ ਸਕਦਾ ਹੈ ਕਿ ਜਿੰਨੇ ਚੰਗੇ ਨਤੀਜਿਆਂ ਦੀ ਉਨ੍ਹਾਂ ਆਸ ਕੀਤੀ ਹੋਵੇ, ਸ਼ਾਇਦ ਉਸ ਤੋਂ ਕੁਝ ਘੱਟ ਹਾਸਲ ਹੋਇਆ ਹੋਵੇ। ਇਸ ਲਈ ਉਨ੍ਹਾਂ ਵਿਦਿਆਰਥੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ, ਸਗੋਂ ਭਵਿੱਖ ਲਈ ਆਸਵੰਦ ਰਹਿਣ।

☛ ਸਮੇਂ ਦੀ ਕਦਰ, ਸਮੇਂ ਦੀ ਕੀਮਤ ਨੂੰ ਪਛਾਣਦੇ ਹੋਏ ਇਨ੍ਹਾਂ ਵਿਦਿਆਰਥੀਆਂ ਨੂੰ ਜਮਾਤਾਂ ਸ਼ੁਰੂ ਹੋਣ ਦੇ ਪਹਿਲੇ ਦਿਨ ਤੋਂ ਹੀ ਆਪਣਾ ਹੋਮ ਵਰਕ (ਘਰ ਲਈ ਮਿਲਿਆ ਕੰਮ) ਸਮੇਂ ਸਿਰ ਨਿਪਟਾਉਣਾ ਚਾਹੀਦਾ ਹੈ। ਅਧਿਆਪਕ ਦੁਆਰਾ ਕਰਵਾਏ ਗਏ ਹਰ ਪਾਠ, ਹਰ ਸਿਲੇਬਸ ਨੂੰ ਸੌ ਫੀਸਦੀ ਧਿਆਨ ਦੇ ਕੇ ਸੁਣਨਾ ਜ਼ਰੂਰੀ ਹੈ।

☛ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਇਕ ਸਮਾਂ-ਸਾਰਨੀ (ਟਾਈਮ ਟੇਬਲ) ਬਣਾ ਕੇ ਆਪਣੀ ਪੜ੍ਹਾਈ ਵੱਲ ਧਿਆਨ ਦੇਣ। ਪੁਸਤਕਾਂ ਨਾਲ ਪਿਆਰ ਪਾ ਕੇ ਅਧਿਆਪਕ ਦੁਆਰਾ ਦਿੱਤੇ ਗਏ ਗਿਆਨ ਨੂੰ ਆਪਣੀ ਸਮਝ ਮੁਤਾਬਿਕ ਪ੍ਰਵਾਨ ਕਰਨ।

☛ ਕਿਹਾ ਜਾਂਦਾ ਹੈ ਕਿ ਅਭਿਆਸ ਕਿਸੇ ਵੀ ਕਲਾ ਜਾਂ ਗਿਆਨ ਨੂੰ ਹੋਰ ਪੱਕਾ ਕਰਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕਰਕੇ, ਜਿਹੜੇ ਵਿਸ਼ੇ ਵਧੇਰੇ ਪ੍ਰੈਕਟਿਸ ਦੀ ਮੰਗ ਕਰਦੇ ਹਨ, ਉਨ੍ਹਾਂ ਨੂੰ ਵਧੇਰੇ ਸਮਾਂ ਦੇਣ। ਟਿਊਸ਼ਨ ਕਲਚਰ ਅੱਜ ਵਿੱਦਿਅਕ ਖੇਤਰ ਵਿਚ ਸ਼ਾਇਦ ਇਕ ਫੈਸ਼ਨ ਅਤੇ ਲੋੜ ਬਣ ਚੁੱਕਾ ਹੈ। ਲੋੜ ਅਨੁਸਾਰ ਇਸ ਦਾ ਵੀ ਲਾਭ ਲਿਆ ਜਾ ਸਕਦਾ ਹੈ।

☛ ਅਨੁਸ਼ਾਸਨ ਨੂੰ ਜੀਵਨ ਦਾ ਅੰਗ ਬਣਾਉਂਦੇ ਹੋਏ ਜਮਾਤ ਦੇ ਉਨ੍ਹਾਂ ਸਾਰੇ ਨਿਯਮਾਂ ਦਾ ਪਾਲਣ ਕਰੋ, ਜੋ ਸਕੂਲ ਅਥਾਰਟੀ ਨੇ ਨਿਸਚਤ ਕੀਤੇ ਹਨ। ਆਪਣੇ ਸਹਿਪਾਠੀਆਂ ਨਾਲ ਸਹਿਯੋਗ ਕਰਦੇ ਹੋਏ ਸਕੂਲ ਵਿਚ ਕੋਈ ਵੀ ਅਜਿਹੀ ਗ਼ਲਤੀ ਨਾ ਕਰੋ, ਜਿਸ ਤੋਂ ਤੁਹਾਨੂੰ ਸਜ਼ਾ ਸੁਣਾਈ ਜਾਵੇ, ਮਾਪਿਆਂ ਨੂੰ ਉਲਾਹਮਾ ਸੁਣਨਾ ਪਵੇ। ਇਸ ਲਈ ਨਵੀਂ ਜਮਾਤ ਵਿਚ ਪ੍ਰਵੇਸ਼ ਕਰਕੇ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਕਿਹਾ ਮੰਨ ਕੇ ਆਪਣੀ ਸ਼ਖ਼ਸੀਅਤ ਵਿਚ ਇਕ ਆਦਰਸ਼ਕ ਵਿਦਿਆਰਥੀ ਵਾਲੇ ਗੁਣ ਪੈਦਾ ਕਰੋ।

☛ ਆਪਣਾ ਖੇਡਣ ਦਾ ਸਮਾਂ ਵੀ ਨਿਸਚਤ ਕਰੋ। ਆਪਣਾ ਸਕੂਲ ਦਾ ਕੰਮ ਖਤਮ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਸਰੀਰਕ ਵਰਜਿਸ਼ ਲਈ ਕੁਝ ਸਮਾਂ ਖੇਡਣਾ ਵੀ ਚਾਹੀਦਾ ਹੈ। ਕੰਪਿਊਟਰ ਗੇਮਾਂ, ਵੀਡੀਓ ਗੇਮਾਂ ਜਾਂ ਟੈਕਨਾਲੋਜੀ ਦੇ ਏਨੇ ਜ਼ਿਆਦਾ ਗੁਲਾਮ ਨਾ ਬਣੋ ਕਿ ਆਪਣੇ ਜ਼ਰੂਰੀ ਕੰਮ ਭੁੱਲ ਜਾਓ। ਹੌਲੀ-ਹੌਲੀ ਉਨ੍ਹਾਂ ਆਦਤਾਂ ਦਾ ਤਿਆਗ ਕਰੋ, ਜੋ ਤੁਹਾਡਾ ਸਮਾਂ ਅਤੇ ਸ਼ਕਤੀ ਵਿਅਰਥ ਕਰਦੇ ਹਨ।

☛ ਮਾਪਿਆਂ ਅਤੇ ਅਧਿਆਪਕਾਂ ਦੇ ਵੀ ਕੁਝ ਫਰਜ਼ ਬਣਦੇ ਹਨ ਕਿ ਉਹ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਨੂੰ ਯੋਗ ਅਗਵਾਈ ਦਿੰਦੇ ਹੋਏ ਪਿਛਲੇ ਵਰ੍ਹੇ ਦੀਆਂ ਕਮੀਆਂ ਅਤੇ ਅਸਫਲਤਾਵਾਂ ਨੂੰ ਦੂਰ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ।

☛ ਮਾਪੇ ਘਰੇਲੂ ਮਾਹੌਲ ਇਸ ਪ੍ਰਕਾਰ ਦਾ ਬਣਾਉਣ ਕਿ ਬੱਚਿਆਂ ਨੂੰ ਪੜ੍ਹਨ ਦੀ ਲਗਨ ਲਾਈ ਜਾ ਸਕੇ। ਉਨ੍ਹਾਂ ਦੀਆਂ ਵਿੱਦਿਅਕ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ। ਅਧਿਆਪਕ ਦੀ ਭੂਮਿਕਾ ਮਾਪਿਆਂ ਤੋਂ ਵਧੇਰੇ ਹੈ। ਇਸ ਲਈ ਸਕੂਲ ਵਿਚ ਅਧਿਆਪਕ ਵਿਦਿਆਰਥੀ ਨਾਲ ਆਪਸੀ ਸਮਝਦਾਰੀ ਅਤੇ ਸਹਿਯੋਗ ਦਾ ਮਾਰਗ ਚੁਣਦੇ ਹੋਏ ਉਨ੍ਹਾਂ ਦੀ ਮਾਨਸਿਕ ਅਵਸਥਾ ਨੂੰ ਸਮਝ ਕੇ ਅਗਵਾਈ ਕਰਨ। ਹਿਟਲਰਸ਼ਾਹੀ ਦਿਖਾ ਕੇ, ਡਰਾ ਧਮਕਾ ਕੇ ਗਿਆਨ ਨਹੀਂ ਵੰਡਿਆ ਜਾ ਸਕਦਾ।

☛ ਨਵੀਆਂ ਜਮਾਤਾਂ ਵਿਚ ਪ੍ਰਵੇਸ਼ ਕੀਤੇ ਵਿਦਿਆਰਥੀਆਂ ਦਾ ਚਾਅ ਅਤੇ ਉਤਸ਼ਾਹ ਵਧਾ ਕੇ ਉਨ੍ਹਾਂ ਦੀ ਲਿਖਾਈ ਤੇ ਹੋਰ ਅਭਿਆਸ ਵੱਲ ਧਿਆਨ ਦਿੱਤਾ ਜਾਵੇ। ਜਮਾਤ ਦਾ ਅਜਿਹਾ ਮਾਹੌਲ ਬਣਾਇਆ ਜਾਵੇ ਕਿ ਹਰ ਵਿਦਿਆਰਥੀ ਦਾ ਮਨ ਕਰੇ ਕਿ ਉਹ ਚਾਈਂ-ਚਾਈਂ ਸਕੂਲ ਜਾਵੇਗਾ। ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਨਾਲ ਹਰ ਵਿਦਿਆਰਥੀ ਗਿਆਨ ਦੀਆਂ ਪੌੜੀਆਂ ਚੜ੍ਹ ਸਕਦਾ ਹੈ। ਲੋੜ ਹੈ ਵਿਦਿਆਰਥੀਆਂ ਦੇ ਕੋਮਲ ਮਨਾਂ ਨੂੰ ਸਮਝ ਕੇ, ਉਨ੍ਹਾਂ ਦੀ ਸਮਰੱਥਾ ਪਛਾਣ ਕੇ ਸਹੀ ਮਾਰਗ ਦਰਸ਼ਨ ਕੀਤਾ ਜਾਵੇ।

# ਕਿਉਂ ਵਧ ਰਹੇ ਹਨ ਕੰਮਕਾਜੀ ਔਰਤਾਂ 'ਤੇ ਅਪਰਾਧ

**ਤੇਜਿੰਦਰ ਸਿੰਘ**



ਅੱਜ ਦਾ ਯੁੱਗ ਮਾਡਰਨ, ਕੰਪਿਊਟਰ, ਇੰਟਰਨੈੱਟ, ਮੋਬਾਈਲ ਤੇ ਹੋਰ ਕਈ ਉਸਾਰੂ ਸਾਧਨਾਂ ਦਾ ਯੁੱਗ ਮੰਨਿਆ ਜਾਂਦਾ ਹੈ। ਕੀ ਸਾਡੀ ਸੋਚ ਵੀ ਉਸਾਰੂ ਹੋਈ ਹੈ? ਨਹੀਂ, ਪਹਿਲਾਂ ਨਾਲੋਂ ਵੀ ਜ਼ਿਆਦਾ ਔਰਤਾਂ 'ਤੇ ਜ਼ੁਲਮਾਂ ਦੀ ਹਨੇਰੀ ਛਾਈ ਹੋਈ ਹੈ। ਭਾਵੇਂ ਕੰਮਕਾਜੀ ਔਰਤਾਂ ਵਿਚ ਆਤਮਵਿਸ਼ਵਾਸ ਹੁੰਦਾ ਹੈ। ਉਹ ਬੋਲਤ ਵੀ ਹੁੰਦੀ ਹੈ ਪਰ ਇਨ੍ਹਾਂ ਜ਼ੁਲਮਾਂ ਦੀ ਖਾਤਰ ਘਰ ਵਿਚ ਬੰਦ ਨਹੀਂ ਹੋ ਸਕਦੀ। ਔਰਤਾਂ ਨੂੰ ਆਪਣੀ ਰੱਖਿਆ ਆਪ ਹੀ ਕਰਨੀ ਪਵੇਗੀ। ਇਸ ਲਈ ਕੁਝ ਜ਼ਰੂਰੀ ਚੁੰਬਕੀ ਸੂਤਰ ਹਨ, ਜੋ ਅਪਣਾ ਕੇ ਔਰਤ ਆਪਣੀ ਰੱਖਿਆ ਆਪ ਹੀ ਕਰ ਸਕਦੀ ਹੈ।

ਸਭ ਤੋਂ ਪਹਿਲਾਂ ਔਰਤ ਨੂੰ ਸ਼ਲੀਨਤਾ ਵਿਚ ਰਹਿਣਾ ਪਵੇਗਾ ਤੇ ਕੱਪੜਿਆਂ ਦੀ ਚੋਣ ਸਮਾਜ ਨੂੰ ਮੁੱਖ ਰੱਖ ਕੇ ਕਰਨੀ ਚਾਹੀਦੀ ਹੈ। ਗਹਿਣੇ ਵੀ ਘੱਟ ਪਹਿਨੇ ਜਾਣ। ਉਨ੍ਹਾਂ ਨੂੰ ਘਰੋਂ ਨਿਕਲਣ ਦੇ ਸਮੇਂ ਕ੍ਰੈਡਿਟ ਕਾਰਡ, ਕੈਸ਼ ਘੱਟ ਤੋਂ ਘੱਟ ਰੱਖਣਾ ਚਾਹੀਦਾ ਹੈ। ਜੇ ਕੋਈ ਪਿੱਛਾ ਕਰਦਾ ਮਹਿਸੂਸ ਹੋਵੇ ਤਾਂ ਰਸਤਾ ਬਦਲ ਲਵੋ। ਰਾਤ ਦੇ ਸਮੇਂ ਆਉਣ-ਜਾਣ ਤੋਂ ਪ੍ਰਹੇਜ਼ ਕੀਤਾ ਜਾਵੇ। ਕੰਮ ਹਮੇਸ਼ਾ ਦਿਨ ਦੇ ਸਮੇਂ ਵਿਚ ਹੀ ਪੂਰਾ ਕੀਤਾ ਜਾਵੇ। ਕਿਸੇ ਵੀ ਮਰਦ ਸਹਿਕਰਮੀ ਉੱਪਰ ਅੰਨ੍ਹਾ ਵਿਸ਼ਵਾਸ ਵੀ ਨਾ ਕੀਤਾ ਜਾਵੇ। ਨਾ ਹੀ ਮਰਦ ਸਹਿਕਰਮੀ ਨਾਲ ਘੁਲ-ਮਿਲ ਕੇ ਗੱਲਾਂ ਕਰੋ। ਕੁਝ ਦੂਰੀ ਬਣਾ ਕੇ ਰੱਖੋ। ਆਪਣੀਆਂ ਘਰੇਲੂ ਗੱਲਾਂ ਜਾਂ ਲੜਾਈ-ਝਗੜੇ ਹਰ ਅੱਗੇ ਨਾ ਖੋਲ੍ਹੋ। ਕੋਈ ਵੀ ਪ੍ਰੇਸ਼ਾਨੀ ਹੋਵੇ ਤਾਂ ਮਨ ਨੂੰ ਸ਼ਾਂਤ ਕਰਨ ਦੀ ਬਜਾਏ ਕੋਈ ਖਾਸ ਸਹੇਲੀ-ਭੈਣ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ।

ਔਰਤਾਂ ਨੂੰ ਚਾਹੀਦਾ ਹੈ ਕਿ ਦਫਤਰ ਵਿਚ ਬਾਹਰੀ ਲੋਕਾਂ ਨਾਲ ਜ਼ਿਆਦਾ ਜਾਣ-ਪਛਾਣ ਨਾ ਵਧਾਉਣ, ਨਾ ਹੀ ਕਿਸੇ ਅਣਜਾਣੇ ਵਿਅਕਤੀ ਉੱਪਰ ਯਕੀਨ ਕਰਕੇ ਉਸ ਨਾਲ ਬਾਹਰ ਜਾਓ। ਦਫਤਰ ਜਾਂ ਹੋਰ ਕੰਮ ਦੇ ਸਥਾਨ 'ਤੇ ਲਿਫਟ ਵਿਚ ਇਕੱਲੇ ਕਦੇ ਵੀ ਨਾ ਜਾਓ, ਕਿਉਂਕਿ ਛੇੜਛਾੜ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਦਫਤਰ ਵਿਚ ਆਪਣਾ ਵਿਹਾਰ ਅਤੇ ਸਲੀਕਾ ਅਜਿਹਾ ਰੱਖੋ ਕਿ ਕੋਈ ਤੁਹਾਡੇ 'ਤੇ ਉਂਗਲ ਨਾ ਕਰ ਸਕੇ। ਆਪਸੀ ਰੰਜਸ਼ ਵੀ ਕਈ ਵਾਰ ਹਾਦਸਿਆਂ ਦਾ ਕਾਰਨ ਬਣਦੀ ਹੈ। ਇਸ ਲਈ ਕਿਸੇ ਨਾਲ ਐਵੇਂ ਝਗੜਾ ਮੁੱਲ ਨਾ ਲਵੋ। ਕਰਾਟੇ, ਡਿਫੈਂਸ ਦੀ ਸਿਖਲਾਈ ਵੀ ਲਈ ਜਾ ਸਕਦੀ ਹੈ।

ਜਿਥੇ ਔਰਤਾਂ ਕੰਮ ਕਰਦੀਆਂ ਹਨ, ਉਥੋਂ ਦੇ ਪ੍ਰਬੰਧਕ ਵੀ ਔਰਤਾਂ ਨੂੰ ਦੇਰ ਰਾਤ ਤੱਕ ਡਿਊਟੀ ਕਰਨ ਤੋਂ ਬਾਅਦ ਘਰ ਛੱਡਣ ਦਾ ਸੁਰੱਖਿਅਤ ਪ੍ਰਬੰਧ ਕਰਨ ਤੇ ਕਈ ਅਦਾਰੇ ਕਰ ਵੀ ਰਹੇ ਹਨ। ਔਰਤਾਂ ਆਪਣੇ ਸਹਿਕਰਮੀ ਨਾਲ ਹਾਸਾ-ਮਜ਼ਾਕ ਸੀਮਤ ਦਾਇਰੇ ਵਿਚ ਰਹਿ ਕੇ ਹੀ ਕਰਨ। ਕਈ ਵਾਰੀ ਇਨ੍ਹਾਂ ਵਿਚੋਂ ਹੀ ਗ਼ਲਤ ਕਦਮ ਚੁੱਕ ਸਕਦੇ ਹਨ। ਸੋ, ਔਰਤਾਂ-ਲੜਕੀਆਂ ਨੂੰ ਅਜਿਹਾ ਸਮਾਜ ਦੇਈਏ ਜਿਥੇ ਉਹ ਖੁੱਲ੍ਹ ਕੇ ਸਾਹ ਲੈ ਸਕਣ ਤੇ ਬਿਨਾਂ ਡਰ ਤੋਂ ਆਪਣੀ ਡਿਊਟੀ ਦੇ ਸਕਣ। ਆਪਣੇ ਘਰ-ਪਰਿਵਾਰ ਦੀ ਖਾਤਰ ਉਸ ਨੂੰ ਇਹ ਜ਼ੁਲਮ ਨਾ ਸਹਿਣਾ ਪਵੇ। ਸੋ, ਔਰਤਾਂ ਇਨ੍ਹਾਂ ਸੂਤਰਾਂ ਨੂੰ ਅਪਣਾ ਕੇ ਵੀ ਕੁਝ ਮਾੜੇ ਅਨਸਰਾਂ ਦੇ ਜ਼ੁਲਮਾਂ ਤੋਂ ਬਚ ਸਕਦੀਆਂ ਹਨ।

# ਕੀ ਤੁਸੀਂ ਬਾਹਾਂ ਤੋਂ ਬਗੈਰ ਪਹਿਰਾਵਾ ਪਹਿਨਦੇ ਹੋ



ਜੇ ਤੁਹਾਡਾ ਰੰਗ ਕਾਲਾ ਜਾਂ ਜ਼ਿਆਦਾ ਸਾਂਵਲਾ ਹੈ ਤਾਂ ਬਾਹਾਂ ਤੋਂ ਬਗੈਰ ਪਹਿਰਾਵਾ ਕਦੇ ਨਾ ਪਹਿਨੋ। ਇਸ ਨਾਲ ਤੁਹਾਡੀ ਫੂਹੜਤਾ ਦਾ ਪਤਾ ਲੱਗੇਗਾ, ਕਿਉਂਕਿ ਕਾਲੀਆਂ ਬਾਹਾਂ ਤੁਹਾਨੂੰ ਪੂਰਨ ਆਕਰਸ਼ਣਹੀਣ ਬਣਾ ਦੇਣਗੀਆਂ। ਕਈ ਵਾਰ ਦੇਖਿਆ ਜਾਂਦਾ ਹੈ ਕਿ ਰੰਗ ਗੋਰਾ ਹੋਣ ਦੇ ਬਾਵਜੂਦ ਜੇ ਬਾਹਾਂ ਜ਼ਿਆਦਾ ਪਤਲੀਆਂ ਹੋਣ ਤਾਂ ਵੀ ਬਾਹਾਂ ਤੋਂ ਬਗੈਰ ਪਹਿਰਾਵਾ ਤੁਹਾਡੀ ਸ਼ੋਭਾ ਘਟਾਉਂਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਨਾਲ ਬਾਹਾਂ ਦਾ ਪਤਲਾਪਨ ਜ਼ਿਆਦਾ ਉਜਾਗਰ ਹੋ ਜਾਂਦਾ ਹੈ ਜੋ ਦੇਖਣ ਵਿਚ ਭੱਦਾ ਲਗਦਾ ਹੈ। ਬਾਹਾਂ ਦਾ ਥੁਲਥੁਲਾਪਨ ਵੀ ਬਾਹਾਂ ਤੋਂ ਬਗੈਰ ਪਹਿਰਾਵੇ ਦੀ ਸ਼ੋਭਾ ਨਸ਼ਟ ਕਰਦਾ ਹੈ। ਜੇ ਤੁਹਾਡੀਆਂ ਬਾਹਾਂ ਜ਼ਿਆਦਾ ਮੋਟੀਆਂ ਹਨ ਪਰ ਤੁਹਾਨੂੰ ਬਾਹਾਂ ਤੋਂ ਬਗੈਰ ਕੱਪੜੇ ਪਹਿਨਣ ਦਾ ਸ਼ੌਕ ਹੈ ਤਾਂ ਬਾਹਾਂ ਨੂੰ ਵਿਵਸਥਿਤ ਆਕਾਰ ਦੇਣ ਲਈ ਨਿਯਮਤ ਬਾਹਾਂ ਦੀ ਕਸਰਤ ਕਰੋ। ਇਸ ਨਾਲ ਬਾਹਾਂ 'ਤੇ ਵਾਧੂ ਚਰਬੀ ਖਤਮ ਹੋ ਜਾਵੇਗੀ ਅਤੇ ਤੁਸੀਂ ਆਪਣੇ ਇਸ ਸ਼ੌਕ ਨੂੰ ਪੂਰਾ ਕਰ ਸਕੋਗੇ। ਬਾਹਾਂ ਤੋਂ ਬਗੈਰ ਕੱਪੜੇ ਪਹਿਨਣ ਲਈ ਬਾਹਾਂ ਦੀ ਨਿਯਮਤ ਸਫ਼ਾਈ ਜ਼ਰੂਰੀ ਹੈ। ਵੇਸਣ, ਗੁਲਾਬਜਲ ਅਤੇ ਮਲਾਈ ਨੂੰ ਬਰਾਬਰ ਮਾਤਰਾ ਵਿਚ ਮਿਲਾ ਕੇ ਇਸ ਨਾਲ ਬਾਹਾਂ ਦੀ ਸਫਾਈ ਕਰੋ। ਕੂਹਣੀਆਂ ਦੀ ਸਫਾਈ ਲਈ ਅੱਧਾ ਨਿੰਬੂ ਉਸ ਉੱਤੇ ਰਗੜੋ। ਜੇ ਤੁਸੀਂ ਬਾਹਾਂ ਤੋਂ ਬਗੈਰ ਕੱਪੜੇ ਪਹਿਨ ਕੇ ਧੁੱਪ ਵਾਲੀ ਜਗ੍ਹਾ ਜਾ ਰਹੇ ਹੋ ਤਾਂ ਬਾਹਾਂ ਦੀ ਚਮੜੀ ਨੂੰ ਧੁੱਪ ਨਾਲ ਝੁਲਸਣ ਤੋਂ ਬਚਾਉਣ ਲਈ ਜਾਣ ਤੋਂ ਪਹਿਲਾਂ ਸਨਸਕਰੀਨ ਲੋਸ਼ਨ ਅਤੇ ਟੈਲਕਮ ਪਾਊਡਰ ਦੀ ਵਰਤੋਂ ਜ਼ਰੂਰ ਕਰੋ। ਬਾਹਾਂ 'ਤੇ ਲੋਸ਼ਨ ਦੀ ਵਰਤੋਂ ਵੀ ਬਹੁਤ ਉੱਤਮ ਹੈ। ਹਰ ਸਮੇਂ ਬਾਹਾਂ ਤੋਂ ਬਗੈਰ ਕੱਪੜੇ ਪਹਿਨਣ ਨਾਲ ਬਾਹਾਂ ਦੀ ਚਮੜੀ 'ਤੇ ਮਾੜਾ ਅਸਰ ਪੈਂਦਾ ਹੈ, ਇਸ ਲਈ ਕਦੇ-ਕਦੇ ਹੀ ਬਾਹਾਂ ਤੋਂ ਬਗੈਰ ਪਹਿਰਾਵਾ ਪਹਿਨੋ।

# ਜੇਤੂ ਬਣਨ ਲਈ ਵਕਾਰਮਈ ਢੰਗ ਨਾਲ ਹਾਰਨਾ ਸਿੱਖੋ

-ਨਵਜੋਤ ਬਜਾਜ ਗੱਗੂ,
ਮੋਬਾ: 98721-02614

**ਆਪਣੇ ਵੱਲੋਂ ਹਰੇਕ ਕੰਮ ਇਮਾਨਦਾਰੀ ਨਾਲ ਕਰੋ। ਤੁਹਾਡੀ ਬੱਲੇਬਾਜ਼ੀ ਔਸਤ ਦਰਜੇ ਦੀ ਕਿਉਂ ਹੈ, ਤੁਹਾਡੀ ਪਾਰਟੀ ਨੇ ਤੁਹਾਨੂੰ ਰੱਦ ਕਿਉਂ ਕਰ ਦਿੱਤਾ ਹੈ, ਇਨ੍ਹਾਂ ਗੱਲਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰੋ। ਬੇਸ਼ੱਕ ਅਜਿਹਾ ਲੱਗਦਾ ਹੈ ਕਿ ਹਾਰਨ ਜਾਂ ਕੁਝ ਗਵਾਉਣ ਦੀ ਸਥਿਤੀ 'ਚ ਕਿਸੇ ਤਰ੍ਹਾਂ ਦਾ ਹਾਂ-ਪੱਖੀ ਨਤੀਜਾ ਮਿਲਣਾ ਅਸੰਭਵ ਹੈ, ਤਾਂ ਵੀ ਸ਼ੁਰੂਆਤੀ ਸਦਮੇ ਤੇ ਨਿਰਾਸ਼ਾ 'ਚੋਂ ਬਾਹਰ ਆਉਣ ਤੋਂ ਬਾਅਦ ਕੁਝ ਉਸਾਰੂ ਕਦਮ ਜ਼ਰੂਰ ਚੁੱਕੇ ਜਾ ਸਕਦੇ ਹਨ। ਦੂਜਿਆਂ ਨੂੰ ਇਹ ਪੁੱਛੋ ਕਿ ਤੁਹਾਨੂੰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ ਜਾਂ ਨੁਕਸਾਨ ਕਿਉਂ ਉਠਾਉਣਾ ਪਿਆ ਅਤੇ ਦੂਜਿਆਂ ਵੱਲੋਂ ਕੀਤੀ ਗਈ ਅਲੋਚਨਾ ਨੂੰ ਖੁੱਲ੍ਹਦਿਲੀ ਨਾਲ ਸਵੀਕਾਰ ਕਰੋ। ਬੇਸ਼ੱਕ ਤੁਹਾਨੂੰ ਅਜਿਹਾ ਕਿਉਂ ਨਾ ਲੱਗੇ ਕਿ ਤੁਹਾਡੀ ਨਾਜਾਇਜ਼ ਆਲੋਚਨਾ ਕੀਤੀ ਜਾ ਰਹੀ ਹੈ।**



ਅੱਜ ਹਰ ਪਾਸੇ ਮੁਕਾਬਲੇਬਾਜ਼ੀ ਤੇ ਦੌੜ ਦਾ ਬੋਲਬਾਲਾ ਹੈ। ਮੁਕਾਬਲਾ ਤੇ ਦੌੜ ਇਕ ਸਿੱਕੇ ਦੇ ਦੋ ਪਹਿਲੂ ਹਨ। ਇਨਸਾਨ ਸਭ ਕੁਝ ਸਹਿਜੇ ਹੀ ਮਿਹਨਤ ਨਾਲ ਪ੍ਰਾਪਤ ਕਰ ਲੈਂਦਾ ਹੈ ਪਰ ਇਨ੍ਹਾਂ ਦੋ ਗੱਲਾਂ ਦਾ ਸਾਥ ਨਹੀਂ ਛੱਡਦਾ। ਕਿਸਮਤ ਹਮੇਸ਼ਾ ਬਹਾਦਰਾਂ ਦਾ ਸਾਥ ਦਿੰਦੀ ਹੈ ਪਰ ਇਨਾਮ ਹਮੇਸ਼ਾ ਜੇਤੂਆਂ ਨੂੰ ਮਿਲਦੇ ਹਨ। ਫਿਰ ਵੀ ਅਫ਼ਸੋਸ ਵਾਲੀ ਤੇ ਵਿਲੱਖਣ ਗੱਲ ਇਹ ਹੈ ਕਿ ਲੋਕਾਂ ਨੂੰ ਮਰਿਆਦਾ ਪੂਰਨ ਢੰਗ ਨਾਲ ਹਾਰਨਾ ਵੀ ਨਹੀਂ ਆਉਂਦਾ। ਆਪਣੇ ਸੋਚਣ ਦੇ ਢੰਗ-ਤਰੀਕੇ 'ਚ ਵੀ ਅਸੀਂ ਜ਼ਿਆਦਾ ਸੁਆਰਥਮੁਕਤ ਬਣ ਜਾਂਦੇ ਹਾਂ। ਵੱਕਾਰਮਈ ਢੰਗ ਨਾਲ ਕੁਝ ਗਵਾਉਣ ਦੀ ਇਹ ਯੋਗਤਾ ਸਾਨੂੰ ਨਾ ਸਿਰਫ ਦਿਲ ਦੇ ਦੌਰੇ ਦੇ ਖ਼ਤਰੇ ਤੋਂ ਬਚਾਉਂਦੀ ਹੈ, ਸਗੋਂ ਸਾਡੀ ਉਦਾਰਤਾ ਤੇ ਖੁਸ਼ੀ 'ਚ ਵੀ ਵਾਧਾ ਕਰਦੀ ਹੈ। ਅਜਿਹਾ ਰਵੱਈਆ ਹਾਰ-ਜਿੱਤ ਦੇ ਸਮੀਕਰਨਾਂ ਨੂੰ 'ਜਿੱਤ ਬਨਾਮ ਜਿੱਤ' ਦੇ ਸਮੀਕਰਨ ਵਿਚ ਬਦਲ ਦਿੰਦਾ ਹੈ। ਸਾਰੀਆਂ ਪ੍ਰਤੀਯੋਗੀ ਸਥਿਤੀਆਂ 'ਚ ਇਕ ਆਦਮੀ ਨੇ ਤਾਂ ਹਾਰਨਾ ਹੀ ਹੁੰਦਾ ਹੈ। ਅਜਿਹੀ ਹਾਰ ਤੁਹਾਡੇ ਸਵੈ-ਮਾਣ, ਸਵੈ-ਵਿਸ਼ਵਾਸ ਨੂੰ ਠੇਸ ਪਹੁੰਚਾਉਂਦੀ ਹੈ, ਜਿਸ ਨਾਲ ਤੁਸੀਂ ਕਾਫੀ ਨਿਰਾਸ਼ਾ ਤੇ ਕੁੜੱਤਣ ਮਹਿਸੂਸ ਕਰਦੇ ਹੋ। ਪਰ ਜ਼ਿੰਦਗੀ ਦੇ ਕਿਸੇ ਵੀ ਤਜਰਬੇ ਨੂੰ ਹਮੇਸ਼ਾ ਲਈ ਨਾਂਹ-ਪੱਖੀ ਭਾਵਨਾਵਾਂ ਨਾਲ ਲੈ ਕੇ ਵਿਦਾ ਨਹੀਂ ਹੋਣਾ ਚਾਹੀਦਾ। ਹਰੇਕ ਸਥਿਤੀ 'ਚੋਂ ਕੁਝ ਨਾ ਕੁਝ ਸਿੱਖਣ ਦੀ ਕੋਸ਼ਿਸ਼ ਕਰੋ। ਆਪਣੇ ਵੱਲੋਂ ਹਰੇਕ ਕੰਮ ਇਮਾਨਦਾਰੀ ਨਾਲ ਕਰੋ। ਤੁਹਾਡੀ ਬੱਲੇਬਾਜ਼ੀ ਔਸਤ ਦਰਜੇ ਦੀ ਕਿਉਂ ਹੈ, ਤੁਹਾਡੀ ਪਾਰਟੀ ਨੇ ਤੁਹਾਨੂੰ ਰੱਦ ਕਿਉਂ ਕਰ ਦਿੱਤਾ ਹੈ, ਇਨ੍ਹਾਂ ਗੱਲਾਂ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰੋ। ਬੇਸ਼ੱਕ ਅਜਿਹਾ ਲੱਗਦਾ ਹੈ ਕਿ ਹਾਰਨ ਜਾਂ ਕੁਝ ਗਵਾਉਣ ਦੀ ਸਥਿਤੀ 'ਚ ਕਿਸੇ ਤਰ੍ਹਾਂ ਦਾ ਹਾਂ-ਪੱਖੀ ਨਤੀਜਾ ਮਿਲਣਾ ਅਸੰਭਵ ਹੈ, ਤਾਂ ਵੀ ਸ਼ੁਰੂਆਤੀ ਸਦਮੇ ਤੇ ਨਿਰਾਸ਼ਾ 'ਚੋਂ ਬਾਹਰ ਆਉਣ ਤੋਂ ਬਾਅਦ ਕੁਝ ਉਸਾਰੂ ਕਦਮ ਜ਼ਰੂਰ ਚੁੱਕੇ ਜਾ ਸਕਦੇ ਹਨ। ਦੂਜਿਆਂ ਨੂੰ ਇਹ ਪੁੱਛੋ ਕਿ ਤੁਹਾਨੂੰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ ਜਾਂ ਨੁਕਸਾਨ ਕਿਉਂ ਉਠਾਉਣਾ ਪਿਆ ਅਤੇ ਦੂਜਿਆਂ ਵੱਲੋਂ ਕੀਤੀ ਗਈ ਅਲੋਚਨਾ ਨੂੰ ਖੁੱਲ੍ਹਦਿਲੀ ਨਾਲ ਸਵੀਕਾਰ ਕਰੋ। ਬੇਸ਼ੱਕ ਤੁਹਾਨੂੰ ਅਜਿਹਾ ਕਿਉਂ ਨਾ ਲੱਗੇ ਕਿ ਤੁਹਾਡੀ ਨਾਜਾਇਜ਼ ਆਲੋਚਨਾ ਕੀਤੀ ਜਾ ਰਹੀ ਹੈ। ਆਲੋਚਨਾ 'ਤੇ ਤੁਰੰਤ ਪ੍ਰਤੀਕਿਰਿਆ ਜ਼ਾਹਰ ਨਾ ਕਰੋ, ਕੁਝ ਦੇਰ ਲਈ ਉੱਠ ਕੇ ਚਲੇ ਜਾਓ ਤੇ ਹਰ ਗੱਲ ਬਾਰੇ ਸੋਚੋ। ਬੇਸ਼ੱਕ ਆਲੋਚਨਾ ਤਿੱਖੀ ਜਾਂ ਕੌੜੀ ਕਿਉਂ ਨਾ ਹੋਵੇ, ਤਾਂ ਵੀ ਆਪਣੀਆਂ ਕਮੀਆਂ 'ਤੇ ਕਾਬੂ ਪਾਉਣ ਦਾ ਇਹ ਸਭ ਤੋਂ ਸੌਖਾ ਤਰੀਕਾ ਹੋਵੇਗਾ। ਕਿਸੇ ਵੀ ਹਾਰ 'ਤੇ ਗੁੱਸੇ 'ਚ ਆਉਣਾ, ਪ੍ਰੇਸ਼ਾਨ ਹੋਣਾ ਜਾਂ ਨਿਰਾਸ਼ ਹੋਣਾ ਕੁਦਰਤੀ ਗੱਲਾਂ ਹਨ ਪਰ ਆਪੇ ਤੋਂ ਬਾਹਰ ਹੋ ਕੇ ਹੰਗਾਮਾ ਖੜ੍ਹਾ ਕਰਨਾ ਸੁਭਾਵਿਕ ਪ੍ਰਤੀਕਿਰਿਆ ਨਹੀਂ ਹੁੰਦੀ। ਜੇ ਤੁਸੀਂ ਜੇਤੂ ਬਣਨਾ ਚਾਹੁੰਦੇ ਹੋ ਤਾਂ ਵਿਕਾਰਮਈ ਢੰਗ ਨਾਲ ਹਾਰਨ ਦੀ ਕਲਾ ਨੂੰ ਜ਼ਰੂਰ ਸਿੱਖੋ।

# ਕਿਤੇ ਤੁਸੀਂ ਬਿਮਾਰ ਹੋਣ 'ਤੇ ਆਪਣੇ ਡਾਕਟਰ ਖੁਦ ਤਾਂ ਨਹੀਂ ਬਣ ਜਾਂਦੇ?

1. ਪਿਛਲੇ ਕਈ ਦਿਨਾਂ ਤੋਂ ਤੁਹਾਨੂੰ ਖੰਘ ਹੈ ਅਤੇ ਤੁਹਾਡਾ ਪਤੀ ਡਾਕਟਰ ਕੋਲ ਜਾਣ ਲਈ ਕਹਿੰਦਾ ਹੈ, ਤਾਂ ਤੁਹਾਡਾ ਜਵਾਬ ਹੁੰਦਾ ਹੈ-(ਕ) ਮੌਸਮ ਦੀ ਵਜ੍ਹਾ ਨਾਲ ਹੈ, ਮੌਸਮ ਸਹੀ ਹੋਣ 'ਤੇ ਖੰਘ ਆਪਣੇ-ਆਪ ਠੀਕ ਹੋ ਜਾਵੇਗੀ। (ਖ) ਮੇਰੇ ਕੋਲ ਡਾਕਟਰ ਕੋਲ ਜਾਣ ਲਈ ਭਲਾ ਸਮਾਂ ਕਿਥੇ ਹੈ? ਦਿਨ ਭਰ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਹੀ ਫੁਰਸਤ ਨਹੀਂ ਮਿਲਦੀ। (ਗ) 'ਜ਼ਿਆਦਾ ਦਿਨ ਤੱਕ ਖੰਘ ਰਹਿਣੀ ਠੀਕ ਨਹੀਂ' ਕਹਿ ਕੇ ਡਾਕਟਰ ਦੇ ਕੋਲ ਚਲੀ ਜਾਂਦੀ ਹੋ।



2. ਬਿਮਾਰ ਹੋਣ 'ਤੇ ਤੁਸੀਂ ਡਾਕਟਰ ਦੇ ਕੋਲ ਜਾਂਦੇ ਹੋ, ਡਾਕਟਰ ਤੁਹਾਨੂੰ ਦਵਾਈ ਦਿੰਦਾ ਹੈ ਅਤੇ ਤੁਸੀਂ-(ਕ) ਡਾਕਟਰ ਦੇ ਕਹੇ ਅਨੁਸਾਰ ਸਮੇਂ ਸਿਰ ਦਵਾਈ ਲੈਂਦੇ ਹੋ। (ਖ) ਇਕ ਖੁਰਾਕ ਲੈਣ ਤੋਂ ਬਾਅਦ ਹੀ ਤੁਹਾਨੂੰ ਲਗਦਾ ਹੈ ਕਿ ਤੁਸੀਂ ਠੀਕ ਹੋ ਗਏ ਹੋ ਅਤੇ ਦਵਾਈ ਲੈਣੀ ਬੰਦ ਕਰ ਦਿੰਦੇ ਹੋ। (ਗ) ਡਾਕਟਰ ਦੇ ਕੋਲ ਤਾਂ ਜਾਂਦੀ ਹੋ, ਦਵਾਈ ਵੀ ਲਿਆਉਂਦੀ ਹੋ ਪਰ ਤੁਹਾਨੂੰ ਫਿਰ ਵੀ ਲਗਦਾ ਹੈ ਕਿ ਦਵਾਈ ਲੈਣੀ ਹੀ ਨਾ ਪਵੇ ਅਤੇ ਤੁਸੀਂ ਨਹੀਂ ਲੈਂਦੇ।

3. ਪਿਛਲੇ ਦੋ ਘੰਟਿਆਂ ਤੋਂ ਤੁਸੀਂ ਸਿਰਦਰਦ ਤੋਂ ਪ੍ਰੇਸ਼ਾਨ ਹੋ। ਅਜਿਹੇ ਵਿਚ ਤੁਸੀਂ- (ਕ) ਡਾਕਟਰ ਦੇ ਕੋਲ ਜਾਂਦੇ ਹੋ। (ਖ) ਆਪਣੇ ਕਿਸੇ ਵਾਕਿਫ ਦੇ ਕਹਿਣ 'ਤੇ ਉਸ ਦੀ ਦੱਸੀ ਦਵਾਈ ਲੈ ਲੈਂਦੇ ਹੋ। (ਗ) ਇੰਟਰਨੈੱਟ ਖੋਲ੍ਹ ਕੇ ਸਿਰਦਰਦ ਦੀ ਕਿਸੇ ਦਵਾਈ ਦਾ ਨਾਂਅ ਲਿਖ ਕੇ ਉਸ ਨੂੰ ਲੈ ਕੇ ਖਾ ਲੈਂਦੇ ਹੋ।

(4) ਪਿਛਲੇ ਤਿੰਨ ਦਿਨ ਤੋਂ ਬੱਚੇ ਨੂੰ ਤੇਜ਼ ਬੁਖਾਰ ਹੈ, ਅਜਿਹੇ ਵਿਚ ਤੁਸੀਂ ਸੋਚਦੇ ਹੋ- (ਕ) ਵਾਇਰਲ ਹੋਵੇਗਾ, ਡਾਕਟਰ ਦੇ ਕੋਲ ਕੀ ਜਾਣਾ। (ਖ) ਸਾਰੇ ਬੁਖਾਰ ਇਕੋ ਜਿਹੇ ਹੀ ਹੁੰਦੇ ਹਨ, ਕੋਈ ਵੀ ਐਂਟੀਬਾਇਟਿਕ ਦਿੱਤੀ ਜਾ ਸਕਦੀ ਹੈ। (ਗ) ਬੁਖਾਰ ਵਿਚ ਭਲਾ ਡਾਕਟਰ ਕੋਲ ਜਾਣ ਦੀ ਕੀ ਲੋੜ, ਠੰਢੇ ਪਾਣੀ ਦੀਆਂ ਪੱਟੀਆਂ ਨਾਲ ਠੀਕ ਹੋ ਜਾਵੇਗਾ।

5. ਤੁਹਾਨੂੰ ਉੱਚ ਖੂਨ ਦਬਾਅ ਦੀ ਸ਼ਿਕਾਇਤ ਹੈ, ਤੁਹਾਡੀ ਨਿਯਮਤ ਦਵਾਈ ਚਲਦੀ ਹੈ, ਅਜਿਹੇ ਵਿਚ ਤੁਸੀਂ- (ਕ) ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈ ਨਹੀਂ ਲੈਂਦੇ। (ਖ) ਦੋ ਮਹੀਨੇ ਦਾ ਕੋਰਸ ਸੀ ਪਰ 'ਦਵਾਈ ਬਚੀ ਹੈ' ਸੋਚ ਕੇ ਉਸ ਨੂੰ ਅੱਗੇ ਵੀ ਖਾਂਦੇ ਰਹਿੰਦੇ ਹੋ। (ਗ) ਜਦੋਂ ਯਾਦ ਆਇਆ, ਦਵਾਈ ਖਾ ਲੈਂਦੇ ਹੋ, ਡਾਕਟਰ ਤੋਂ ਪੁੱਛੇ ਬਿਨਾਂ ਖਾਣੀ ਬੰਦ ਕਰ ਦਿੰਦੇ ਹੋ।

ਨਤੀਜਾ : ਤੁਸੀਂ ਆਪਣਾ ਇਲਾਜ ਖੁਦ ਹੀ ਤਾਂ ਨਹੀਂ ਕਰਦੇ। ਆਓ, ਹਾਸਲ ਨੰਬਰਾਂ ਰਾਹੀਂ ਅਸੀਂ ਤੁਹਾਨੂੰ ਦੱਸ ਦਿੰਦੇ ਹਾਂ।

(ਕ) ਜੇਕਰ ਤੁਸੀਂ 20 ਜਾਂ ਇਸ ਤੋਂ ਜ਼ਿਆਦਾ ਅੰਕ ਹਾਸਲ ਕੀਤੇ ਹਨ ਤਾਂ ਮੰਨ ਲਓ ਕਿ ਤੁਸੀਂ ਆਪਣੀ ਬਿਮਾਰੀ ਦੇ ਪ੍ਰਤੀ ਗੰਭੀਰ ਰਹਿੰਦੇ ਹੋ। ਤੁਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਅਤੇ ਸਮਝਦੇ ਹੋ ਕਿ ਬਿਮਾਰ ਹੋਣ 'ਤੇ ਡਾਕਟਰ ਦੀ ਸਲਾਹ ਲਏ ਬਿਨਾਂ ਖੁਦ ਇਲਾਜ ਕਰਨਾ ਕਿਸੇ ਵੀ ਪੱਖੋਂ ਸਹੀ ਨਹੀਂ ਹੈ। (ਖ) ਜੇਕਰ ਤੁਹਾਡੇ ਪ੍ਰਾਪਤ ਅੰਕ 10 ਤੋਂ ਜ਼ਿਆਦਾ ਅਤੇ 15 ਤੋਂ ਘੱਟ ਹਨ ਤਾਂ ਤੁਸੀਂ ਆਪਣੀ ਸਰੀਰਕ ਤੰਦਰੁਸਤੀ ਨੂੰ ਲੈ ਕੇ ਓਨੇ ਗੰਭੀਰ ਨਹੀਂ ਹੋ, ਜਿੰਨਾ ਹੋਣਾ ਚਾਹੀਦਾ ਹੈ। ਇਸ ਲਈ ਤੁਹਾਨੂੰ ਹੋਰ ਸਮਝਦਾਰੀ ਤੋਂ ਕੰਮ ਲੈਣਾ ਪਵੇਗਾ ਅਤੇ ਇਹ ਸਮਝਣਾ ਪਵੇਗਾ ਕਿ ਸਿਹਤ ਪ੍ਰਤੀ ਛੋਟੀ ਜਿਹੀ ਵੀ ਲਾਪ੍ਰਵਾਹੀ ਜਾਂ ਅਣਦੇਖੀ ਦਾ ਬੁਰਾ ਨਤੀਜਾ ਹੋ ਸਕਦਾ ਹੈ। (ਗ) ਜੇਕਰ ਤੁਹਾਡੇ ਪ੍ਰਾਪਤ ਅੰਕ 10 ਤੋਂ ਘੱਟ ਹਨ ਤਾਂ ਸਮਝ ਲਓ ਕਿ ਤੁਸੀਂ ਸਮੇਂ ਦੀ ਕਮੀ ਕਰਕੇ ਜਾਂ ਇਲਾਜ 'ਤੇ ਹੋਣ ਵਾਲੇ ਖਰਚ ਨੂੰ ਬਚਾਉਣ ਦੇ ਚੱਕਰ ਵਿਚ ਆਪਣਾ ਇਲਾਜ ਖੁਦ ਕਰਦੇ ਹੋ, ਜਿਸ ਦੇ ਤੁਹਾਨੂੰ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ। ਇਸ ਲਈ ਆਪਣੇ ਡਾਕਟਰ ਖੁਦ ਬਣਨ ਦੀ ਬਜਾਏ ਬਿਮਾਰੀ ਦੀ ਹਾਲਤ ਵਿਚ ਡਾਕਟਰ ਤੋਂ ਸਲਾਹ ਲਏ ਬਿਨਾਂ ਨਾ ਤਾਂ ਕੋਈ ਦਵਾਈ ਲਓ ਅਤੇ ਨਾ ਹੀ ਡਾਕਟਰ ਦੇ ਕੋਲ ਜਾਣ ਤੋਂ ਸੰਕੋਚ ਕਰੋ। **-ਪਿੰਕੀ ਅਰੋੜਾ**

# ਕਿਚਨ ਟਿਪਸ

♣ ਚੌਲ ਉਬਾਲਦੇ ਸਮੇਂ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਅਤੇ ਥੋੜ੍ਹਾ ਜਿਹਾ ਸਿਰਕਾ ਪਾ ਦੇਣ ਨਾਲ ਚੌਲ ਜ਼ਿਆਦਾ ਸਫੈਦ ਬਣਦੇ ਹਨ ਅਤੇ ਚੌਲਾਂ ਦੇ ਦਾਣੇ ਵੀ ਜ਼ਿਆਦਾ ਖਿਲਦੇ ਹਨ।

♣ ਡਬਲ ਰੋਟੀ ਬਚ ਜਾਵੇ ਤਾਂ ਇਸ ਨੂੰ ਪੀਸ ਕੇ ਘਿਓ ਵਿਚ ਭੁੰਨ ਲਓ। ਸਬਜ਼ੀ ਬਣਾਉਂਦੇ ਸਮੇਂ ਇਸ ਨੂੰ ਉਸ ਵਿਚ ਪਾ ਦਿਓ। ਤੁਸੀਂ ਚਾਹੋ ਤਾਂ ਇਸ ਦੀ ਸਬਜ਼ੀ ਬਣਾ ਸਕਦੇ ਹੋ। ਇਸ ਤਰ੍ਹਾਂ ਬਣੀ ਸਬਜ਼ੀ ਬਹੁਤ ਸਵਾਦੀ ਹੁੰਦੀ ਹੈ।



♣ ਅਕਸਰ ਇਲਾਇਚੀ ਦੇ ਸਿਰਫ ਦਾਣੇ ਹੀ ਵਰਤੇ ਜਾਂਦੇ ਹਨ ਅਤੇ ਛਿੱਲ ਸੁੱਟ ਦਿੱਤੀ ਜਾਂਦੀ ਹੈ। ਇਸ ਲਈ ਛੋਟੀ ਜਾਂ ਵੱਡੀ ਇਲਾਇਚੀ ਦੀਆਂ ਛਿੱਲਾਂ ਨੂੰ ਸੁੱਟਣ ਦੀ ਬਜਾਏ ਉਨ੍ਹਾਂ ਨੂੰ ਚਾਹ ਦੀ ਪੱਤੀ ਜਾਂ ਖੰਡ ਵਿਚ ਮਿਲਾਉਂਦੇ ਰਹੋ। ਇਸ ਨਾਲ ਬਣੀ ਚਾਹ ਸਵਾਦੀ ਹੋਵੇਗੀ। ਪਕਵਾਨ ਬਣਾਉਂਦੇ ਸਮੇਂ ਇਸ ਖੰਡ ਦੀ ਵਰਤੋਂ ਕਰੋ ਤਾਂ ਪਕਵਾਨ ਦਾ ਸਵਾਦ ਵੀ ਵਧੇਗਾ।

♣ ਜੇ ਤੁਸੀਂ ਸਿਰਫ ਦੋ ਜਾਂ ਤਿੰਨ ਟਮਾਟਰ ਛਿੱਲਣੇ ਹੋਣ ਅਤੇ ਤੁਸੀਂ ਪਾਣੀ ਉਬਾਲਣ ਤੋਂ ਬਚਣਾ ਚਾਹੁੰਦੇ ਹੋ ਤਾਂ ਖਾਣੇ ਲਈ ਵਰਤੋਂ ਵਿਚ ਆਉਣ ਵਾਲੇ ਕੰਡਿਆਂ ਨੂੰ ਟਮਾਟਰ ਵਿਚ ਖੋਭ ਕੇ ਚੁੱਲ੍ਹੇ ਦੀ ਅੱਗ ਦਿਖਾਓ। ਟਮਾਟਰ ਦਾ ਛਿਲਕਾ ਅਸਾਨੀ ਨਾਲ ਉਤਰ ਜਾਵੇਗਾ।

♣ ਕਾਬਲੀ ਛੋਲੇ ਛੇਤੀ ਪਕਾਉਣ ਲਈ ਉਨ੍ਹਾਂ ਵਿਚ ਮਿੱਠਾ ਸੋਡਾ ਪਾ ਕੇ ਪਕਾਇਆ ਜਾਂਦਾ ਹੈ ਪਰ ਅਜਿਹਾ ਕਰਨ ਨਾਲ ਛੋਲਿਆਂ ਦਾ ਰੰਗ ਨਹੀਂ ਆ ਪਾਉਂਦਾ। ਜੇ ਉਪਰੋਕਤ ਪਕਾਏ ਛੋਲਿਆਂ ਵਿਚ ਦੋ ਚਮਚ ਚਾਹ ਦਾ ਪਾਣੀ ਇਕ ਕਿਲੋ ਛੋਲਿਆਂ ਦੇ ਹਿਸਾਬ ਨਾਲ ਪਾ ਦਿੱਤਾ ਜਾਵੇ ਤਾਂ ਇਸ ਨਾਲ ਛੋਲਿਆਂ ਦਾ ਕੁਦਰਤੀ ਰੂਪ ਅਤੇ ਰੰਗ ਬਰਕਰਾਰ ਰਹਿੰਦਾ ਹੈ।

♣ ਖੰਡ ਦੀ ਚਾਸ਼ਣੀ ਬਣਾਉਣ ਜਾ ਰਹੇ ਹੋ? ਅਜਿਹਾ ਕਰੋ, ਚਾਸ਼ਣੀ ਬਣਾਉਣ ਤੋਂ ਪਹਿਲਾਂ ਕੜਾਹੀ ਵਿਚ ਅੰਦਰ ਚਾਰੇ ਪਾਸੇ ਥੋੜ੍ਹਾ ਜਿਹਾ ਮੱਖਣ ਲਗਾ ਦਿਓ। ਇਸ ਨਾਲ ਚਾਸ਼ਣੀ ਚੰਗੀ ਬਣੇਗੀ।

# ਯੂ-ਟਿਊਬ ਦੀ ਸਟਾਰ ਹੈ 106 ਸਾਲਾ ਮਸਤਨੰਮਾ



60 ਸਾਲ ਦੀ ਉਮਰ ਹੁੰਦੇ ਹੀ ਅਕਸਰ ਲੋਕਾਂ ਨੂੰ ਕਹਿੰਦੇ ਸੁਣਿਆ ਹੋਵੇਗਾ ਕਿ ਬਜ਼ੁਰਗ ਹੋ ਗਏ ਹਾਂ। ਜੇਕਰ ਤੁਸੀਂ ਉਹਨਾਂ ਨੂੰ ਕੋਈ ਤਕਨੀਕ ਸਿੱਖਣ ਲਈ ਕਹੋ ਤਾਂ ਕਹਿੰਦੇ ਹਨ ਹੁਣ ਉਹਨਾਂ ਨੂੰ ਇਹ ਸਭ ਸਿੱਖਣ ਦੀ ਕੀ ਲੋੜ ਹੈ। ਅਜਿਹੇ ਲੋਕਾਂ ਦੇ ਸਾਹਮਣੇ ਆਂਧਰਾ ਪ੍ਰਦੇਸ਼ ਦੀ 106 ਸਾਲ ਦੀ ਬਜ਼ੁਰਗ ਔਰਤ ਮਿਸਾਲ ਪੇਸ਼ ਕਰ ਰਹੀ ਹੈ। ਮਸਤਨੰਮਾ ਨਾਂ ਦੀ ਇਹ ਬਜ਼ੁਰਗ ਇਸ ਉਮਰ ਵਿਚ ਯੂ-ਟਿਊਬ 'ਤੇ ਵੀਡੀਓ ਅਪਲੋਡ ਕਰਕੇ ਦੁਨੀਆਂ ਵਿਚ ਪ੍ਰਸਿੱਧ ਹੋ ਗਈ ਹੈ। ਅੰਮਾ ਰਵਾਇਤੀ ਤਰੀਕੇ ਨਾਲ ਬੇਹੱਦ ਸਵਾਦੀ ਖਾਣਾ ਪਕਾਉਂਦੀ ਹੈ। ਉਹ ਖਾਣਾ ਪਕਾਉਣ ਦੇ ਤਰੀਕਿਆਂ ਨੂੰ ਯੂ-ਟਿਊਬ ਤੇ ਅਪਲੋਡ ਕਰਕੇ ਦੁਨੀਆਂ ਦੇ ਸਾਹਮਣੇ ਆਪਣੀ ਕਲਾ ਨੂੰ ਪਹੁੰਚਾ ਰਹੀ ਹੈ। ਇਸ ਬਜ਼ੁਰਗ ਔਰਤ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਯੂ-ਟਿਊਬ 'ਤੇ ਉਹ ਕੰਟਰੀ ਫ੍ਰਾਈਡਸ ਨਾਂ ਦਾ ਪੇਜ ਬਣਾ ਰਹੀ ਹੈ।

ਇਸ ਪੇਜ ਨੂੰ ਢਾਈ ਲੱਖ ਤੋਂ ਜ਼ਿਆਦਾ ਲੋਕ ਸਬਸਕ੍ਰਾਈਬ ਕਰ ਚੁੱਕੇ ਹਨ। ਆਂਧਰਾ ਪ੍ਰਦੇਸ਼ ਦੀ ਰਹਿਣ ਵਾਲੀ ਮਸਤਨਾਮਾ ਯੂ. ਟਿਊਬ ਦੀ ਸਭ ਤੋਂ ਵਡੇਰੀ ਉਮਰ ਦੀ ਯੂ-ਟਿਊਬਰ ਬਣ ਚੁੱਕੀ ਹੈ। ਇਹਨਾਂ ਦੇ ਚੈਨਲ ਨੂੰ ਇਹਨਾਂ ਦਾ ਪੋਤਾ ਕੇ. ਲਕਸ਼ਮਣ ਹੈਂਡਲ ਕਰਦਾ ਹੈ।

ਅੰਮਾ ਬਿਲਕੁਲ ਦੇਸੀ ਅੰਦਾਜ਼ ਵਿਚ ਖਾਣਾ ਪਕਾਉਂਦੀ ਹੈ। ਉਹ ਵੈਜ ਤੋਂ ਇਲਾਵਾ ਨੌਨਵੈਜ ਵੀ ਪਕਾਉਂਦੀ ਹੈ। ਉਹ ਜਿਸ ਸਲੀਕੇ ਨਾਲ ਖਾਣਾ ਪਕਾਉਂਦੀ ਹੈ, ਉਸਨੂੰ ਦੇਖਣ ਵਿਚ ਹੀ ਮਜ਼ਾ ਆ ਜਾਂਦਾ ਹੈ। ਉਦਾਹਰਣ ਵਜੋਂ ਜਦੋਂ ਤੁਸੀਂ ਇਸ ਖਾਣੇ ਨੂੰ ਪਕਾਉਂਦੇ ਹੋਏ ਦੇਖੋਗੇ ਤਾਂ ਪਾਓਗੇ ਕਿ ਉਸਨੂੰ ਪਤਾ ਹੈ ਕਿ ਕਦੋਂ ਕਿੰਨਾ ਮਸਾਲਾ ਦੇਣਾ ਹੈ, ਕਦੋਂ ਨਮਕ ਪਾਉਣਾ ਹੈ, ਕਿੰਨੀ ਆਂਚ ਰੱਖਣੀ ਹੈ ਆਦਿ। ਇਸ ਉਮਰ ਵਿਚ ਉਹ ਮੱਛੀ, ਚਿਕਨ ਆਦਿ ਸਾਰੀਆਂ ਚੀਜ਼ਾਂ ਖੁਦ ਦੀਆਂ ਤਿਆਰ ਕਰਦੀ ਹੈ। ਉਹ ਅੰਡੇ ਦਾ ਵੀ ਕੋਈ ਵਿਅੰਜਨ ਪਕਾਉਂਦੀ ਹੈ। ਉਹਨਾਂ ਦਾ ਪਕਾਉਣ ਦਾ ਤਰੀਕਾ ਅਤੇ ਬੇਹੱਦ ਘੱਟ ਮਸਾਲਿਆਂ ਵਿਚ ਖਾਣੇ ਵਿਚ ਸਵਾਦ ਲਿਆਉਣਾ ਸਾਰਿਆਂ ਨੂੰ ਪਸੰਦ ਆ ਰਿਹਾ ਹੈ। ਮਸਤਨੰਮਾ ਅਤੇ ਉਹਨਾਂ ਦੇ ਪੋਤੇ ਦੀ ਇਸ ਕੋਸ਼ਿਸ਼ ਕਾਰਨ ਭਾਰਤੀ ਦਿਹਾਤੀ ਵਿਅੰਜਨ ਦੀ ਪਹੁੰਚ ਦੁਨੀਆਂ ਭਰ ਵਿਚ ਹੋ ਰਹੀ ਹੈ।

# ਲਗਦਾ ਡੇਰਾਬੱਸੀ ਨਗਰ ਕੌਂਸਲ ਦੀ ਨਜ਼ਰ ਵਿੱਚ ਇੰਨਸਾਨੀ ਜਿੰਦਗੀ ਦੀ ਨਹੀਂ ਸਗੋਂ ਹੈ ਅਤੇ ਕੀਮਤ

**ਡੇਰਾ ਬਸੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੀ ਮੁੱਖ ਸੜਕਾਂ ਤੇ ਥਾਂ ਥਾਂ ਟੁੱਟੇ ਮੇਨਹਾਲ ਦੇ ਨੁਕਸਾਨੇ ਢੱਕਣ ਨਗਰ ਕੌਂਸਲ ਦੀ ਲਾਪ੍ਰਵਾਹੀ ਹਾਦਸੇ ਦਾ ਕਾਰਨ ਬਣ ਸਕਦੇ ਹਨ । ਡੇਰਾਬੱਸੀ ਥਾਣੇ ਦੀ ਦੀਵਾਰ ਨਾਲ ਨੁਕਸਾਨਿਆ ਜੰਗਲਾ ਅਜੇ ਠੀਕ ਨਹੀਂ ਕੀਤਾ ਗਿਆ। ਇਸੇ ਤਰ੍ਹਾਂ ਤਹਿਸੀਲ ਸੜਕ ਤੇ ਨੁਕਸਾਨਿਆ ਮੇਨ ਹਾਲ ਦਾ ਢੱਕਣ ਹੋਰ ਨੁਕਸਾਇਆ ਗਿਆ ਹੈ। ਇਸ ਨੂੰ ਠੀਕ ਕਰਨ ਦੀ ਥਾਂ ਇਸ ਦੇ ਉਪਰ ਕੂੜਾ ਇੱਕਤਰ ਕਰਨ ਵਾਲੀ ਰੇਹੜੀ ਰੱਖ ਦਿੱਤੀ ਗਈ ਹੈ।



ਸ਼ਹਿਰ ਵਾਸੀਆ ਨੇ ਰੋਸ਼ ਪ੍ਰਗਟ ਕਰਦੇ ਕਿਹਾ ਕਿ ਨਗਰ ਕੌਂਸਲ ਅਧਿਕਾਰੀ ਇਸ ਮਾਮਲੇ ਵਿੱਚ ਕਈ ਸਾਲਾਂ ਤੋਂ ਲਾਪ੍ਰਵਾਹੀ ਵਰਤੇ ਰਹੇ ਹਨ, ਜੱਦਕਿ ਲੱਖਾ ਰੁਪਏ ਮੇਨਹਾਲ ਅਤੇ ਡ੍ਰੇਨੇਜ ਨਾਲਿਆ ਦੇ ਢੱਕਣ ਉਪਰ ਖਰਚ ਕੀਤੇ ਜਾ ਰਹੇ ਹਨ।

ਤਹਿਸੀਲ ਸੜਕ ਜਿਥੋ ਰੋਜ਼ਾਨਾ ਐਸ ਡੀ ਐਮ ਡੇਰਾਬੱਸੀ, ਡੇਰਾਬੱਸੀ ਵਿੱਖੇ ਸਥਾਪਤ ਤਿੰਨੇ ਅਦਾਲਤਾਂ ਦੇ ਜੱਜ ਸਾਹਿਬ, ਦੋਵੇਂ ਤਹਿਸੀਲਦਾਰ, ਦਰਜਨਾਂ ਸਰਕਾਰੀ ਦਫ਼ਤਰਾਂ ਵਿਚ ਜਾਣ ਵਾਲੇ ਅਧਿਕਾਰੀ ਅਤੇ ਮੁਲਾਜਮਾ ਸਮੇਤ ਸੈਕੜੇ ਲੋਕ ਆਉਂਦੇ ਜਾਂਦੇ ਹਨ। ਇਸ ਸੜਕ ਤੇ ਸਰਕਾਰੀ ਸਕੂਲ ਦੇ ਸਾਹਮਣੇ ਮੇਨ ਹਾਲ ਬਣਿਆ ਹੋਇਆ ਹੈ, ਜਿਸ ਦਾ ਢੱਕਣ ਭਾਰੀ ਵਾਹਨਾਂ ਦੀ ਆਵਾਜਾਈ ਕਰਕੇ ਢੱਕਣ ਵਾਰ ਵਾਰ ਟੁੱਟ ਜਾਂਦਾ ਹੈ। ਕਈ ਵਾਰ ਇਸਦੇ ਉਪਰ ਸੀਮੇਂਟ ਵਾਲਾ ਢੱਕਣ ਰੱਖਿਆ ਗਿਆ ਅਤੇ ਕਈ ਵਾਰ ਲੋਹੇ ਦਾ ਜੰਗਲਾ ਬਣਾ ਕੇ ਰੱਖਿਆ ਗਿਆ। ਇਸਦੇ ਬਾਵਜੂਦ ਇਹ ਟੁੱਟਦਾ ਰਿਹਾ। ਪਿਛਲੀ ਵਾਰ ਇਥੇ ਲੋਹੇ ਦਾ ਜੰਗਲਾ ਬਣਾ ਉਪਰ ਰੱਖਿਆ ਗਿਆ ਜੋਂ ਕਈ ਮਹੀਨੇ ਚਲਦਾ ਰਿਹਾ। ਪਿੱਛਲੇ ਦਿਨੀ ਇਹ ਜੰਗਲਾ ਨੁਕਸਾਨਿਆ ਗਿਆ ਅਤੇ ਇਥੇ ਹਾਦਸੇ ਹੋਣ ਤੋ ਰੋਕਣ ਲਈ ਲੀਪਾਪੋਤੀ ਕਰਦੇ ਲੋਹੇ ਦੇ ਜੰਗਲੇ ਉਪਰ ਸੀਮੇਂਟ ਦਾ ਢੱਕਣ ਰੱਖ ਦਿੱਤਾ ਗਿਆ। ਇਹ ਢੱਕਣ ਇੱਥੋਂ ਨਿਕਲਦੇ ਮਿੱਟੀ ਦੇ ਓਵਰ ਲੋਡ ਟਿੱਪਰਾਂ ਦਾ ਚਨਰ ਸਹਾਰ ਨਹੀਂ ਸਕਿਆ ਅਤੇ ਚੋਥੇ ਦਿਨ ਹੀ ਟੁੱਟਣਾ ਸ਼ੁਰੂ ਹੋ ਗਿਆ। ਮਾਮਲਾ ਪ੍ਰਸਾਸ਼ਨ ਦੇ ਧਿਆਨ ਵਿੱਚ ਲਿਆਉਦਾ ਗਿਆ ਲੇਕਿਨ ਉਨ੍ਹਾ ਨੇ ਅਣਗਿਹਲੀ ਕਰਕੇ ਢੱਕਣ ਹੋਰ ਨੁਕਸਾਨਿਆ ਗਿਆ ਅਤੇ ਕਈ ਉਸ ਥਾਂ ਤੇ ਵੱਡਾ ਟੋਇਆ ਬਣ ਗਿਆ ਗਿਆ। ਰਾਤ ਸਮੇਂ ਇਥੇ ਕਈ ਵਾਹਨ ਫ਼ਸ ਕੇ ਨੁਕਸਾਨੇ ਗਏ ਲੇਕਿਨ ਕੁੰਭ ਕਰਨੀ ਨੀਂਦ ਸੁੱਤੇ ਕੌਂਸਲ ਅਧਿਕਾਰੀ ਫ਼ੇਰ ਵੀ ਨਹੀਂ ਜਾਗੇ।

ਮੌਕੇ ਦੇ ਹਾਲਾਤ ਇਹ ਬਣੇ ਹਨ ਹੋਏ ਹਨ ਕਿ ਇਥੇ ਕੋਈ ਹਾਦਸਾ ਨਾ ਵਾਪਰੇ ਕੂੜਾ ਚੁੱਕਣ ਵਾਲੀ ਇਕ ਰੇਹੜੀ ਰੱਖ ਕੇ ਹਾਦਸਾ ਹੋਣ ਤੋ ਰੋਕਣ ਦੀ ਕੋਸ਼ਿਸ਼ ਕੀਤੀ ਗਈ ਹੈ। ਆਲੇ ਦੁਆਲੇ ਰਹਿੰਦੇ ਲੋਕਾਂ ਨੇ ਦੱਸਿਆ ਕਈ ਜੇਕਰ ਰੇਹੜੀ ਨਾ ਹੋਵੇ ਤਾਂ ਕਈ ਵਾਹਨ ਹਾਦਸੇ ਦਾ ਸ਼ਿਕਾਰ ਹੋ ਸਕਦੇ ਹਨ। ਇਨ੍ਹਾਂ ਹੈ ਨਹੀਂ ਦੋ ਪਹਿਆ ਵਾਹਨ ਚਾਲਕ ਇਸ ਮੇਨ ਹਾਲ ਕਰਕੇ ਜਾਨ ਵੀ ਗਵਾਂ ਸਕਦੇ ਹਨ।

ਨਗਰ ਕੌਂਸਲ ਵਲੋ ਵਰਤੀ ਜਾਂ ਰਹੀ ਲਾਪ੍ਰਵਾਹੀ ਵੇਖ ਜਾਪਦਾ ਹੈ ਕਿ ਉਨ੍ਹਾ ਦੀ ਨਜ਼ਰ ਵਿੱਚ ਇਨਸਾਨੀ ਜਿੰਦਗੀ ਦੀ ਕੋਈ ਕੀਮਤ ਨਹੀਂ ਹੈ। ਸ਼ਹਿਰ ਵਾਸੀਆ ਨੇ ਉੱਚ ਅਧਿਕਾਰੀਆਂ ਨੂੰ ਇਸ ਪਾਸੇ ਧਿਆਨ ਦਿੰਦੇ ਇਸ ਨੂੰ ਠੀਕ ਕਰਵਾਉਣ ਦੀ ਮੰਗ ਕੀਤੀ ਹੈ।

# ਲੋੜਵੰਦ ਪਰਿਵਾਰ ਦੀ ਧੀ ਦਾ ਆਨੰਦ ਕਾਰਜ ਕਰਵਾਇਆ



**ਅੰਮ੍ਰਿਤਸਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਵਿੱਚ ਜਿਥੇ ਕਈ ਰੱਬੀ ਰੂਹਾਂ ਮਾਲਿਕ ਨੂੰ ਧਿਆਨ ਵਿੱਚ ਰੱਖ ਕੇ ਭਲਾਈ ਦੇ ਕੰਮ ਕਰਦੀਆਂ ਹਨ, ਉਥੇ ਵਿਲੱਖਣ ਸਖਸ਼ੀਅਤ ਸ੍ਰ ਦਲਜੀਤ ਸਿੰਘ ਸਬ ਇੰਸਪੈਕਟਰ ਟ੍ਰੈਫਿਕ ਐਜੂਕੇਸ਼ਨ ਸੈਲ ਆਪ ਮੁਹਾਰੇ ਆ ਜਾਂਦੇ ਹਨ। ਇਹ ਅਧਿਕਾਰੀ ਸਮਾਜ ਨੂੰ ਵੱਡੀ ਦੇਣ ਹਨ ਜਿੰਨਾਂ ਦੇ ਉਪਰਾਲੇ ਸਦਕਾ ਲੋੜਵੰਦਾਂ ਦੀਆਂ ਅੱਖਾਂ ਦੇ ਆਪਰੇਸ਼ਨ, ਬਨਾਉਟੀ ਅੰਗ, ਆਪਣੇ ਹੀ ਪਰਿਵਾਰਾਂ ਦੇ ਹੱਥੋਂ ਸਿ ?ਕਾਰ ਹੋਏ ਗਰੀਬ ਲੋੜਵੰਦ ਧੀਆਂ ਦੇ ਆਨੰਦ ਕਾਰਜ ਕਰਵਾ ਕੇ ਮਾਪਿਆਂ ਨੂੰ ਜਿੰਮੇਵਾਰੀ ਤੋਂ ਮੁਕਤ ਕੀਤਾ ਜਾਂਦਾ ਹੈ। ਇਹ ਮਿਸਾਲ ਪਿਛਲੇ ਦਿਨੀਂ ਬਹੁਤ ਹੀ ਲੋੜਵੰਦ ਪਰਿਵਾਰ ਦੀ ਵੀਡੀਓ ਵਾਇਰਲ ਕਰਨ ਉਪਰੰਤ ਦਾਨੀ ਸੱਜਣ, ਆਪਣੇ ਵੱਲੋਂ ਸਵੈ ਯੋਗਦਾਨ ਸਦਕਾ ਗਰੀਬ ਦੀ ਧੀ ਦੇ ਆਨੰਦ ਕਾਰਜ ਸਮੇਂ ਮਾਮਾ ਹੋਣ ਦਾ ਫਰਜ ਅਦਾ ਕੀਤਾ। ਧੀ ਦੇ ਵਿਆਹ ਤੋਂ ਪਹਿਲਾਂ ਸ਼ਗਨਾਂ ਦੇ ਕੰਮ ਵਿੱਚ ਜਿਥੇ ਰਿਸ਼ਤੇਦਾਰਾਂ ਵੱਲੋਂ ਆਉਣ ਤੋਂ ਆਨਾਕਾਨੀ ਕੀਤੀ ਜਾਂਦੀ ਸੀ ਉਥੇ ਇਨ੍ਹਾਂ ਵੱਲੋਂ ਪਾਏ ਯੋਗਦਾਨ ਸਦਕਾ ਆਨੰਦ ਕਾਰਜ ਵਾਲੇ ਦਿਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਾਜਰੀ ਭਰੀ। ਮਾਪਿਆਂ ਦੇ ਚਿਹਰੇ ਤੇ ਕਾਰਜ ਨੂੰ ਲੈ ਕੇ ਜਿਥੇ ਮਾਯੂਸੀ ਛਾਈ ਸੀ ਉਥੇ ਵਿਆਹ ਵਾਲੇ ਦਿਨ ਬੜੇ ਹੀ ਚਾਅ ਅਤੇ ਮਲਾਰਾਂ ਵੇਖਣ ਨੂੰ ਮਿਲੇ।

ਆਨੰਦ ਕਾਰਜ ਮੌਕੇ ਇਹ ਵੇਖਣ ਨੂੰ ਮਿਲਿਆ ਕਿ ਵਾਹਿਗੁਰੂ ਜਿਥੇ ਆਪ ਸਹਾਈ ਹੁੰਦੇ ਉਥੇ ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮ ਕਰਾਵਣਿ ਆਇਆ ਰਾਮ ਰੱਬੀ ਰੂਹ ਸਹਾਈ ਹੁੰਦੀ ਹੈ।

# ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਲਈ 1.71 ਕਰੋੜ ਰੁਪਏ ਦੀ ਰਾਸ਼ੀ ਜਾਰੀ: ਡਾ.ਬਲਜੀਤ ਕੌਰ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ, ਉਥੇ ਹੀ ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਕਾਰਜਸ਼ੀਲ ਹੈ। ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਲਈ ਅਸ਼ੀਰਵਾਦ ਸਕੀਮ ਤਹਿਤ ਮਾਲੇਰਕੋਟਲਾ ਜ਼ਿਲ੍ਹੇ ਲਈ 1.71 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ।



ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਮਲੇਰਕੋਟਲਾ ਜਿਲੇ ਦੇ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਦੇ 337 ਲਾਭਪਾਤਰੀਆਂ ਲਈ 1.71 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਸ ਰਾਸ਼ੀ ਵਿੱਚ ਦਸੰਬਰ 2022 ਤੋਂ ਮਾਰਚ 2023 ਦੇ 337 ਲਾਭਪਾਤਰੀਆਂ ਨੂੰ ਕਵਰ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਦਸੰਬਰ 2022 ਦੇ 84, ਜਨਵਰੀ 2023 ਦੇ 68, ਫਰਵਰੀ 2023 ਦੇ 80 ਅਤੇ ਮਾਰਚ 2023 ਦੇ 105 ਲਾਭਪਾਤਰੀ ਨੂੰ ਕਵਰ ਕੀਤਾ ਗਿਆ ਹੈ।

ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ, ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ੍ਰੇਣੀਆਂ ਅਤੇ ਹੋਰ ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹੋਵੇ ਅਤੇ ਪਰਿਵਾਰ ਦੀ ਸਾਰੇ ਸਾਧਨਾ ਤੋ ਸਲਾਨਾ ਆਮਦਨ 32,790 ਰੁਪਏ ਤੋ ਘੱਟ ਹੋਵੇ, ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਦੇਣ ਦੇ ਯੋਗ ਹਨ।

ਡਾਕਟਰ ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਕਾਰਜ਼ਸ਼ੀਲ ਹੈ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।

# ਜਿਲ੍ਹੇ ਨੂੰ ਹਰਿਆ-ਭਰਿਆ ਬਣਾਉਣ ਲਈ 10 ਲੱਖ ਬੂਟੇ ਲਗਾਉਣ ਦਾ ਟੀਚਾ ਮਿੱਥਿਆ- ਵਧੀਕ ਡਿਪਟੀ ਕਮਿਸ਼ਨਰ




ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਪਰਮਜੀਤ ਕੌਰ ਪਲਾਂਟੇਸ਼ਨ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ।

**ਅੰਮ੍ਰਿਤਸਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਉਣ ਵਾਲੇ ਮਾਨਸੂਨ ਸ਼ੀਜਨ ਨੂੰ ਧਿਆਨ ਵਿੱਚ ਰੱਖਦਿਆ ਹੋਇਆ ਜਿਲ੍ਹੇ ਨੂੰ ਹਰਿਆ-ਭਰਿਆ ਬਣਾਉਣ ਲਈ ਵੱਖ-ਵੱਖ ਥਾਵਾਂ ਵਿੱਚ ਪਲਾਂਟੇਸ਼ਨ ਕਰਵਾਉਣ ਲਈ 10 ਲੱਖ ਬੂਟੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ। ਇਨ੍ਹਾਂ ਬੂਟਿਆਂ ਨਾਲ ਵਾਤਾਵਰਨ ਸਾਫ਼-ਸੁਥਰਾ ਰਹੇਗਾ ਤੇ ਭਵਿੱਖ ਵਿੱਚ ਗਰਮੀ ਤੋਂ ਰਾਹਤ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਲਾਹੇਵੰਦ ਹੋਣਗੇ।ਇਸ ਸਬੰਧੀ ਸਮੂਹ ਵਿਭਾਗਾਂ ਦੇ ਮੁੱਖੀਆਂ ਨਾਲ ਮੀਟਿੰਗ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ ਸ੍ਰੀਮਤੀ ਪਰਮਜੀਤ ਕੌਰ ਨੇ ਕਿਹਾ ਕਿ ਮਹਾਤਮਾਂ ਗਾਂਧੀ ਨਰੇਗਾ ਸਕੀਮ ਅਧੀਨ ਜਿਲ੍ਹੇ ਵਿੱਚ ਪਲਾਂਟੇਸ਼ਨ ਕਰਵਾਉਣ ਲਈ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਹਰੇਕ ਖਾਲੀ ਥਾਂ ਭਾਵ ਸਰਕਾਰੀ ਬਿਲਡਿੰਗਾਂ, ਹਸਤਪਤਾਲ, ਸਕੂਲ, ਪੰਚਾਇਤੀ ਜ਼ਮੀਨ ਰੋਡ ਸਾਈਡ ਜਿਸ ਉਪਰ ਪਲਾਟੇਸ਼ਨ ਕਰਵਾਈ ਜਾ ਸਕੇ ਦੀ ਸ਼ਨਾਖਤ ਕਰਨ ਦੇ ਆਦੇਸ਼ ਦਿੱਤੇ ਗਏ ਤਾਂ ਜੋ ਉਨਾਂ ਨੂੰ ਜ਼ਰੂਰਤ ਅਨੁਸਾਰ ਪੌਦੇ ਮੁਹੱਈਆ ਕਰਵਾਏ ਜਾ ਸਕਣ। ਉਨਾਂ ਦੱਸਿਆ ਕਿ ਕੇਵਲ ਪੌਦੇ ਲਗਾਉਣ ਤੱਕ ਹੀ ਕੰਮ ਸੀਮਤ ਨਹੀਂ ਰਹਿਣਾ ਚਾਹੀਦਾ ਬਲਕਿ ਇਨਾਂ ਦੀ ਦੇਖਭਾਲ ਕਰਨਾ ਵੀ ਸਾਡਾ ਫਰਜ਼ ਹੈ।

ਉਨਾਂ ਕਿਹਾ ਕਿ ਸਾਡਾ ਸਭ ਦਾ ਮੁੱਢਲਾ ਫਰਜ਼ ਬਣਦਾ ਹੈ ਕਿ ਅਸੀਂ ਵਾਤਾਵਰਨ ਨੂੰ ਬਚਾਉਣ ਲਈ ਅੱਗੇ ਆਈਏ ਤਾਂ ਜੋ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਵੱਛ ਵਾਤਾਵਰਨ ਮੁਹੱਈਆ ਕਰਵਾਇਆ ਜਾ ਸਕੇ।ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਮੂਹ ਪਿੰਡਾਂ ਦੇ ਜਿੰਮੀਦਾਰਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੀਆਂ ਜ਼ਮੀਨਾਂ ਨਾਲ ਲੱਗਦੀਆਂ ਸੜਕਾ ਦੇ ਬਰਮਾਂ ਉੱਪਰ ਲਗਾਏ ਗਏ ਬੂਟਿਆਂ ਨੂੰ ਬਚਾਉਣ ਲਈ ਪੂਰਨ ਸਹਿਯੋਗ ਦੇਣ।ਇਸ ਨਾਲ ਮਗਨਰੇਗਾ ਸਕੀਮ ਅਧੀਨ ਜਾਬ ਕਾਰਡ ਹੋਲਡਰਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦਿੱਤਾ ਜਾ ਸਕੇਗਾ। ਇਸ ਮੀਟਿੰਗ ਵਿੱਚ ਐਸ.ਡੀ.ਐਮ. ਅਜਨਾਲਾ ਸ: ਅਰਵਿੰਦਰ ਪਾਲ ਸਿੰਘ,ਜਿਲ੍ਹਾ ਜੰਗਲਾਤ ਅਫ਼ਸਰ ਸ: ਅਮਨੀਤ ਸਿੰਘ, ਐਕਸੀਐਨ ਪੀ.ਡਬਲਯੂ.ਡੀ. ਸ: ਇੰਦਰਜੀਤ ਸਿੰਘ, ਪ੍ਰਿੰਸੀਪਲ ਆਈ.ਟੀ.ਆਈ. ਕੈਪਟਨ ਸੰਜੀਵ ਸ਼ਰਮਾ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਇੰਟਰਨੈਸ਼ਨਲ ਯੋਗਾ ਦਿਵਸ ਮੌਕੇ ਆਈ.ਟੀ.ਆਈ. ਬਸੀ ਪਠਾਨਾ ਵਿਖੇ ਕਰਵਾਇਆ ਗਿਆ ਸਮਾਗਮ



**ਬੱਸੀ ਪਠਾਣਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਭੱਜ-ਦੌੜ ਦੇ ਯੁੱਗ ਵਿੱਚ ਜਿੰਦਗੀ ਏਨੀ ਤੇਜੀ ਨਾਲ ਅੱਗੇ ਵੱਧ ਰਹੀ ਹੈ ਕਿ ਹਰੇਕ ਵਿਅਕਤੀ ਕਿਸੇ ਨਾ ਕਿਸੇ ਤਰ੍ਹਾਂ ਕਈ ਤਰ੍ਹਾਂ ਦੀਆਂ ਚਿੰਤਾਵਾਂ ਵਿੱਚ ਘਿਰਿਆ ਹੋਇਆ ਹੈ ਅਤੇ ਮਨੁੱਖ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਤੰਦਰੁਸਤ ਰੱਖਣ ਵਿੱਚ ਯੋਗ ਦਾ ਬਹੁਤ ਅਹਿਮ ਯੋਗਦਾਨ ਹੈ।

ਇਸ ਲਈ ਰੋਜ਼ਾਨਾਂ ਦੇ ਜੀਵਨ ਵਿੱਚੋਂ ਕੁਝ ਸਮਾਂ ਆਪਣੇ ਲਈ ਕੱਢ ਕੇ ਯੋਗਾ ਜਰੂਰ ਅਪਣਾਉਣਾ ਚਾਹੀਦਾ ਹੈ ਕਿਉਂਕਿ ਯੋਗਾ ਇੱਕ ਅਜਿਹੀ ਵਿਧੀ ਹੈ ਜੋ ਮਨੁੱਖ ਨੂੰ ਹਰੇਕ ਤਰ੍ਹਾਂ ਦੇ ਤਣਾਅ ਤੇ ਬਿਮਾਰੀਆਂ ਤੋਂ ਦੂਰ ਰੱਖਣ ਵਿੱਚ ਸਹਾਈ ਹੁੰਦੀ ਹੈ। ਇਹ ਪ੍ਰਗਟਾਵਾ ਬਸੀ ਪਠਾਣਾ ਦੇ ਵਿਧਾਇਕ ਸ. ਰੁਪਿੰਦਰ ਸਿੰਘ ਹੈਪੀ ਨੇ ਆਈ.ਟੀ.ਆਈ ਬਸੀ ਪਠਾਣਾ ਵਿਖੇ ਅੰਤਰ-ਰਾਸ਼ਟਰੀ ਯੋਗਾ ਦਿਵਸ ਮੌਕੇ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਲੋਕਾਂ ਨੂੰ ਸਿਹਤ ਪੱਖੋਂ ਤੰਦਰੁਸਤ ਰੱਖਣ ਲਈ ਨਿਤ ਨਵੇਂ ਫੈਸਲੇ ਕਰ ਰਹੀ ਹੈ ਤਾਂ ਜੋ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਵਿਧਾਇਕ ਨੇ ਕਿਹਾ ਕਿ ਜਦੋਂ ਸਾਡੀ ਸਰਕਾਰ ਬਣੀ ਤਾਂ ਲੋਕਾਂ ਨੂੰ ਯੋਗਾ ਨਾਲ ਜੋੜਨ ਵਾਸਤੇ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਜਿਸ ਵਿੱਚ ਮਾਹਰ ਟਰੇਨਰਾਂ ਰਾਹੀਂ ਲੋਕਾਂ ਨੂੰ ਮੁਫਤ ਵਿੱਚ ਯੋਗ ਦੀ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਅਧੀਨ ਹਲਕੇ ਵਿੱਚ ਯੋਗ ਦੀ ਮੁਫਤ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਡੇ ਕੋਲ ਇੱਕ ਵੈਬਸਾਈਟ cmdiyogshala.punjab.gov.in ਤੋਂ ਇਲਾਵਾ ਇੱਕ ਸਮਰਪਿਤ ਹੈਲਪਲਾਈਨ ਨੰਬਰ 76694-00500 ਵੀ ਹੈ। ਜਿਸ ਤੇ ਸੰਪਰਕ ਕਰਕੇ ਉਹ ਲੋਕ ਜਿਨ੍ਹਾਂ ਨੇ ਅਜੇ ਸ਼ਾਮਲ ਹੋਣਾ ਹੈ, ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

ਉਨ੍ਹਾਂ ਅੱਗੇ ਕਿਹਾ ਕਿ ਘੱਟੋ-ਘੱਟ 25 ਭਾਗੀਦਾਰਾਂ ਵਾਲਾ ਕੋਈ ਵੀ ਇਲਾਕਾ ਆਪਣੀ ਨਵੀਂ ਕਲਾਸ/ ਸੈਸ਼ਨ ਸ਼ੁਰੂ ਕਰਨ ਲਈ ਵਟਸਐਪ ਨੰਬਰ ’ਤੇ ਕਾਲ / ਸੁਨੇਹਾ ਭੇਜ ਸਕਦਾ ਹੈ। ਯੋਗਾ ਕਲਾਸਾਂ ਲਈ ਕੋਈ ਚਾਰਜ ਨਹੀਂ ਲਿਆ ਜਾਵੇਗਾ। ਉਨ੍ਹਾਂ ਇਸ ਮੌਕੇ ਸਮੂਹ ਹਲਕਾ ਵਾਸੀਆਂ ਨੂੰ ਯੋਗ ਨਾਲ ਜੁੜਨ ਦਾ ਸੱਦਾ ਵੀ ਦਿੱਤਾ।

ਇਸ ਮੌਕੇ ਐਸ.ਡੀ.ਐਮ. ਬਸੀ ਪਠਾਣਾ ਸ਼੍ਰੀ ਸੰਜੀਵ ਕੁਮਾਰ ਨੇ ਦੱਸਿਆ ਕਿ ਸੀ.ਐਮ. ਦੀ ਯੋਗਸ਼ਾਲਾ ਪ੍ਰੋਗਰਾਮ ਨਾਲ ਜੁੜਨ ਵਾਸਤੇ ਵੈਬਸਾਈਟ cmdiyogshala.punjab.gov.in ਜਾਂ ਹੈਲਪ ਲਾਇਨ ਨੰਬਰ 76694-00500 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡੀਸੀ ਵੱਲੋਂ ਆਰਟੀਏ ਦਫ਼ਤਰ, ਸੇਵਾ ਤੇ ਫ਼ਰਦ ਕੇਂਦਰ ਦਾ ਅਚਨਚੇਤ ਦੌਰਾ




**ਬਠਿੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਬਠਿੰਡਾ ਜਸਪ੍ਰੀਤ ਸਿੰਘ ਨੇ ਅੱਜ ਆਰਟੀਏ ਦਫ਼ਤਰ, ਸੇਵਾ ਤੇ ਫ਼ਰਦ ਕੇਂਦਰਾਂ ਦਾ ਅਚਾਨਕ ਦੌਰਾ ਕਰਕੇ ਜਾਇਜ਼ਾ ਲਿਆ। ਉਨ੍ਹਾਂ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਸੂਬਾ ਸਰਕਾਰ ਵੱਲੋਂ ਚਲਾਈਆਂ ਜਾਣ ਵਾਲੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਆਉਣ ਵਾਲੇ ਕਿਸੇ ਵੀ ਲਾਭਪਾਤਰੀ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਾ ਆਉਣ ਦਿੱਤੀ ਜਾਵੇ। ਡਿਪਟੀ ਕਮਿਸ਼ਨਰ ਨੇ ਸੇਵਾ ਕੇਂਦਰ ਦੇ ਇੰਚਾਰਜ ਨੂੰ ਹਦਾਇਤ ਕੀਤੀ ਕਿ ਸੇਵਾ ਕੇਂਦਰ ਵਿੱਚ ਲਾਭਪਾਤਰੀਆਂ ਨੂੰ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਦੇ ਫ਼ਲੈਕਸ ਬੋਰਡ ਸਮੇਤ ਫੀਸ ਲਿਸਟ ਢੁੱਕਵੀਆਂ ਥਾਵਾਂ ’ਤੇ ਲਾਉਣੇ ਯਕੀਨੀ ਬਣਾਏ ਜਾਣ ਤਾਂ ਜੋ ਕਿਸੇ ਵੀ ਲਾਭਪਾਤਰੀ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ।

ਉਪਰੰਤ ਉਨ੍ਹਾਂ ਫ਼ਰਦ ਕੇਦਰ ਦਾ ਦੌਰਾ ਕੀਤਾ ਅਤੇ ਡੀਐਸਐਮ ਨੂੰ ਕਿਹਾ ਕਿ ਫ਼ਰਦ ਕੇਂਦਰ ਵਿੱਚ ਲਾਭਪਾਤਰੀਆਂ ਨੂੰ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਦੇ ਫ਼ਲੈਕਸ ਬੋਰਡ ਸਮੇਤ ਫੀਸ ਲਿਸਟ ਲਾਈ ਜਾਵੇ ਅਤੇ ਫ਼ਰਦ ਕੇਂਦਰ ਅੰਦਰ ਟੋਕਨ ਸਿਸਟਮ ਮਸ਼ੀਨ ਲਾਉਣੀ ਯਕੀਨੀ ਬਣਾਈ ਜਾਵੇ। ਜਸਪ੍ਰੀਤ ਸਿੰਘ ਨੇ ਆਰਟੀਏ ਦਫ਼ਤਰ ਦਾ ਵੀ ਦੌਰਾ ਕਰਕੇ ਜਾਇਜ਼ਾ ਲਿਆ ਅਤੇ ਉਥੋਂ ਦੇ ਰਿਕਾਰਡ ਰੂਮ ਦੀ ਚੈਕਿੰਗ ਵੀ ਕੀਤੀ। ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਰਿਕਾਰਡ ਨੂੰ ਚੰਗੀ ਤਰ੍ਹਾਂ ਮੁਕੰਮਲ ਕਰਕੇ ਰੱਖਿਆ ਜਾਵੇ। ਇਸੇ ਦੌਰਾਨ ਡਿਪਟੀ ਕਮਿਸ਼ਨਰ ਬਠਿੰਡਾ ਜਸਪ੍ਰੀਤ ਸਿੰਘ ਨੇ ਇਥੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮਹੀਨੇਵਾਰ ਸਮੀਖਿਆ ਬੈਠਕ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਪੂਰਾ ਕਰਨਾ।

# ਮੋਗਾ ਦੇ ਡਿਪਟੀ ਕਮਿਸ਼ਨਰ ਵੱਲੋਂ ਧੁੱਸੀ ਬੰਨ੍ਹ ਦਾ ਦੌਰਾ



**ਮੋਗਾ,23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹੜ੍ਹ ਬਚਾਓ ਅੰਤਰ ਜ਼ਿਲ੍ਹਾ ਯੋਜਨਾ ਤਹਿਤ ਅਗਾਊਂ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਮੋਗਾ ਦੇ ਡੀਸੀ ਕੁਲਵੰਤ ਸਿੰਘ ਨੇ ਸਿੱਧਵਾਂ ਬੇਟ ਪਾਸੇ ਤੋਂ ਪਾਣੀ ਆਉਣ ਦਾ ਖ਼ਦਸ਼ਾ ਪ੍ਰਗਟਾਇਆ ਅਤੇ ਲੁਧਿਆਣਾ ਡੀਸੀ ਨੂੰ ਫੋਨ ਕਰਕੇ ਧੁੱਸੀ ਬੰਨ੍ਹ ਉੱਚਾ ਤੇ ਮਜ਼ਬੂਤ ਕਰਨ ਲਈ ਆਖਿਆ ਹੈ।

ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਦੱਸਿਆ ਕਿ ਅਗਾਮੀ ਮੌਨਸੂਨ ਸੀਜ਼ਨ ਦੌਰਾਨ ਹੜ੍ਹ ਵਰਗੀ ਸਥਿਤੀ ਤੋਂ ਬਚਣ ਲਈ ਪ੍ਰਸ਼ਾਸਨ ਨੇ ਹੁਣ ਤੋਂ ਹੀ ਉਪਰਾਲੇ ਸ਼ੁਰੂ ਕਰ ਦਿੱਤੇ ਹਨ।

ਪ੍ਰਭਾਵਿਤ ਹੋਣ ਵਾਲੇ ਸੰਭਾਵੀ ਖੇਤਰਾਂ, ਖਾਸ ਕਰਕੇ ਮੋਗਾ ਜਿਲ੍ਹੇ ਨੂੰ ਹੜ੍ਹ ਦੀ ਮਾਰ ਤੋਂ ਬਚਾਉਣ ਲਈ ਅੰਤਰ ਜ਼ਿਲ੍ਹਾ ਯੋਜਨਾ ਤਹਿਤ ਸਿੱਧਵਾਂ ਬੇਟ (ਜ਼ਿਲ੍ਹਾ ਲੁਧਿਆਣਾ) ਇਲਾਕੇ ਤੋਂ ਆਉਣ ਵਾਲੇ ਪਾਣੀ ਨੂੰ ਰੋਕਣ ਲਈ ਪ੍ਰਸ਼ਾਸਨ ਪੂਰੀ ਤਰਾਂ ਚੌਕਸ ਹੈ।

ਜ਼ਿਲ੍ਹਾ ਮੋਗਾ ਅਧੀਨ ਦਰਿਆ ਸਤਲੁਜ ਦੇ ਧੁੱਸੀ ਬੰਨ੍ਹ ਦਾ ਦੌਰਾ ਕੀਤਾ ਅਤੇ ਪਿੰਡ ਕਮਾਲ ਕੇ ਤੋਂ ਪਿੰਡ ਬਹਾਦਰ ਕੇ ਤੱਕ ਦਾ ਮੌਕਾ ਦੇਖਿਆ ਗਿਆ।

ਜ਼ਿਕਰਯੋਗ ਹੈ ਕਿ ਪਿਛਲੇ ਮੌਨਸੂਨ ਸੀਜ਼ਨ ਦੌਰਾਨ ਜ਼ਿਲ੍ਹਾ ਮੋਗਾ ਦੀ ਹੱਦ ਅੰਦਰ ਸਤਲੁਜ ਦਰਿਆ ਵਿੱਚ 3 ਲੱਖ ਕਿਊਸਿਕ ਪਾਣੀ ਚੱਲਿਆ ਸੀ। ਇਸ ਵਾਰ ਇਸ ਤੋਂ ਵੀ ਜ਼ਿਆਦਾ ਪਾਣੀ ਨੂੰ ਕਾਬੂ ਕਰਨ ਲਈ ਪ੍ਰਬੰਧ ਕੀਤੇ ਜਾ ਰਹੇ ਹਨ।

ਇਸ ਮੌਕੇ ਧਰਮਕੋਟ ਦੇ ਐੱਸਡੀਐਮ ਜਸਪਾਲ ਸਿੰਘ ਬਰਾੜ, ਤਹਿਸੀਲਦਾਰ ਰੇਸ਼ਮ ਸਿੰਘ, ਡਰੇਨੇਜ ਵਿਭਾਗ ਦੇ ਉਪ ਮੰਡਲ ਦੌਰਾਨ ਜ਼ਿਲ੍ਹਾ ਮੋਗਾ ਦੀ ਹੱਦ ਅੰਦਰ ਸਤਲੁਜ ਦਰਿਆ ਵਿੱਚ 3 ਲੱਖ ਕਿਊਸਿਕ ਪਾਣੀ ਚੱਲਿਆ ਸੀ। ਇਸ ਵਾਰ ਇਸ ਤੋਂ ਦੌਰਾਨ ਹੜ੍ਹ ਵਰਗੀ ਸਥਿਤੀ ਤੋਂ ਬਚਣ ਲਈ ਵੀ ਅਫਸਰ ਲਵਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਨਾਲ ਸਨ।

# ਜ਼ਿਲ੍ਹਾ ਕਚਹਿਰੀਆਂ ਫਰੀਦਕੋਟ ਵਿੱਚ ਵਿਸ਼ਵ ਯੋਗਾ ਦਿਵਸ ਮਨਾਇਆ

**ਫਰੀਦਕੋਟ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਮੋਹਾਲੀ ਦੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਰੀਦਕੋਟ ਵੱਲੋਂ ਵਿਸ਼ਵ ਯੋਗਾ ਦਿਵਸ 2024 ਦੇ ਮੌਕੇ ਯੋਗਾ ਕੈਂਪ ਦਾ ਆਯੋਜਨ ਜ਼ਿਲ੍ਹਾ ਕਚਹਿਰੀਆਂ ਵਿਖੇ ਸ੍ਰੀਮਤੀ ਨਵਜੋਤ ਕੌਰ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਰਾਮ ਕੁਮਾਰ ਸਿੰਗਲਾ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਅਤੇ ਮੈਡਮ ਦਮਨਦੀਪ ਕਮਲ ਹੀਰਾ ਸਿਵਲ ਜੱਜ (ਜੂਨੀਅਰ ਡਿਵੀਜ਼ਨ) ਇੰਚਾਰਜ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਕੀਤਾ ਗਿਆ ਜਿਸ ਵਿੱਚ ਜ਼ਿਲ੍ਹਾ ਕਚਹਿਰੀਆਂ ਅਤੇ ਸਬ-ਡਵੀਜ਼ਨ ਜੈਤੋ ਦੇ ਸਮੂਹ ਸਟਾਫ, ਵਕੀਲ ਸਾਹਿਬਾਨ ਅਤੇ ਉਨ੍ਹਾਂ ਦੇ ਕਲਰਕਾਂ ਵੱਲੋਂ ਵਧ ਚੜ੍ਹ ਕੇ ਸ਼ਿਰਕਤ ਕੀਤੀ ਗਈ।



ਇਸ ਯੋਗਾ ਕੈਂਪ ਵਿੱਚ ਸ੍ਰੀ ਰਮੇਸ਼ ਕੁਮਾਰ ਗੇਰਾ ਯੋਗਾ ਟਰੇਨਰ ਅਤੇ ਟੀਮ ਮੈਂਬਰਾਂ ਵੱਲੋਂ ਯੋਗਾ ਕੈਂਪ ਵਿੱਚ ਸ਼ਾਮਿਲ ਸਮੂਹ ਭਾਗੀਦਾਰਾਂ ਨੂੰ ਯੋਗ-ਪ੍ਰਣਾਲੀ ਰਾਹੀਂ ਯੋਗਾ ਕਰਵਾਇਆ ਗਿਆ ਅਤੇ ਯੋਗਾ ਤੋਂ ਹੋਣ ਵਾਲੇ ਲਾਭਾਂ ਬਾਰੇ ਵਿਸਥਾਰ-ਪੂਰਵਕ ਜਾਣੂ ਕਰਵਾਇਆ ਗਿਆ।

ਉਨ੍ਹਾਂ ਅਪੀਲ ਕੀਤੀ ਕਿ ਹਰੇਕ ਵਿਅਕਤੀ ਨੂੰ ਯੋਗਾ ਨੂੰ ਆਪਣੀ ਨਿੱਤ-ਦਿਨ ਦੀ ਜ਼ਿੰਦਗੀ ਵਿੱਚ ਸ਼ਾਮਲ ਕਰਦੇ ਹੋਏ ਉਸ ਤੋਂ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।

ਇਸ ਮੌਕੇ ਉੱਪਰ ਡਾ.ਰਾਮ ਕੁਮਾਰ ਸਿੰਗਲਾ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਵੀ ਭਾਗੀਦਾਰਾਂ ਨੂੰ ਯੋਗਾ ਤੋਂ ਹੋਣ ਵਾਲੇ ਲਾਭਾਂ ਬਾਰੇ ਜਾਣੂ ਕਰਵਾਇਆ ਅਤੇ ਦੱਸਿਆ ਕਿ ਯੋਗ ਨਾਲ ਜਿੱਥੇ ਅਸੀਂ ਆਪਣੀਆਂ ਸਰੀਰਿਕ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਦੇ ਹਾਂ ਉੱਥੇ ਮਾਨਸਿਕ ਬਿਮਾਰੀਆਂ ਤੋਂ ਵੀ ਦੂਰ ਰਹਿ ਸਕਦੇ ਹਾਂ।

ਉਨ੍ਹਾਂ ਕਿਹਾ ਕਿ ਅੱਜਕਲ੍ਹ ਜ਼ਿੰਦਗੀ ਬਹੁਤ ਤੇਜ਼ ਹੋ ਚੁੱਕੀ ਹੈ ਜਿਸ ਕਰਕੇ ਹਰ ਆਦਮੀ ਕਿਸੇ ਨਾ ਕਿਸੇ ਮਾਨਸਿਕ ਤਨਾਅ ਦੇ ਵਿੱਚ ਰਹਿੰਦਾ ਹੈ ਜਿਸ ਨੂੰ ਯੋਗ ਦੁਆਰਾ ਦੂਰ ਕੀਤਾ ਜਾ ਸਕਦਾ ਹੈ ਅਤੇ ਆਪਣੇ ਕੰਮ ਕਰਨ ਦੀ ਸਮਰੱਥਾ ਨੂੰ ਵਧਾ ਅਤੇ ਸੁਧਾਰ ਸਕਦਾ ਹੈ।

ਯੋਗਾ ਕੈਂਪ ਦੀ ਸਮਾਪਤੀ ਮੌਕੇ ਮੈਡਮ ਦਮਨਦੀਪ ਕਮਲ ਹੀਰਾ ਸਿਵਲ ਜੱਜ (ਜੂਨੀਅਰ ਡਵੀਜ਼ਨ) ਇੰਚਾਰਜ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਆਏ ਹੋਏ ਸਮੂਹ ਭਾਗੀਦਾਰਾਂ ਦਾ ਅਤੇ ਸੈਸ਼ਨ ਜੱਜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾ. ਰਾਮ ਕੁਮਾਰ ਸਿੰਗਲਾ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਅਤੇ ਮੈਡਮ ਦਮਨਦੀਪ ਕਮਲ ਹੀਰਾ ਸਿਵਲ ਜੱਜ (ਜੂਨੀਅਰ ਡਿਵੀਜ਼ਨ) ਇੰਚਾਰਜ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਕੀਤਾ ਗਿਆ ਜਿਸਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਯੋਗਾ ਕੈਂਪ ਵਿੱਚ ਸ਼ਾਮਿਲ ਹੋਣ ਤੇ ਧੰਨਵਾਦ ਕੀਤਾ।

# ਮੁੱਖ ਮੰਤਰੀ ਵੱਲੋਂ ਪ੍ਰੋਬੇਸ਼ਨਰ ਆਈ.ਏ.ਐਸ. ਅਧਿਕਾਰੀਆਂ ਨੂੰ ਆਪਣੀ ਡਿਊਟੀ ਸਮਰਪਿਤ ਭਾਵਨਾ, ਸੰਜੀਦਗੀ ਅਤੇ ਪੇਸ਼ੇਵਰ ਵਚਨਬੱਧਤਾ ਨਾਲ ਨਿਭਾਉਣ ਦਾ ਸੱਦਾ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਨੂੰ ਅਲਾਟ ਕੀਤੇ ਗਏ 2023 ਕਾਡਰ ਦੇ ਪ੍ਰੋਬੇਸ਼ਨਰ ਆਈ.ਏ.ਐਸ. ਅਧਿਕਾਰੀਆਂ ਨੂੰ ਆਪਣੀ ਡਿਊਟੀ ਪੂਰੀ ਲਗਨ, ਸੰਜੀਦਗੀ, ਇਮਾਨਦਾਰੀ ਅਤੇ ਪੇਸ਼ੇਵਰ ਵਚਨਬੱਧਤਾ ਨਾਲ ਨਿਭਾਉਣ ਦਾ ਸੱਦਾ ਦਿੱਤਾ।



ਪੰਜ ਪ੍ਰੋਬੇਸ਼ਨਰ ਅਫ਼ਸਰਾਂ ਆਦਿਤਿਆ ਸ਼ਰਮਾ, ਸੁਨੀਲ, ਸੋਨਮ, ਕ੍ਰਿਤਿਕਾ ਗੋਇਲ ਅਤੇ ਰਾਕੇਸ਼ ਕੁਮਾਰ ਮੀਨਾ ਨੇ ਮੁੱਖ ਮੰਤਰੀ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ’ਤੇ ਮੁਲਾਕਾਤ ਕੀਤੀ। ਇਸ ਦੌਰਾਨ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਬਿਹਤਰੀਨ ਪ੍ਰਸ਼ਾਸਨ, ਨਾਗਰਿਕ ਕੇਂਦਰਿਤ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਭਲਾਈ ਤੇ ਵਿਕਾਸ ਯੋਜਨਾਵਾਂ ਨੂੰ ਸਮਾਂਬੱਧ ਲਾਗੂ ਕਰਨਾ ਦੇ ਚੰਗੇ ਟੀਚਿਆਂ ਦੀ ਪੂਰਤੀ ਲਈ ਆਪਣੀ ਸਮਰੱਥਾ ਅਨੁਸਾਰ ਸੇਵਾਵਾਂ ਪ੍ਰਦਾਨ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਸਾਲ 2023 ਬੈਚ ਦੇ ਇਹ ਨਵੇਂ ਆਈ.ਏ.ਐਸ. ਅਧਿਕਾਰੀ ਸੂਬੇ ਦੀ ਸ਼ਾਨ ਨੂੰ ਸਿਖਰਾਂ ’ਤੇ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਮਿਸ਼ਨਰੀ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨ ਦਾ ਸੱਦਾ ਦਿੱਤਾ। ਭਗਵੰਤ ਸਿੰਘ ਮਾਨ ਨੇ ਆਈ.ਏ.ਐਸ. ਪ੍ਰੀਖਿਆ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਨ੍ਹਾਂ ਅਧਿਕਾਰੀਆਂ ਦੀ ਚੋਣ ਪੂਰੀ ਮਿਹਨਤ, ਯੋਗਤਾ ਅਤੇ ਕਾਬਲੀਅਤ ਦੇ ਆਧਾਰ ’ਤੇ ਹੋਈ ਹੈ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਲੋਕਾਂ ਦੇ ਮਾਰਗਦਰਸ਼ਕ ਬਣ ਕੇ ਉਨ੍ਹਾਂ ਦੀ ਬਿਹਤਰੀ ਲਈ ਆਪਣੀ ਸਿੱਖਿਆ ਅਤੇ ਸਿਖਲਾਈ ਦੀ ਵੱਧ ਤੋਂ ਵੱਧ ਵਰਤੋਂ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਆਸ ਪ੍ਰਗਟਾਈ ਕਿ ਅਧਿਕਾਰੀ ਮਾਨਵਤਾਵਾਦੀ ਪਹੁੰਚ ਅਪਨਾ ਕੇ ਲੋਕ ਸੇਵਾ ਵਿੱਚ ਨਵਾਂ ਕੀਰਤੀਮਾਨ ਸਥਾਪਤ ਕਰਨਗੇ। ਭਗਵੰਤ ਸਿੰਘ ਮਾਨ ਨੇ ਠੋਸ ਵਿਉਂਤਬੰਦੀ ਅਤੇ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ’ਤੇ ਜ਼ੋਰ ਦਿੰਦੇ ਹੋਏ ਪ੍ਰੋਬੇਸ਼ਨਰਾਂ ਨੂੰ ਸਲਾਹ ਦਿੱਤੀ ਕਿ ਉਨ੍ਹਾਂ ਲਈ ਸੰਵਿਧਾਨ ਦੀ ਸਮਝ ਸਭ ਤੋਂ ਮਹੱਤਵਪੂਰਨ ਹੈ, ਜੋ ਉਨ੍ਹਾਂ ਨੂੰ ਵੱਖ-ਵੱਖ ਪੱਧਰਾਂ ’ਤੇ ਆਪਣੇ ਫਰਜ਼ਾਂ ਨੂੰ ਨਿਭਾਉਣ ਵਿੱਚ ਮਦਦ ਕਰੇਗੀ।

ਨਵੇਂ ਅਧਿਕਾਰੀਆਂ ਦੇ ਸ਼ਾਨਦਾਰ ਕੈਰੀਅਰ ਅਤੇ ਰੌਸ਼ਨ ਭਵਿੱਖ ਦੀ ਕਾਮਨਾ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਪੂਰੇ ਉਤਸ਼ਾਹ ਤੇ ਲਗਨ ਨਾਲ ਸਮਾਜ ਦੀ ਸੇਵਾ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਸਹੀ ਮਾਅਨਿਆਂ ਵਿੱਚ ਲਾਗੂ ਕਰਕੇ ਲੋਕਾਂ ਦੀਆਂ ਉਮੀਦਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ‘ਰੰਗਲਾ ਪੰਜਾਬ’ ਸਿਰਜਣ ਲਈ ਠੋਸ ਉਪਰਾਲੇ ਕਰ ਰਹੀ ਹੈ ਅਤੇ ਇਸ ਮਿਸ਼ਨ ’ਤੇ ਕੰਮ ਕਰ ਰਹੀ ਟੀਮ ਦਾ ਹਿੱਸਾ ਬਣਨ ਲਈ ਨਵੇਂ ਅਧਿਕਾਰੀਆਂ ਦਾ ਸਵਾਗਤ ਹੈ।

# ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਸਕੀਮ ਤਹਿਤ ਮੱਕੀ ਦੇ ਬੀਜ ਤੇ ਸਬਸਿਡੀ - ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ

**ਅੰਮ੍ਰਿਤਸਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋ ਕੀਤੀ ਇੱਕ ਖੋਜ ਵਿੱਚ ਦੱਸਿਆ ਗਿਆ ਹੈ ਕਿ ਪਾਣੀ ਦੀ ਵੱਧ ਵਰਤੋਂ ਹੋਣ ਕਰਕੇ ਝੋਨੇ ਦੀ ਕਾਸ਼ਤ ਸੂਬੇ ਦੇ ਧਰਤੀ ਹੇਠਲੇ ਉਪਲੱਬਧ ਜਲ ਸਰੋਤਾਂ ਲਈ ਗੰਭੀਰ ਖਤਰਾ ਪੈਦਾ ਕਰ ਰਹੀ ਹੈ। ਪੰਜਾਬ ਦੇ ਲਗਭਗ 80% ਰਕਬੇ ਵਿੱਚੋਂ ਲੋੜ ਤੋਂ ਵੱਧ ਪਾਣੀ ਧਰਤੀ ਹੇਠੋਂ ਕੱਢਿਆ ਜਾ ਰਿਹਾ, ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਖੇਤੀ ਵਿੱਚ ਵਿਭਿੰਨਤਾ ਲਿਆਉਣ, ਝੋਨੇ ਹੇਠ ਰਕਬਾ ਘਟਾਉਣ ਅਤੇ ਜ਼ਮੀਨ ਦੋਜ ਪਾਣੀ ਦੀ ਬੱਚਤ ਦੇ ਮੰਤਵ ਨਾਲ ਪੰਜਾਬ ਸਰਕਾਰ ਵੱਲੋਂ ਫਸਲੀ ਵਿਭਿੰਨਤਾ ਸਕੀਮ ਤਹਿਤ ਮੱਕੀ ਦੇ ਬੀਜ ਤੇ ਸਬਸਿਡੀ ਦਾ ਐਲਾਨ ਕੀਤਾ ਗਿਆ ਹੈ।



ਮੁੱਖ ਖੇਤਬਾੜੀ ਅਫਸਰ ਅੰਮ੍ਰਿਤਸਰ ਡਾ. ਤਜਿੰਦਰ ਸਿੰਘ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਇਸ ਸਾਲ ਕਿਸਾਨਾਂ ਨੂੰ ਮੱਕੀ ਦੇ ਬੀਜ ਤੇ 100 ਰੁਪਏ ਪ੍ਰਤੀ ਕਿੱਲੋ ਦੀ ਦਰ ਨਾਲ ਸਬਸਿਡੀ ਦਿੱਤੀ ਜਾਣੀ ਹੈ। ਸਬਸਿਡੀ ਪ੍ਰਾਪਤ ਕਰਨ ਲਈ ਕਿਸਾਨ ਵੀਰਾਂ ਨੂੰ ਵਿਭਾਗ ਦੇ ਆਨਲਾਈਨ ਪੋਰਟਲ www.agrimachinerypb.com ਤੇ ਰਜਿਸਟਰ ਕਰਨਾ ਪਵੇਗਾ ਅਤੇ ਇੱਕ ਕਿਸਾਨ ਵੱਧ ਤੋਂ ਵੱਧ 5 ਏਕੜ ਦੇ ਮੱਕੀ ਬੀਜ ਦੀ ਸਬਸਿਡੀ ਲੈ ਸਕੇਗਾ। ਸਬਸਿਡੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪ੍ਰਮਾਣਤ ਕਿਸਮਾਂ ਜਿਵੇਂ ਕਿ ਪੀ.ਐਮ.ਐੱਚ 13, ਅਡਵਾਂਟਾ 9293, ਅਡਵਾਂਟਾ 764, ਪੀ 3302, ਲਕਸ਼ਮੀ 333, ਡੀ.ਕੇ.ਸੀ 9106, 9125, 9144, ਪੀ.ਐਮ.ਐੱਚ 2255 ਆਦਿ ਤੇ ਹੀ ਦਿੱਤੀ ਜਾਵੇਗੀ।

ਉਹਨਾਂ ਦੱਸਿਆ ਕਿ ਰਾਜ ਵਿੱਚ ਝੋਨੇ ਹੇਠੋਂ ਰਕਬਾ ਘਟਾਉਣ ਅਤੇ ਮੱਕੀ ਦੀ ਫਸਲ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਖੇਤਾਂ ਵਿਚ ਮੱਕੀ ਦੇ ਪ੍ਰਦਰਸ਼ਨੀ ਪਲਾਟ ਬਿਜਵਾਏ ਜਾਣਗੇ ਅਤੇ ਕਿਸਾਨ ਨੂੰ 6000 ਰੁਪਏ ਪ੍ਰਤੀ ਹੈਕਟੇਅਰ ਦੀ ਵਿੱਤੀ ਸਹਾਇਤਾ ਇੰਨਪੁੱਟਸ ਦੇ ਰੂਪ ਵਿਚ ਦਿੱਤੀ ਜਾਵੇਗੀ, ਪ੍ਰਦਰਸ਼ਨੀਆਂ ਲਈ ਵਰਤੇ ਜਾਣ ਵਾਲੇ ਇਨਪੁਟਸ (ਜਿਵੇਂ ਕਿ ਬੀਜ, ਨਦੀਨਨਾਸ਼ਕ, ਕੀਟਨਾਸ਼ਕ ਅਤੇ ਜ਼ਿੰਕ ਸਲਫੇਟ ਆਦਿ) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਿਸ਼ਾਂ ਅਨੁਸਾਰ ਵਰਤੇ ਜਾਣਗੇ। ਉਹਨਾਂ ਦੱਸਿਆ ਕਿ ਅੰਮ੍ਰਿਤਸਰ ਵਿੱਚ ਵਿਭਾਗ ਵੱਲੋਂ ਮੱਕੀ ਦੇ 300 ਪ੍ਰਦਰਸ਼ਨੀ ਪਲਾਟ ਬਿਜਾਏ ਜਾਣਗੇ। ਕਿਸਾਨ ਵੱਲੋਂ ਆਪਣੀ ਪਸੰਦ ਅਨੁਸਾਰ ਡੀਲਰ ਤੋਂ ਆਪਣੇ ਪੱਧਰ ਤੇ ਇਨਪੁਟਸ ਖਰੀਦ ਕਰਕੇ ਖਰੀਦ ਬਿੱਲ ਸਬੰਧਤ ਬਲਾਕ ਪੱਧਰ ਤੇ ਖੇਤੀਬਾੜੀ ਵਿਭਾਗ ਦੇ ਦਫਤਰ ਵਿੱਖੇ ਜਮ੍ਹਾ ਕਰਵਾਇਆ ਜਾਵੇਗਾ। ਬਿੱਲ ਮੁਤਾਬਿਕ ਬੀਜ ਦੀ ਖਰੀਦ ਦੀ ਮਿਤੀ 20 ਮਈ 2024 ਤੋਂ 25 ਜੂਨ 2024 ਤੱਕ ਹੋਣੀ ਚਾਹੀਦੀ ਹੈ। ਉਹਨਾਂ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਪਾਣੀ ਦੀ ਬਚੱਤ ਲਈ ਝੋਨੇ ਹੇਠੋਂ ਰਕਬਾ ਘਟਾਇਆ ਜਾਵ ਅਤੇ ਮੱਕੀ ਦੀ ਕਾਸ਼ਤ ਕੀਤੀ ਜਾਵੇ, ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਕਿਸਾਨ ਆਪਣੇ ਬਲਾਕ ਦੇ ਖੇਤੀਬਾੜੀ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।

# ਕੇਂਦਰ ਨੇ ਪ੍ਰੀਖਿਆਵਾਂ 'ਚ ਗੜਬੜੀਆਂ ਰੋਕਣ ਲਈ ਸਖ਼ਤ ਕਾਨੂੰਨ ਲਾਗੂ ਕੀਤਾ, ਦੋਸ਼ੀ ਨੂੰ ਹੋਵੇਗੀ 10 ਸਾਲ ਤੱਕ ਦੀ ਸਜ਼ਾ ਤੇ ਇਕ ਕਰੋੜ ਰੁਪਏ ਦਾ ਜੁਰਮਾਨਾ

## ਪਰਚਾ ਲੀਕ ਹੀ ਨਾ ਹੋਵੇ ਅਜਿਹੀ ਪ੍ਰਕਿਰਿਆ ਦੀ ਲੋੜ ਹੈ: ਕਾਂਗਰਸ





**ਨਵੀਂ ਦਿੱਲੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਨੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਗੜਬੜੀਆਂ ਅਤੇ ਬੇਨਿਯਮੀਆਂ ਨੂੰ ਰੋਕਣ ਦੇ ਉਦੇਸ਼ ਨਾਲ ਸਖ਼ਤ ਕਾਨੂੰਨ ਲਾਗੂ ਕੀਤਾ ਹੈ। ਇਸ ਕਾਨੂੰਨ ਤਹਿਤ ਦੋਸ਼ੀ ਨੂੰ ਵੱਧ ਤੋਂ ਵੱਧ 10 ਸਾਲ ਦੀ ਕੈਦ ਅਤੇ 1 ਕਰੋੜ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਚਾਰ ਮਹੀਨੇ ਪਹਿਲਾਂ ਪਬਲਿਕ ਐਗਜ਼ਾਮੀਨੇਸ਼ਨ (ਪ੍ਰੀਵੈਨਸ਼ਨ ਆਫ ਫੇਅਰ ਮੀਨਜ਼) ਬਿੱਲ 2024 ਨੂੰ ਮਨਜ਼ੂਰੀ ਦਿੱਤੀ ਸੀ। ਪਰਸੋਨਲ ਮੰਤਰਾਲੇ ਨੇ ਸ਼ੁੱਕਰਵਾਰ ਰਾਤ ਨੂੰ ਨੋਟੀਫਿਕੇਸ਼ਨ ਜਾਰੀ ਕਰਦਿਆਂ ਕਿਹਾ ਕਿ ਇਸ ਕਾਨੂੰਨ ਦੀਆਂ ਵਿਵਸਥਾਵਾਂ 21 ਜੂਨ ਤੋਂ ਲਾਗੂ ਹੋ ਗਈਆਂ ਹਨ। ਯੂਜੀਸੀ-ਨੈੱਟ 2024 ਪ੍ਰੀਖਿਆ ਦੇ ਪ੍ਰਸ਼ਨ ਪੱਤਰ ਲੀਕ ਹੋਣ ਕਾਰਨ ਚੱਲ ਰਹੇ ਵਿਵਾਦ ਕਾਰਨ ਸਰਕਾਰ ਦੇ ਇਸ ਕਦਮ ਨੂੰ ਅਹਿਮ ਮੰਨਿਆ ਜਾ ਰਿਹਾ ਹੈ।

ਸਿੱਖਿਆ ਮੰਤਰਾਲੇ ਨੇ ਸ਼ਨਿਚਰਵਾਰ ਨੂੰ ਕਿਹਾ ਕਿ ਉਸ ਨੇ ਕੌਮੀ ਪ੍ਰੀਖਿਆ ਏਜੰਸੀ (ਐੱਨਟੀਏ) ਰਾਹੀਂ ਪ੍ਰੀਖਿਆਵਾਂ ਪਾਰਦਰਸ਼ੀ, ਨਿਰਵਿਘਨ ਅਤੇ ਨਿਰਪੱਖ ਕਰਾਉਣ ਲਈ ਇਸਰੋ ਦੇ ਸਾਬਕਾ ਮੁਖੀ ਕੇ.ਰਾਧਾਕ੍ਰਿਸ਼ਨਨ ਦੀ ਅਗਵਾਈ ਵਿੱਚ ਮਾਹਿਰਾਂ ਦੀ ਉੱਚ ਪੱਧਰੀ ਕਮੇਟੀ ਕਾਇਮ ਕੀਤੀ ਹੈ। ਮੰਤਰਾਲੇ ਦੇ ਉੱਚ ਸਿੱਖਿਆ ਵਿਭਾਗ ਨੇ ਕਿਹਾ ਕਿ ਸੱਤ ਮੈਂਬਰੀ ਕਮੇਟੀ ਪ੍ਰੀਖਿਆ ਪ੍ਰਕਿਰਿਆ ਦੇ ਤੰਤਰ ਵਿੱਚ ਸੁਧਾਰ, ਡੇਟਾ ਸੁਰੱਖਿਆ ਪ੍ਰੋਟੋਕੋਲ ਵਿੱਚ ਸੁਧਾਰ ਅਤੇ ਐੱਨਟੀਏ ਦੇ ਢਾਂਚੇ ਅਤੇ ਕੰਮਕਾਜ ਬਾਰੇ ਸਿਫਾਰਸ਼ਾਂ ਕਰੇਗੀ। ਇਸ ਵਿਚ ਕਿਹਾ ਗਿਆ ਹੈ ਕਿ ਕਮੇਟੀ ਦੋ ਮਹੀਨਿਆਂ ਵਿਚ ਆਪਣੀ ਰਿਪੋਰਟ ਮੰਤਰਾਲੇ ਨੂੰ ਸੌਂਪੇਗੀ।

ਸੈਂਟਰਲ ਯੂਨੀਵਰਸਿਟੀ ਆਫ ਹੈਦਰਾਬਾਦ ਦੇ ਵਾਈਸ-ਚਾਂਸਲਰ ਪ੍ਰੋਫੈਸਰ ਬੀਜੇ ਰਾਓ ਅਤੇ ਏਮਜ਼ ਦਿੱਲੀ ਦੇ ਸਾਬਕਾ ਡਾਇਰੈਕਟਰ ਰਣਦੀਪ ਗੁਲੇਰੀਆ ਪੈਨਲ ਵਿੱਚ ਹਨ।

**ਸੀ. ਐੱਸ. ਆਈ. ਆਰ. -ਯੂ. ਜੀ. ਸੀ.-ਨੈੱਟ ਪ੍ਰੀਖਿਆ ਵੀ ਰੱਦ**

ਇਸ ਦੇ ਨਾਲ ਹੀ ਸੀ. ਐੱਸ. ਆਈ. ਆਰ.-ਯੂ.ਜੀ.ਸੀ.-ਨੈੱਟ ਦੀ ਪ੍ਰੀਖਿਆ ਮੁਲਤਵੀ ਕਰ ਦਿੱਤੀ ਗਈ ਹੈ। ਇਹ ਪ੍ਰੀਖਿਆ ਸਿਰਫ਼ ਨੈਸ਼ਨਲ ਟੈਸਟਿੰਗ ਏਜੰਸੀ ਵਲੋਂ ਕਰਵਾਈ ਜਾਂਦੀ ਹੈ। ਇਹ ਪ੍ਰੀਖਿਆ 25 ਤੋਂ 27 ਜੂਨ ਦਰਮਿਆਨ ਹੋਣ ਵਾਲੀ ਸੀ। ਪ੍ਰੀਖਿਆ ਮੁਲਤਵੀ ਕਰਨ ਦਾ ਕਾਰਨ ਸਰੋਤਾਂ ਦੀ ਕਮੀ ਦੱਸੀ ਜਾ ਰਹੀ ਹੈ। ਐੱਨ. ਟੀ. ਏ. ਨੇ ਪ੍ਰੀਖਿਆ ਮੁਲਤਵੀ ਕਰਨ ਦੀ ਜਾਣਕਾਰੀ ਦਿੱਤੀ ਹੈ। ਨਾਲ ਹੀ ਕਿਹਾ ਕਿ ਇਸ ਪ੍ਰੀਖਿਆ ਦੇ ਆਯੋਜਨ ਲਈ ਸੰਸ਼ੋਧਿਤ ਪ੍ਰੋਗਰਾਮ ਦਾ ਐਲਾਨ ਬਾਅਦ ਵਿਚ ਅਧਿਕਾਰਤ ਵੈੱਬਸਾਈਟ ਰਾਹੀਂ ਕੀਤਾ ਜਾਵੇਗਾ। ਐੱਨ.ਟੀ.ਏ. ਨੇ ਕਿਹਾ ਕਿ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਵੇਂ ਅਪਡੇਟਸ ਲਈ ਅਧਿਕਾਰਤ ਵੈੱਬਸਾਈਟ 'ਤੇ ਜਾਂਦੇ ਰਹਿਣ। ਨਾਲ ਹੀ ਕਿਹਾ ਕਿ ਕਿਸੇ ਵੀ ਸਵਾਲ ਜਾਂ ਸਪਸ਼ਟੀਕਰਨ ਲਈ ਪ੍ਰੀਖਿਆਰਥੀ ਐੱਨ. ਟੀ. ਏ. ਹੈਲਪਡੈਸਕ ਨੰਬਰ 011-40759000 'ਤੇ ਕਾਲ ਕਰ ਸਕਦੇ ਹਨ।

ਕਾਂਗਰਸ ਨੇ ਅੱਜ ਦੋਸ਼ ਲਗਾਇਆ ਕਿ ਨੀਟ-ਗ੍ਰੈਜੂਏਟ, ਯੂਜੀਸੀ-ਨੈੱਟ ਕਾਰਨ ਚੱਲ ਰਹੇ ਵਿਵਾਦ ਦੌਰਾਨ ਕੇਂਦਰ ਸਰਕਾਰ ਨੇ ਜਨਤਕ ਪ੍ਰੀਖਿਆਵਾਂ (ਪ੍ਰੀਵੈਨਸ਼ਨ ਆਫ ਫੇਅਰ ਮੀਨਜ਼) ਐਕਟ, 2024 ਨੂੰ ਨੋਟੀਫਾਈ ਕਰਨਾ ''ਡੈਮੇਜ ਕੰਟਰੋਲ' ਦੀ ਕੋਸ਼ਿਸ਼ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀ ਕਿਹਾ ਕਿ ਇਸ ਕਾਨੂੰਨ ਦੀ ਜ਼ਰੂਰਤ ਸੀ ਪਰ ਇਹ ਪੇਪਰ ਲੀਕ ਹੋਣ ਤੋਂ ਬਾਅਦ ਦੀ ਸਥਿਤੀ ਨੂੰ ਨਜਿੱਠਦਾ ਹੈ, ਜਦੋਂ ਕਿ ਇਹ ਯਕੀਨੀ ਬਣਾਉਣ ਲਈ ਕਾਨੂੰਨ ਅਤੇ ਪ੍ਰਕਿਰਿਆਵਾਂ ਦੀ ਲੋੜ ਹੈ ਕਿ ਪੇਪਰ ਲੀਕ ਨਾ ਹੋਵੇ।

# ਬੰਗਲਾਦੇਸ਼ੀ ਨਾਗਰਿਕਾਂ ਨੂੰ ਇਲਾਜ ਲਈ ਮਿਲੇਗਾ ਈ-ਵੀਜ਼ਾ : ਮੋਦੀ



**ਨਵੀਂ ਦਿੱਲੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਦਿੱਲੀ ਦੇ ਹੈਦਰਾਬਾਦ ਹਾਊਸ @ਚ ਵਫ਼ਦ ਪੱਧਰੀ ਬੈਠਕ ਕੀਤੀ। ਇਸ ਤੋਂ ਬਾਅਦ ਦੋਹਾਂ ਨੇਤਾਵਾਂ ਨੇ ਸਾਂਝਾ ਬਿਆਨ ਜਾਰੀ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਪਿਛਲੇ ਇਕ ਸਾਲ ਵਿਚ ਅਸੀਂ 10 ਵਾਰ ਮਿਲ ਚੁੱਕੇ ਹਾਂ ਪਰ ਅੱਜ ਦੀ ਮੁਲਾਕਾਤ ਖ਼ਾਸ ਹੈ। ਅਜਿਹਾ ਇਸ ਲਈ ਕਿਉਂਕਿ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਸਾਡੇ ਤੀਜੇ ਕਾਰਜਕਾਲ ਵਿਚ ਸਾਡੀ ਪਹਿਲੀ ਮਹਿਮਾਨ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਨਵੇਂ ਵਿਜ਼ਨ ਨਾਲ ਅੱਗੇ ਵਧਾਂਗੇ।

ਬੈਠਕ ਮਗਰੋਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬੰਗਲਾਦੇਸ਼ ਨਾਲ ਸਬੰਧਾਂ ਨੂੰ ਭਾਰਤ ਤਰਜ਼ੀਹ ਦਿੰਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਅਤੇ ਬੰਗਲਾਦੇਸ਼ ਗੰਗਾ ਜਲ ਸੰਧੀ ਦੀ ਸਮੀਖਿਆ ਕਰਨ @ਤੇ ਸਹਿਮਤ ਹੋਏ ਹਨ ਅਤੇ ਬੰਗਲਾਦੇਸ਼ ਤੋਂ ਮੈਡੀਕਲ ਲਈ ਭਾਰਤ ਆਉਣ ਵਾਲਿਆਂ ਲਈ ਈ-ਵੀਜ਼ਾ ਦੀ ਸਹੂਲਤ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਦੋਵੇਂ ਦੇਸ਼ ਡਿਜੀਟਲ ਤਕਨਾਲੋਜੀ, ਸਮੁੰਦਰੀ ਅਤੇ ਪੁਲਾੜ ਖੇਤਰ ਦੀਆਂ ਪਹਿਲਕਦਮੀਆਂ ਅਤੇ ਰੱਖਿਆ ਉਤਪਾਦਨ ਅਤੇ ਮਨੁੱਖੀ ਸਰੋਤ ਵਿਕਾਸ ਦੇ ਖੇਤਰ ਵਿਚ ਸਹਿਯੋਗ ਵਧਾਉਣ ਲਈ ਸਹਿਮਤ ਹੋਏ ਹਨ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ 2026 ਵਿਚ ਬੰਗਲਾਦੇਸ਼ ਘੱਟ ਵਿਕਸਿਤ ਦੇਸ਼ ਦੀ ਸ਼੍ਰੇਣੀ ਤੋਂ ਨਿਕਲ ਕੇ ਵਿਕਾਸਸ਼ੀਲ ਦੇਸ਼ ਬਣਨ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਅਤੇ ਬੰਗਲਾਦੇਸ਼ ਨੇ ਪਿਛਲੇ ਇਕ ਹੀ ਸਾਲ ਵਿਚ ਇਕੱਠੇ ਮਿਲ ਕੇ ਲੋਕ ਕਲਿਆਣ ਦੇ ਕਈ ਮਹੱਤਵਪੂਰਨ ਯੋਜਨਾਵਾਂ ਨੂੰ ਪੂਰਾ ਕੀਤਾ ਹੈ। ਭਾਰਤ ਅਤੇ ਬੰਗਲਾਦੇਸ਼ ਵਿਚਾਲੇ ਗੰਗਾ ਨਦੀ @ਤੇ ਦੁਨੀਆ ਦੀ ਸਭ ਤੋਂ ਲੰਬੀ ਰਿਵਰ ਕਰੂਜ਼ ਸਫ਼ਲਤਾਪੂਰਵਕ ਪੂਰੀ ਹੋ ਚੁੱਕੀ ਹੈ। ਭਾਰਤ ਅਤੇ ਬੰਗਲਾਦੇਸ਼ ਵਿਚ ਪਹਿਲੀ ਕਰਾਸ ਬਾਰਡਰ ਮੈਤਰੀ ਪਾਈਪਲਾਈਨ ਪੂਰੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਿਰਫ ਇਕ ਸਾਲ ਵਿਚ ਇੰਨੇ ਸਾਰੇ ਖੇਤਰਾਂ ਵਿਚ ਇੰਨੀ ਵੱਡੀ ਪਹਿਲ ਨੂੰ ਲਾਗੂ ਕਰਨਾ ਸਾਡੇ ਸਬੰਧਾਂ ਦੀ ਗਤੀ ਅਤੇ ਪੈਮਾਨੇ ਨੂੰ ਦਰਸਾਉਂਦਾ ਹੈ।

**ਮੋਦੀ ਦੇ ਸੰਬੋਧਨ ਦੀਆਂ ਖ਼ਾਸ ਗੱਲਾਂ**

ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਹਸੀਨਾ ਨਾਲ ਗੱਲਬਾਤ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਇਲਾਜ ਲਈ ਬੰਗਲਾਦੇਸ਼ ਤੋਂ ਭਾਰਤ ਆਉਣ ਵਾਲੇ ਲੋਕਾਂ ਲਈ ਈ-ਮੈਡੀਕਲ ਵੀਜ਼ਾ ਸਹੂਲਤ ਸ਼ੁਰੂ ਕਰੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮੈਂ ਅੱਜ ਸ਼ਾਮ ਹੋਣ ਵਾਲੇ ਕ੍ਰਿਕਟ ਵਿਸ਼ਵ ਕੱਪ ਮੈਚ ਲਈ ਦੋਵਾਂ ਟੀਮਾਂ ਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ।
ਬੰਗਲਾਦੇਸ਼ ਭਾਰਤ ਦਾ ਸਭ ਤੋਂ ਵੱਡਾ ਵਿਕਾਸ ਭਾਈਵਾਲ ਹੈ ਅਤੇ ਅਸੀਂ ਬੰਗਲਾਦੇਸ਼ ਨਾਲ ਆਪਣੇ ਸਬੰਧਾਂ ਨੂੰ ਸਭ ਤੋਂ ਵੱਧ ਤਰਜੀਹ ਦਿੰਦੇ ਹਾਂ।
ਦੋਹਾਂ ਦੇਸ਼ਾਂ ਨੇ ਸੰਪਰਕ, ਵਣਜ ਅਤੇ ਸਹਿਯੋਗ ਨੂੰ ਆਪਣਾ ਫੋਕਸ ਰੱਖਿਆ ਹੈ। ਪਿਛਲੇ 10 ਸਾਲਾਂ ਵਿਚ ਅਸੀਂ 1965 ਤੋਂ ਪਹਿਲਾਂ ਦੀ ਕਨੈਕਟੀਵਿਟੀ ਨੂੰ ਬਹਾਲ ਕੀਤਾ ਹੈ।
ਹੁਣ ਅਸੀਂ ਡਿਜੀਟਲ ਅਤੇ ਐਨਰਜੀ ਕਨੈਕਟੀਵਿਟੀ @ਤੇ ਹੋਰ ਵੀ ਜ਼ਿਆਦਾ ਧਿਆਨ ਦੇਵਾਂਗੇ, ਜਿਸ ਨਾਲ ਦੋਵਾਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਨੂੰ ਹੁਲਾਰਾ ਮਿਲੇਗਾ।

# ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਡੇਰਾਬੱਸੀ ਦਾ ਦੌਰਾ

- ➢ ਟਿਵਾਣਾ, ਆਲਮਗੀਰ ਵਿਖੇ ਘੱਗਰ ਬੰਨ ਦੇ ਚੱਲ ਰਹੇ ਮਜ਼ਬੂਤੀ ਦੇ ਕੰਮ ਦਾ ਜਾਇਜ਼ਾ ਲਿਆ
- ➢ ਵਿਭਾਗ ਦੇ ਅਧਿਕਾਰੀਆਂ ਨੂੰ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਕੰਮ ਪੂਰਾ ਕਰਨ ਦੇ ਨਿਰਦੇਸ਼ ਦਿੱਤੇ



**ਡੇਰਾ ਬਸੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਵਿਭਾਗ ਦੇ ਅਧਿਕਾਰੀਆਂ ਨੂੰ ਮੌਨਸੂਨ ਦੀ ਸ਼ੁਰੂਆਤ ਦੌਰਾਨ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਘੱਗਰ ਦੇ ਟਿਵਾਣਾ ਬੰਨ੍ਹ ਦੇ ਚੱਲ ਰਹੇ ਮਜ਼ਬੂਤੀ ਦੇ ਕੰਮ ਨੂੰ ਨਿਰਧਾਰਤ ਸਮੇਂ ਵਿੱਚ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨਾਲ ਘੱਗਰ ਦੇ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਟਿਵਾਣਾ, ਅਮਲਾਲਾ, ਖਜੂਰ ਮੰਡੀ ਅਤੇ ਆਲਮਗੀਰ ਦਾ ਦੌਰਾ ਕਰਦਿਆਂ ਜੌੜਾ ਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਲ ਸਰੋਤਾਂ ਦੇ ਮੌਨਸੂਨ ਤੋਂ ਅਗਾਊਂ ਪ੍ਰਬੰਧਾਂ ਲਈ ਵਚਨਬੱਧ ਹੈ, ਜਿਸ ਤਹਿਤ ਰਾਜ ਭਰ ਵਿੱਚ ਜਲ ਸਰੋਤਾਂ ਦੀ ਮਜ਼ਬੂਤੀ ਅਤੇ ਸਫ਼ਾਈ ਦਾ ਕੰਮ ਜਾਰੀ ਹੈ ਅਤੇ ਕੰਮ ਦੀ ਗੁਣਵੱਤਾ ਅਤੇ ਸਮਾਂ ਸੀਮਾ ਵਿੱਚ ਕੋਈ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ, ਟਿਵਾਣਾ, ਆਲਮਗੀਰ ਖੇਤਰ ਵਿੱਚ ਘੱਗਰ ਦੇ ਨਾਲ 2900 ਫੁੱਟ ਲੰਬਾ ਬੰਨ੍ਹ ਲਗਾਉਣ, ਮਜ਼ਬੂਤ ਕਰਨ ਅਤੇ ਮੁਰੰਮਤ ਦੇ ਕੰਮਾਂ ਲਈ ਲਗਭਗ 9 ਕਰੋੜ ਰੁਪਏ ਦੀ ਰਕਮ ਅਲਾਟ ਕੀਤੀ ਗਈ ਹੈ, ਜਿਸ ਵਿੱਚੋਂ 2400 ਫੁੱਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਘੱਗਰ ਦੇ ਬੰਨ੍ਹ ਦੇ ਨਾਲ ਵਸੇ ਪਿੰਡਾਂ ਦੇ ਲੋਕਾਂ ਨੂੰ ਰਾਹਤ ਦੇਣ ਲਈ ਬਾਕੀ ਦੇ 500 ਫੁੱਟ ਦਾ ਕੰਮ ਵੀ ਜੰਗੀ ਪੱਧਰ 'ਤੇ ਮੁਕੰਮਲ ਕੀਤਾ ਜਾਵੇਗਾ।"

ਇਲਾਕਾ ਨਿਵਾਸੀਆਂ ਵੱਲੋਂ ਇਸ ਕੰਮ ਲਈ ਪੋਕ ਲੇਨ ਮਸ਼ੀਨ ਦੀ ਮੰਗ ਕਰਨ 'ਤੇ ਜਲ ਸਰੋਤ ਮੰਤਰੀ ਨੇ ਮੌਕੇ 'ਤੇ ਮੌਜੂਦ ਜਲ ਸਰੋਤ ਇੰਜੀਨੀਅਰਾਂ ਨੂੰ ਤੁਰੰਤ ਇਸ ਦੀ ਮਜ਼ਬੂਤੀ ਦੇ ਕੰਮ ਨੂੰ ਤੇਜ਼ ਕਰਨ ਲਈ ਲੋੜੀਂਦੀ ਮਸ਼ੀਨਰੀ ਦਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ। ਮੰਤਰੀ ਜੌੜਾਮਾਜਰਾ ਨੇ ਉੱਥੇ ਇਕੱਠੇ ਹੋਏ ਵਸਨੀਕਾਂ ਨੂੰ ਸਰਸੀਣੀ-ਸਾਧਾਂਪੁਰ ਚੋਅ ਦੀ ਸਫ਼ਾਈ ਸਮੇਤ ਮਾਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਹੜ੍ਹਾਂ ਤੋਂ ਸੁਰੱਖਿਆ ਦੇ ਸਾਰੇ ਮਾਪਦੰਡ ਅਪਣਾਏ ਜਾਣ ਦਾ ਭਰੋਸਾ ਦਿਵਾਇਆ।

ਵਿਧਾਇਕ ਕੁਲਜੀਤ ਸਿੰਘ ਨੇ ਜਲ ਸਰੋਤ ਮੰਤਰੀ ਨੂੰ ਪਿਛਲੇ ਸਾਲ ਦੇ ਹੜ੍ਹਾਂ ਦੀ ਸਥਿਤੀ ਤੋਂ ਜਾਣੂ ਕਰਵਾਉਂਦੇ ਹੋਏ ਇਲਾਕੇ ਨੂੰ ਪਟਿਆਲਾ ਰੋਡ ਨਾਲ ਜੋੜਨ ਵਾਲੇ ਅਮਲਾਲਾ ਪੁਲ ਦੀ ਮੁਰੰਮਤ ਦਾ ਕੰਮ ਪਹਿਲ ਦੇ ਆਧਾਰ 'ਤੇ ਕਰਵਾਉਣ ਦੀ ਮੰਗ ਕੀਤੀ। ਇਸੇ ਤਰ੍ਹਾਂ ਵਿਧਾਇਕ ਨੇ ਸ਼ੰਭੂ ਬਾਰਡਰ 'ਤੇ ਜਾਮ ਕਾਰਨ ਬਦਲਵੇਂ ਰਸਤੇ ਵਜੋਂ ਅਮਲਾਲਾ ਅਤੇ ਆਸ-ਪਾਸ ਦੇ ਪਿੰਡਾਂ ਵਿੱਚੋਂ ਲੰਘਣ ਵਾਲੀ ਆਵਾਜਾਈ ਕਾਰਨ ਸੜਕ ਦੀ ਮਾੜੀ ਹਾਲਤ ਦੀ ਤੁਰੰਤ ਮੁਰੰਮਤ ਕਰਵਾਉਣ ਦੀ ਮੰਗ ਵੀ ਕੀਤੀ। ਜਲ ਸਰੋਤ ਮੰਤਰੀ ਨੇ ਇਸ ਕੰਮ ਲਈ ਲੋੜੀਂਦੇ ਅਨੁਮਾਨਾਂ ਬਣਾ ਕੇ ਦੇਣ ਲਈ ਆਖਿਆ ਤਾਂ ਜੋ ਮੁੱਖ ਮੰਤਰੀ ਪੰਜਾਬ ਤੋਂ ਲੋੜੀਂਦੀ ਮਨਜ਼ੂਰੀ ਹਾਸਲ ਕੀਤੀ ਜਾ ਸਕੇ।

ਇਸ ਤੋਂ ਪਹਿਲਾਂ ਜਲ ਸਰੋਤ ਮੰਤਰੀ ਜੌੜਾਮਾਜਰਾ ਨੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨਾਲ ਟਰੱਕ ਯੂਨੀਅਨ ਡੇਰਾਬੱਸੀ ਨੇੜੇ ਮੁਬਾਰਕਪੁਰ ਕਾਜ਼ਵੇਅ ਦੇ ਚੱਲ ਰਹੇ ਕੰਮ ਦਾ ਵੀ ਦੌਰਾ ਕੀਤਾ ਅਤੇ ਨਗਰ ਕੌਂਸਲ ਡੇਰਾਬੱਸੀ ਵੱਲੋਂ ਕੀਤੇ ਰਹੇ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਵਿਧਾਇਕ ਰੰਧਾਵਾ ਨੇ ਕਿਹਾ ਕਿ ਭਾਂਖਰਪੁਰ ਤੋਂ ਈਸਾਪੁਰ ਤੱਕ ਇੱਕ ਹੋਰ ਕਾਜ਼ਵੇਅ ਦੀ ਮੁਰੰਮਤ ਦਾ ਕੰਮ ਵੀ ਚੱਲ ਰਿਹਾ ਹੈ ਅਤੇ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਇਹ ਕੰਮ ਮੁਕੰਮਲ ਹੋਣ ਦੀ ਉਮੀਦ ਹੈ। ਇਸ ਕੰਮ 'ਤੇ ਕਰੀਬ ਇੱਕ ਕਰੋੜ ਰੁਪਏ ਦਾ ਖਰਚ ਹੋਣ ਦੀ ਸੰਭਾਵਨਾ ਹੈ।

ਵਿਧਾਇਕ ਰੰਧਾਵਾ ਨੇ ਜਲ ਸਰੋਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਘੱਗਰ ਦੇ ਚੱਲ ਰਹੇ ਕੰਮਾਂ ਨੂੰ ਮੁਕੰਮਲ ਕਰਨ ਲਈ ਘੱਗਰ ਦਾ ਦੌਰਾ ਸਾਰਥਕ ਸਿੱਧ ਹੋਵੇਗਾ ਅਤੇ ਨਾਲ ਹੀ ਹਜ਼ਾਰਾਂ ਲੋਕਾਂ ਨੂੰ ਘੱਗਰ ਦੇ ਹੜ੍ਹ ਵਰਗੀ ਸਥਿਤੀ ਤੋਂ ਵੱਡੀ ਰਾਹਤ ਮਿਲੇਗੀ।

ਇਸ ਮੌਕੇ ਐਸ ਡੀ ਐਮ ਡੇਰਾਬੱਸੀ ਹਿਮਾਂਸ਼ੂ ਗੁਪਤਾ, ਚੀਫ਼ ਇੰਜਨੀਅਰ ਜਲ ਸਰੋਤ ਹਰਦੀਪ ਸਿੰਘ ਮਹਿੰਦੀਰੱਤਾ, ਨਿਗਰਾਨ ਇੰਜਨੀਅਰ ਮਨੋਜ ਬਾਂਸਲ ਅਤੇ ਕਾਰਜਕਾਰੀ ਇੰਜਨੀਅਰ ਗੁਰਤੇਜ ਸਿੰਘ ਗਰਚਾ ਵੀ ਹਾਜ਼ਰ ਸਨ।

# ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਪੰਜਾਬ ਵਾਸੀਆਂ ਨੇ ਲਿਆ ਸੰਕਲਪ



**ਪਟਿਆਲਾ, 23 ਜੂਨ**
**-ਪ੍ਰੈਸ ਕੀ ਤਾਕਤ ਬਿਊਰੋ-**

ਨਿਊ ਪਟਿਆਲਾ ਵੈਲਫੇਅਰ ਕਲੱਬ ਦੇ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਮਨੁੱਖਤਾ ਭਲਾਈ ਗਤੀਵਿਧੀਆਂ ਅਤੇ ਸਮਾਜ ਹਿੱਤ ਕਾਰਜਾਂ ਵਿੱਚ ਹਮੇਸ਼ਾ ਤੱਤਪਰ ਰਹਿਣ ਤੇ ਰੁਚੀ ਰੱਖਣ ਵਾਲੇ ਸੂਝਵਾਨ ਵਿਅਕਤੀਆਂ ਨੇ ਕਲੱਬ ਨਾਲ ਜੁੜਕੇ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਡੱਟਕੇ ਖੜੇ ਹੋਣ ਦਾ ਸੰਕਲਪ ਲਿਆ। ਜਿਨ੍ਹਾਂ ਨੂੰ ਕਲੱਬ ਵੱਲੋਂ ਸਿਰੋਪੇ ਪਾ ਕੇ ਸ਼ਾਮਲ ਕੀਤਾ ਗਿਆ ਤੇ ਸ਼ਾਮਲ ਹੋਏ ਸਾਹਿਬਾਨਾਂ ਨੇ ਕਿਹਾ ਕਿ ਅਸੀਂ ਸੇਵਾ ਅਤੇ ਸਰਵ ਸਮਾਜ ਦੇ ਭਲਾਈ ਕਾਰਜਾਂ ਨੂੰ ਤਨਦੇਹੀ ਨਾਲ ਨਿਭਾਵਾਂਗੇ ਤੇ ਜੀਅ ਜਾਨ ਲਗਾ ਦੇਵਾਂਗੇ। ਇਸ ਮੌਕੇ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਜਿਨਾਂ ਦੇ ਹੌਸਲੇ ਬੁਲੰਦ ਹੁੰਦੇ ਹਨ ਉਹ ਲੋਕ ਚਟਾਨ ਵਾਂਗ ਖੜੇ ਰਹਿੰਦੇ ਹਨ। ਜਿਸ ਲਈ ਬੁਲੰਦ ਹੌਸਲਿਆਂ ਨਾਲ ਬੁਰਾਈਆਂ ਤੇ ਗੰਭੀਰ ਸਮੱਸਿਆਵਾਂ ਤੋਂ ਮੁਕਤੀ ਪਾਈ ਜਾ ਸਕਦੀ ਹੈ। ਜਿਸ ਦੇ ਲਈ ਸਾਨੂੰ ਲੋਕ ਹਿੱਤ ਤੇ ਡੱਟਕੇ ਪਹਿਰਾ ਦੇਣਾ ਪਵੇਗਾ। ਪੰਜਾਬ ਵਿੱਚ ਮਿਲਾਵਟ ਖੋਰੀ, ਭ੍ਰਿਸ਼ਟਾਚਾਰ, ਬੇਰੋਜਗਾਰੀ, ਨਸ਼ੇ ਅਤੇ ਮਹਿਲਾਵਾਂ ਅਸੁਰੱਖਿਆ ਸੰਬੰਧੀ ਅਨੇਕਾਂ ਸਮੱਸਿਆਵਾਂ ਤੋਂ ਮੁਕਤੀ ਦੁਵਾਉਣ ਲਈ ਕਲੱਬ ਵੱਲੋਂ ਨਵਾਂ ਇਨਕਲਾਬ ਲਿਆਉਣ ਲਈ ਇੱਕ ਜੁੱਟ ਹੋ ਕੇ ਇੱਕ ਹੋਰ ਜੰਗ ਲੜੀ ਜਾ ਰਹੀ ਹੈ। ਜਿਸ ਨੂੰ ਵੇਖ ਲੋਕਾਂ ਦਾ ਕਲੱਬ ਨਾਲ ਰੋਜ਼ਾਨਾ ਜੁੜਨਾ ਲਗਾਤਾਰ ਜਾਰੀ ਹੈ। ਸਮਾਜ ਦੇ ਅਧਿਕਾਰਾਂ ਲਈ ਸਰਕਾਰਾਂ ਦੀਆਂ ਗਲਤ ਨੀਤੀਆਂ ਵਿਰੁੱਧ ਮੈਦਾਨ ਵਿੱਚ ਉਤਰੇ ਹੋਏ ਹਾਂ ਜਿਸ ਲਈ ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਬਦਲਾਅ ਲਿਆਉਣ ਲਈ ਕਲੱਬ ਵਲੋਂ ਅਹਿਮ ਭੂਮਿਕਾ ਨਿਭਾ ਰਿਹਾ ਹੈ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਸਮਾਜ ਨੂੰ ਗੰਧਲਾ ਕਰਨ ਵਾਲੀਆਂ ਅਤੇ ਸਰੀਰਕ ਨੁਕਸਾਨ ਦੀਆਂ ਸਮੱਸਿਆਵਾ ਪੈਦਾ ਕਰਨ ਵਾਲੀਆਂ ਸਮਾਜਿਕ ਕੁਰੀਤੀਆਂ ਦੇ ਖਾਤਮੇ ਲਈ ਪੰਜਾਬ ਦੇ ਹਰਇੱਕ ਵਿਅਕਤੀ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।

# ਜ਼ਮੀਨ ਦਾ ਇੰਤਕਾਲ ਕਰਨ ਬਦਲੇ 10,000 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਕਾਬੂ



**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਮਾਲ ਹਲਕਾ ਢਪਈ, ਸਬ ਤਹਿਸੀਲ ਕਾਦੀਆਂ ਵਿਖੇ ਤਾਇਨਾਤ ਇੱਕ ਮਾਲ ਪਟਵਾਰੀ ਨਵਿੰਦਰਪਾਲ ਨੂੰ 10,000 ਰੁਪਏ ਰਿਸ਼ਵਤ ਮੰਗ ਕੇ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪਟਵਾਰੀ ਨੂੰ ਗੁਰਦਾਸਪੁਰ ਦੇ ਪਿੰਡ ਢਪਈ ਦੇ ਵਸਨੀਕ ਹਰਜਾਪ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਛਾਪਾ ਮਾਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਬਿਆਨ ਦਿੱਤਾ ਸੀ ਕਿ ਉਕਤ ਪਟਵਾਰੀ ਸ਼ਿਕਾਇਤਕਰਤਾ ਦੀ ਪਤਨੀ ਦੇ ਨਾਂ 'ਤੇ ਜ਼ਮੀਨ ਦਾ ਇੰਤਕਾਲ ਦਰਜ ਕਰਨ ਬਦਲੇ ਪਹਿਲਾਂ ਹੀ 2,000 ਰੁਪਏ ਰਿਸ਼ਵਤ ਵਜੋਂ ਲੈ ਚੁੱਕਾ ਹੈ ਅਤੇ ਹੁਣ 10,000 ਰੁਪਏ ਰਿਸ਼ਵਤ ਦੀ ਹੋਰ ਮੰਗ ਰਿਹਾ ਹੈ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ।

ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜ਼ਮ ਪਟਵਾਰੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਪਟਵਾਰੀ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਅਗਲੇਰੀ ਪੁੱਛਗਿੱਛ ਜਾਰੀ ਹੈ।

# ਮੱਧ ਪ੍ਰਦੇਸ਼ 'ਚ 5 ਬੰਦਿਆਂ ਨੇ ਔਰਤ ਨੂੰ ਸ਼ਰੇਆਮ ਡੰਡੇ ਨਾਲ ਕੁੱਟਿਆ



**ਧਾਰ (ਮੱਧ ਪ੍ਰਦੇਸ਼), 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੱਧ ਪ੍ਰਦੇਸ਼ ਦੇ ਕਬਾਇਲੀ ਇਲਾਕੇ ਧਾਰ ਜ਼ਿਲ੍ਹੇ ਵਿੱਚ ਔਰਤ ਦੀ ਸ਼ਰੇਆਮ ਕੁੱਟਮਾਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਉਣ ਤੋਂ ਬਾਅਦ ਪੁਲੀਸ ਨੇ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਚਾਰ ਵਿਅਕਤੀਆਂ ਨੇ ਔਰਤ ਨੂੰ ਫੜਿਆ ਹੋਇਆ ਹੈ, ਜਦਕਿ ਇਕ ਵਿਅਕਤੀ ਉਸ ਨੂੰ ਡੰਡੇ ਨਾਲ ਕੁੱਟ ਰਿਹਾ ਹੈ। ਵੀਡੀਓ 'ਚ ਇਹ ਵੀ ਦੇਖਿਆ ਜਾ ਸਕਦਾ ਹੈ ਕਿ ਉੱਥੇ ਮੌਜੂਦ ਲੋਕ ਤਮਾਸ਼ਾ ਦੇਖ ਰਹੇ ਹਨ। ਇਹ ਘਟਨਾ 20 ਜੂਨ ਦੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਔਰਤ ਕਥਿਤ ਤੌਰ 'ਤੇ ਇਕ ਵਿਅਕਤੀ ਨਾਲ ਭੱਜ ਗਈ। ਇਸ ਤੋਂ ਬਾਅਦ ਪਰਿਵਾਰ ਨੇ ਉਸ ਨੂੰ ਘੇਰ ਲਿਆ ਤੇ ਕੁੱਟਮਾਰ ਕੀਤੀ। ਕਾਂਗਰਸ ਨੇ ਰਾਜ ਦੀ ਭਾਜਪਾ ਸਰਕਾਰ 'ਤੇ ਦੋਸ਼ ਲਗਾਇਆ ਹੈ ਕਿ ਇਥੇ ਔਰਤਾਂ ਸੁਰੱਖਿਅਤ ਨਹੀਂ ਹਨ।

# ਪੀ.ਐਸ.ਪੀ.ਸੀ.ਐਲ ਨੇ 19 ਜੂਨ ਨੂੰ 16,078 ਮੈਗਾਵਾਟ ਦੀ ਸਭ ਤੋਂ ਵੱਧ ਮੰਗ ਨੂੰ ਸਫਲਤਾਪੂਰਵਕ ਪੂਰਾ ਕੀਤਾ: ਹਰਭਜਨ ਸਿੰਘ ਈ.ਟੀ.ਓ.



**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਪੀ.ਐਸ.ਪੀ.ਸੀ.ਐਲ ਨੇ ਬਿਜਲੀ ਦੀ ਪਿਛਲੇ ਸਾਲ ਦੀ ਵੱਧ ਤੋਂ ਵੱਧ 15,325 ਮੈਗਾਵਾਟ ਦੀ ਮੰਗ ਨੂੰ ਪਾਰ ਕਰਦਿਆਂ ਇਸ ਸਾਲ 19 ਜੂਨ ਨੂੰ 16,078 ਮੈਗਾਵਾਟ ਦੀ ਆਪਣੀ ਹੁਣ ਤੱਕ ਦੀ ਸਭ ਤੋਂ ਉੱਚੀ ਮੰਗ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ ਅਤੇ ਸੂਬੇ ਭਰ ਵਿੱਚ ਝੋਨੇ ਦੀ ਫ਼ਸਲ ਦੀ ਬਿਜਾਈ ਲਈ ਖੇਤੀਬਾੜੀ ਫੀਡਰਾਂ ਨੂੰ ਰੋਜ਼ਾਨਾ 8 ਘੰਟੇ ਮੁਹੱਈਆ ਨਿਰਵਿਘਨ ਬਿਜਲੀ ਸਪਲਾਈ ਕਰਵਾਉਣ ਦੇ ਨਾਲ-ਨਾਲ ਕਿਸੇ ਵੀ ਖਪਤਕਾਰ ਵਰਗ 'ਤੇ ਕੋਈ ਕੱਟ ਨਹੀਂ ਲਗਾਏ ਗਏ।

ਬਿਜਲੀ ਮੰਤਰੀ ਨੇ ਦੱਸਿਆ ਕਿ ਰਾਜ ਭਰ ਵਿੱਚ 11 ਕੇਵੀ ਦੇ 13340 ਫੀਡਰ ਹਨ ਜਿਨ੍ਹਾਂ ਵਿੱਚੋਂ 6954 ਫੀਡਰ ਕਰੀਬ 14 ਲੱਖ ਟਿਊਬਵੈੱਲ ਕੁਨੈਕਸ਼ਨਾਂ ਨੂੰ ਖੇਤੀਬਾੜੀ ਸਪਲਾਈ ਪ੍ਰਦਾਨ ਕਰਦੇ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਲੋੜੀਂਦੀ ਬਿਜਲੀ ਉਪਲਬਧਤਾ ਦੇ ਪ੍ਰਬੰਧ ਅਤੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ ਦੇ ਕੰਮਾਂ ਸਮੇਤ ਕਈ ਕਦਮ ਚੁੱਕੇ ਹਨ।

ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਵੱਲੋਂ ਝੋਨੇ ਦੇ ਚੱਲ ਰਹੇ ਸੀਜ਼ਨ ਲਈ ਸੂਬੇ ਦੇ ਬਿਜਲੀ ਸਪਲਾਈ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਵਧੀਕ ਮੁੱਖ ਸਕੱਤਰ ਬਿਜਲੀ ਸ੍ਰੀ ਤਜਵੀਰ ਸਿੰਘ, ਸੀ.ਐਮ.ਡੀ./ਪੀ.ਐਸ.ਪੀ.ਸੀ.ਐਲ. ਇੰਜ. ਬਲਦੇਵ ਸਿੰਘ ਸਰਾਂ, ਡਾਇਰੈਕਟਰ ਡਿਸਟਰੀਬਿਊਸ਼ਨ, ਪੀ.ਐਸ.ਪੀ.ਸੀ.ਐਲ., ਇੰਜ. ਡੀ.ਪੀ.ਐਸ. ਗਰੇਵਾਲ, ਅਤੇ ਡਾਇਰੈਕਟਰ ਜਨਰੇਸ਼ਨ, ਪੀ.ਐਸ.ਪੀ.ਸੀ.ਐਲ, ਇੰਜ. ਪਰਮਜੀਤ ਸਿੰਘ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਪੀ.ਐਸ.ਪੀ.ਸੀ.ਐਲ ਦੇ ਅਧਿਕਾਰੀਆਂ ਨੇ ਬਿਜਲੀ ਮੰਤਰੀ ਨੂੰ ਜਾਣੂ ਕਰਵਾਇਆ ਕਿ ਇਸ ਗਰਮੀ ਵਿੱਚ ਵੱਧ ਰਹੀ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਕਈ ਉਪਾਅ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸ਼ਹਿਰੀ ਕੇਂਦਰਾਂ ਵਿੱਚ ਮੋਬਾਈਲ ਟਰਾਂਸਫਾਰਮਰ ਸਥਾਪਤ ਕਰਨਾ, ਡਿਵੀਜ਼ਨ ਪੱਧਰ ਅਤੇ ਗਰਿੱਡ ਸਬਸਟੇਸ਼ਨ 'ਤੇ ਮਟੀਰੀਅਲ ਸਟੋਰ ਸਥਾਪਤ ਕਰਨਾ, ਡਵੀਜ਼ਨ ਪੱਧਰ 'ਤੇ 104 ਨੋਡਲ ਸ਼ਿਕਾਇਤ ਕੇਂਦਰ ਸਥਾਪਤ ਕਰਨਾ, 21 ਸਰਕਲਾਂ 'ਤੇ ਕੰਟਰੋਲ ਰੂਮ ਸਥਾਪਤ ਕਰਨਾ, ਸ਼ਿਕਾਇਤਾਂ ਦੇ ਨਿਪਟਾਰੇ ਲਈ ਮੁੱਖ ਦਫ਼ਤਰ ਦੇ ਕੰਟਰੋਲ ਰੂਮ ਤੋਂ ਇਲਾਵਾ 5 ਜ਼ੋਨ ਸਥਾਪਤ ਕਰਨਾ ਅਤੇ ਸ਼ਿਕਾਇਤਾਂ ਨਾਲ ਨਜਿੱਠਣ ਲਈ ਲੋੜੀਂਦੀ ਮੈਨਪਾਵਰ ਤਾਇਨਾਤ ਕਰਨਾ ਆਦਿ ਸ਼ਾਮਿਲ ਹਨ।

ਇਸ ਤੋਂ ਇਲਾਵਾ, ਪੀ.ਐਸ.ਪੀ.ਸੀ.ਐਲ. ਵੱਲੋਂ ਦੱਸਿਆ ਗਿਆ ਕਿ ਝੋਨੇ ਦੇ ਸੀਜ਼ਨ ਦੌਰਾਨ ਲੋੜਾਂ ਨੂੰ ਪੂਰਾ ਕਰਨ ਲਈ ਡਿਸਟ੍ਰੀਬਿਊਸ਼ਨ ਟਰਾਂਸਫਾਰਮਰਾਂ, ਕੇਬਲਾਂ/ਪੀ.ਵੀ.ਸੀ, ਕੰਡਕਟਰਾਂ, ਖੰਭਿਆਂ ਅਤੇ ਹੋਰ ਸਮਾਨ ਦੀ ਸਟਾਕ ਸਥਿਤੀ ਅਤੇ ਸਪਲਾਈ ਲੋੜੀਂਦੀ ਮਾਤਰਾ ਵਿੱਚ ਮੌਜੂਦ ਹੈ। ਪੀ.ਐਸ.ਪੀ.ਸੀ.ਐਲ ਵੱਲੋਂ ਇਹ ਵੀ ਦੱਸਿਆ ਗਿਆ ਕਿ ਝੋਨੇ ਦੇ ਸੀਜ਼ਨ ਤੋਂ ਪਹਿਲਾਂ ਡਿਸਟ੍ਰੀਬਿਊਸ਼ਨ ਟਰਾਂਸਫਾਰਮਰਾਂ ਅਤੇ ਪਾਵਰ ਲਾਈਨਾਂ ਸਮੇਤ ਬਿਜਲੀ ਵੰਡ ਪ੍ਰਣਾਲੀ ਦਾ ਵਿਆਪਕ ਰੱਖ-ਰਖਾਅ ਕੀਤਾ ਗਿਆ। ਇਸ ਪ੍ਰਬੰਧਾਂ ਦੇ ਨਤੀਜੇ ਵਜੋਂ ਪੰਜਾਬ ਵਿੱਚ ਇਸ ਸਾਲ ਬਿਜਲੀ ਦੀ ਚੰਗਿਆੜੀ ਕਾਰਨ ਫਸਲਾਂ ਨੂੰ ਅੱਗ ਲੱਗਣ ਦੀ ਕੋਈ ਵੀ ਘਟਨਾ ਰਿਪੋਰਟ ਨਹੀਂ ਹੋਈ।

ਬਿਜਲੀ ਮੰਤਰੀ ਨੇ ਪੀ.ਐਸ.ਪੀ.ਸੀ.ਐਲ. ਨੂੰ ਹਦਾਇਤ ਕੀਤੀ ਕਿ ਗਰਮੀਆਂ ਦੇ ਮੌਸਮ ਦੌਰਾਨ ਬਿਜਲੀ ਦੇ ਕੱਟ ਨਾ ਲੱਗਣ ਨੂੰ ਯਕੀਨੀ ਬਣਾਇਆ ਜਾਵੇ। ਮੀਟਿੰਗ ਦੀ ਸਮਾਪਤੀ ਬਿਜਲੀ ਮੰਤਰੀ ਨੇ ਬਿਜਲੀ ਕੰਪਨੀਆਂ ਵੱਲੋਂ ਕੀਤੀਆਂ ਤਿਆਰੀਆਂ 'ਤੇ ਤਸੱਲੀ ਪ੍ਰਗਟ ਕਰਦਿਆਂ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਭਰੋਸਾ ਹੈ ਕਿ ਗਰਮੀ ਦੇ ਮੌਸਮ ਦੌਰਾਨ ਪੰਜਾਬ ਦੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ।

# 'ਨਸ਼ੇ ਤੇ ਸੱਟੇ ਦਾ ਅੱਡਾ ਹੈ ਜਲੰਧਰ ਵੈਸਟ' : ਪ੍ਰਤਾਪ ਬਾਜਵਾ



**ਜਲੰਧਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਦੀ ਜ਼ਿਮਨੀ ਚੋਣ ਵਿਚਾਲੇ ਕਾਂਗਰਸ ਵੱਲੋਂ ਕੀਤੀਆਂ ਗਈਆਂ ਤਿਆਰੀਆਂ ਬਾਰੇ ਬੋਲਦਿਆਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪਾਰਟੀ ਦੀ ਜਿੱਤ ਦਾ ਦਾਅਵਾ ਕੀਤਾ ਹੈ। ਇਸ ਦੇ ਨਾਲ ਹੀ ਅਹਿਮ ਬਿਆਨ ਦਿੰਦੇ ਹੋਏ ਕਿਹਾ ਕਿ ਜਲੰਧਰ ਵੈਸਟ ਹਲਕਾ ਨਸ਼ੇ ਅਤੇ ਸੱਟਾ ਦਾ ਅੱਡਾ ਬਣਦਾ ਜਾ ਰਿਹਾ ਹੈ। ਉਨ੍ਹਾਂ ਸ਼ੀਤਲ ਅੰਗੁਰਾਲ, ਰਿੰਕੂ ਅਤੇ ਸੱਤਾ ਧਿਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਭਾਜਪਾ ਸਭ ਗੈਰ-ਸੰਵਿਧਾਨਕ ਕਰ ਰਹੀ ਹੈ। ਜਿਸ ਵਿਅਕਤੀ ਨੇ ਆਪ੍ਰੇਸ਼ਨ ਲੋਟਸ ਦੇ ਦੋਸ਼ ਲਾਏ, ਅੱਜ ਉਹੀ ਸ਼ੀਤਲ ਅੰਗਰਾਲ ਉਨ੍ਹਾਂ ਦਾ ਉਮੀਦਵਾਰ ਹੈ। ਉਨ੍ਹਾਂ ਲੀਡਰਾਂ 'ਤੇ ਪੈਸੇ ਖਾਤਿਰ ਵਿਕਣ ਦੇ ਵੀ ਦੋਸ਼ ਲਾਏ। ਬਾਜਵਾ ਨੇ ਇਹ ਵੀ ਭਵਿੱਖਬਾਣੀ ਕੀਤੀ ਕਿ ਜਲੰਧਰ ਦੀ ਜ਼ਿਮਨੀ ਚੋਣ ਤੋਂ ਬਾਅਦ ਪੰਜਾਬ ਦੀ ਸਿਆਸਤ ਵਿਚ ਵੱਡਾ ਫੇਰਬਦਲ ਹੋਵੇਗਾ।

# ਸਰਸਾ ਨੰਗਲ ਨੇੜੇ ਹੁੱਲੜਬਾਜ਼ਾਂ ਨੇ ਅੱਧੀ ਦਰਜਨ ਹਿਮਾਚਲ ਨੰਬਰ ਕਾਰਾਂ 'ਤੇ ਹਮਲਾ ਕੀਤਾ

**ਘਨੌਲੀ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਰਤਗੜ੍ਹ ਪੁਲੀਸ ਚੌਕੀ ਅਧੀਨ ਵਿਰਸਾ ਹੋਟਲ ਦੇ ਸਾਹਮਣੇ ਸਰਸਾ ਨੰਗਲ ਵਿਖੇ ਬੀਤੀ ਰਾਤ ਹੁੱਲੜਬਾਜ਼ਾਂ ਨੇ ਹਿਮਾਚਲ ਨੰਬਰ ਵਾਲੀਆਂ ਲਗਪਗ ਅੱਧੀ ਦਰਜਨ ਕਾਰਾਂ ਦੇ ਸ਼ੀਸ਼ੇ ਤੋੜ ਦਿੱਤੇ। ਇਸ ਸਬੰਧੀ ਪੁਲੀਸ ਨੂੰ ਸੂਚਨਾ ਮਿਲਣ 'ਤੇ ਥਾਣਾ ਕੀਰਤਪੁਰ ਸਾਹਿਬ ਦੇ ਐੱਸਐੱਚਓ ਜਤਿਨ ਕਪੂਰ ਅਤੇ ਭਰਤਗੜ੍ਹ ਪੁਲੀਸ ਦੇ ਚੌਕੀ ਇੰਚਾਰਜ ਚਰਨ ਸਿੰਘ ਪੁਲੀਸ ਫੋਰਸ ਸਮੇਤ ਮੌਕੇ 'ਤੇ ਪੁੱਜੇ ਅਤੇ ਉਨ੍ਹਾਂ 4 ਨੌਜਵਾਨਾਂ ਨੂੰ ਕਾਬੂ ਕਰ ਲਿਆ, ਜਦੋਂ ਕਿ 4-5 ਨੌਜਵਾਨ ਫ਼ਰਾਰ ਹੋ ਗਏ। ਐੱਸਐੱਚਓ ਨੇ ਦੱਸਿਆ ਕਿ ਨੌਜਵਾਨ ਕਥਿਤ ਤੌਰ 'ਤੇ ਸ਼ਰਾਬੀ ਸਨ ਤੇ ਉਨ੍ਹਾਂ ਦਾ ਮੈਡੀਕਲ ਕਰਵਾਉਣ ਉਪਰੰਤ ਕਾਰਵਾਈ ਕੀਤੀ ਗਈ। ਅੱਜ ਟੈਕਸੀ ਚਾਲਕਾਂ ਦੇ ਬਿਆਨ ਕਲਮਬੱਧ ਕੀਤੇ ਜਾਣਗੇ।

ਪੇਪਰ ਲੀਕ ਸਬੰਧੀ ਇਸ ਸਾਲ ਫਰਵਰੀ 'ਚ ਪਾਸ ਕੀਤਾ ਗਿਆ ਕਾਨੂੰਨ ਅੱਜ ਤੋਂ ਲਾਗੂ ਹੋ ਗਿਆ ਹੈ। ਸਰਕਾਰ ਨੇ ਇਸ ਨਵੇਂ ਕਾਨੂੰਨ ਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਨਵਾਂ ਕਾਨੂੰਨ ਲੋਕ ਪ੍ਰੀਖਿਆ ਐਕਟ 2024 ਦੇ ਲਾਗੂ ਹੋਣ ਤੋਂ ਬਾਅਦ ਜਨਤਕ ਇਮਤਿਹਾਨ 'ਚ ਗ਼ਲਤ ਤਰੀਕੇ ਵਰਤਣ 'ਤੇ ਹੁਣ 3 ਤੋਂ 5 ਸਾਲ ਦੀ ਸਜ਼ਾ ਅਤੇ 10 ਲੱਖ ਰੁਪਏ ਤੱਕ ਦਾ ਜ਼ੁਰਮਾਨਾ ਹੋ ਸਕਦਾ ਹੈ। ਇਸ ਵਿਚ ਨਕਲ ਰੋਕਣ ਲਈ ਘੱਟੋ-ਘੱਟ 3 ਤੋਂ 5 ਸਾਲ ਤੱਕ ਦੀ ਕੈਦ ਅਤੇ ਅਜਿਹੇ ਸੰਗਠਿਤ ਅਪਰਾਧ 'ਚ ਸ਼ਾਮਲ ਵਿਅਕਤੀਆਂ ਲਈ 5 ਤੋਂ 10 ਸਾਲ ਤੱਕ ਦੀ ਕੈਦ ਦੀ ਵਿਵਸਥਾ ਹੈ। ਪ੍ਰਸਤਾਵਿਤ ਕਾਨੂੰਨ 'ਚ ਘੱਟੋ-ਘੱਟ 1 ਕਰੋੜ ਰੁਪਏ ਦੇ ਜੁਰਮਾਨੇ ਦੀ ਵੀ ਵਿਵਸਥਾ ਹੈ। ਇਸ ਦੇ ਨਾਲ ਹੀ ਲੋਕ ਪ੍ਰੀਖਿਆ ਕਾਨੂੰਨ 2024 'ਚ ਕਿਹਾ ਗਿਆ ਹੈ ਕਿ ਪ੍ਰਸ਼ਨ ਪੱਤਰ ਜਾਂ ਉੱਤਰ ਕੁੰਜੀ ਦਾ ਲੀਕ ਹੋਣਾ, ਕਿਸੇ ਉਮੀਦਵਾਰ ਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਜਨਤਕ ਪ੍ਰੀਖਿਆ 'ਚ ਮਦਦ ਕਰਨਾ ਅਤੇ ਕੰਪਿਊਟਰ ਸਿਸਟਮ ਨਾਲ ਛੇੜਛਾੜ ਕਰਨਾ ਕਿਸੇ ਵਿਅਕਤੀ, ਲੋਕਾਂ ਦੇ ਸਮੂਹ ਜਾਂ ਸੰਸਥਾਵਾਂ ਵੱਲੋਂ ਕੀਤੇ ਗਏ ਅਪਰਾਧ ਹਨ।

# ਜੋਧਪੁਰ 'ਚ ਫ਼ਿਰਕੂ ਹਿੰਸਾ ਭੜਕੀ, ਪਥਰਾਅ ਕਾਰਨ ਦੋ ਪੁਲੀਸ ਮੁਲਾਜ਼ਮ ਜ਼ਖ਼ਮੀ ਤੇ ਦੁਕਾਨ-ਵਾਹਨ ਫੂਕੇ




**ਜੋਧਪੁਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਸਥਾਨ ਦੇ ਜੋਧਪੁਰ ਦੇ ਇਲਾਕੇ ਵਿੱਚ ਫਿਰਕੂ ਹਿੰਸਾ ਭੜਕਣ ਕਾਰਨ ਪੱਥਰਬਾਜ਼ੀ ਵਿੱਚ ਦੋ ਪੁਲੀਸ ਮੁਲਾਜ਼ਮ ਜ਼ਖ਼ਮੀ ਹੋ ਗਏ, ਦੁਕਾਨ ਨੂੰ ਅੱਗ ਲਾ ਦਿੱਤੀ ਗਈ ਅਤੇ ਦੋ ਵਾਹਨਾਂ ਨੂੰ ਨੁਕਸਾਨ ਪਹੁੰਚਾਇਆ ਗਿਆ। ਸੂਰ ਸਾਗਰ ਇਲਾਕੇ 'ਚ ਰਾਜਾਰਾਮ ਸਰਕਲ ਨੇੜੇ ਈਦਗਾਹ ਦੇ ਪਿਛਲੇ ਪਾਸੇ ਗੇਟ ਬਣਾਉਣ ਕਾਰਨ ਬੀਤੀ ਰਾਤ ਨੂੰ ਝੜਪ ਹੋ ਗਈ ਸੀ। ਇਲਾਕੇ ਦੇ ਲੋਕ ਗੇਟ ਬਣਾਉਣ ਦਾ ਵਿਰੋਧ ਕਰ ਰਹੇ ਹਨ। ਬੀਤੀ ਰਾਤ ਤਣਾਅ ਵਧ ਗਿਆ ਅਤੇ ਕੁਝ ਲੋਕਾਂ ਨੇ ਪਥਰਾਅ ਕੀਤਾ, ਜਿਸ 'ਚ ਦੋ ਪੁਲੀਸ ਮੁਲਾਜ਼ਮ ਜ਼ਖਮੀ ਹੋ ਗਏ। ਦੁਕਾਨ ਅਤੇ ਟਰੈਕਟਰ ਨੂੰ ਅੱਗ ਲਗਾ ਦਿੱਤੀ ਗਈ ਅਤੇ ਜੀਪ ਦੀ ਭੰਨਤੋੜ ਕੀਤੀ ਗਈ। ਇਸ ਸਬੰਧੀ ਪੁਲੀਸ ਨੇ 40 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ।

# ਸਤਿਗੁਰ ਸੰਤ ਭਗਤ ਕਬੀਰ ਦਾਸ ਮਹਾਰਾਜ ਜੀ ਦਾ ਜਨਮ ਦਿਹਾੜਾ ਬੂਟੇ ਲਗਾ ਕੇ ਮਨਾਇਆ

**ਮਾਛੀਵਾੜਾ ਸਾਹਿਬ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਮਿਊਂਸੀਪਲ ਕਰਮਚਾਰੀ ਦਲ (ਰਜਿ:) ਮਾਛੀਵਾੜਾ ਸਾਹਿਬ ਵੱਲੋਂ ਕਮਿਊਨਿਟੀ ਸੈਂਟਰ ਨੇੜੇ ਬੱਸ ਸਟੈਂਡ ਵਿਖੇ ਸਤਿਗੁਰੂ ਸੰਤ ਭਗਤ ਕਬੀਰ ਦਾਸ ਮਹਾਰਾਜ ਜੀ ਦਾ ਜਨਮ ਦਿਹਾੜਾ ਬੂਟੇ ਲਗਾ ਕੇ ਵੱਖਰੀ ਕਿਸਮ ਨਾਲ ਮਨਾਇਆ ਗਿਆ। ਜਿਸ ਵਿੱਚ ਵੱਖ-ਵੱਖ ਤਰਾਂ ਦੇ ਬੂਟੇ ਕਮਿਉਨਿਟੀ ਸੈਂਟਰ ਦੀ ਚਾਰ ਦਿਵਾਰੀ ਨਾਲ-ਨਾਲ ਲਗਾਏ ਗਿਆ। ਇਸ ਮੌਕੇ ਮਿਊਂਸੀਪਲ ਕਰਮਚਾਰੀ ਦਲ (ਰਜਿ:) ਦੇ ਚੇਅਰਮੈਨ ਨੰਬਰਦਾਰ ਰੌਸ਼ਨ ਲਾਲ ਹੰਸ ਨੇ ਦੱਸਿਆ ਕਿ ਸਤਿਗੁਰੂ ਸੰਤ ਕਬੀਰ ਦਾਸ ਮਹਾਰਾਜ ਜੀ ਨੇ ਕਿਹਾ ਹੈ ਕਿ ਗਿਆਨ ਮਨੁੱਖ ਦੀ ਚਿੰਤਨਧਾਰਾ ਨੂੰ ਰੱਬ ਦੀ ਰਜ਼ਾ ਵਿੱਚ ਰਹਿਣ ਅਤੇ ਉਸ ਦੇ ਗੁਣਾਂ ਦਾ ਕਾਇਲ ਬਣਨ ਦੀ ਪ੍ਰੇਰਨਾ ਦਿੰਦਾ ਹੈ। ਅਜਿਹਾ ਗਿਆਨ ਜਦੋਂ ਮਨੁੱਖ ਦੀ ਸੁਰਤ ਵਿਚ ਉੱਤਰਦਿਆਂ ਉਸਦੇ ਅਮਲਾਂ ਨਾਲ ਵਾਸਤਾ ਗੰਢਦਾ ਹੈ ਤਾਂ ਅਜਿਹੀ ਹਾਲਤ ਨੂੰ ਮਾਨਣ ਵਾਲਾ ਸਧਾਰਨ ਜੀਉੜਾ ਰੱਬ ਦਾ ਭਗਤ ਅਖਵਾਉਂਦਾ ਹੈ। ਪ੍ਰੇਮਾ-ਭਗਤੀ ਕੇਵਲ ਭਗਤ ਜਨਾਂ ਦੇ ਜੀਵਨ ਵਿੱਚ ਹੀ ਤਬਦੀਲੀ ਨਹੀਂ ਲਿਆਉਂਦੀ ਬਲਕਿ ਇਸ ਨਾਲ ਸਮਾਜ, ਸੱਭਿਅਤਾ ਅਤੇ ਆਲੇ ਦੁਆਲੇ ਵਿੱਚ ਵੀ ਉਸਾਰੂ ਤਬਦੀਲੀ ਹੁੰਦੀ ਹੈ। ਜਿਸ ਨਾਲ ਸਦਾਚਾਰਕ ਕੀਮਤਾਂ ਨੂੰ ਧਾਰਨ ਕਰਦਿਆਂ ਇੱਕ ਆਦਰਸ਼ ਸਮਾਜ ਦੀ ਸਿਰਜਣਾ ਦਾ ਮੁੱਢ ਬੱਝਦਾ ਹੈ। ਇਸ ਮੌਕੇ ਚੀਫ਼ ਪੈਂਟਰਨ ਐਨ.ਜੀ.ਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਮਿਊਂਸੀਪਲ ਕਰਮਚਾਰੀ ਦਲ ਦੇ ਪ੍ਰਧਾਨ ਧਰਮਵੀਰ ਪਾਮੇ, ਰਵੀ ਕੁਮਾਰ ਬਾਲੀ, ਲਾਲ ਚੰਦ ਪਾਮੇ, ਭਾਵਾਧਸ ਪ੍ਰਧਾਨ ਮਿੰਕੂ ਹੰਸ, ਸੰਜੀਵ ਕੁਮਾਰ ਪਾਮੇ, ਜਗਤਾਰ ਸਿੰਘ, ਅਜੈ ਕੁਮਾਰ ਘਾਰੂ, ਸਾਗਰ ਹੰਸ, ਨੀਰਜ ਮੱਟੂ, ਜਸ਼ਨ ਪਾਮੇ, ਵਿੱਕੀ ਸਹੋਤਾ, ਕੁਲਦੀਪ ਸਹੋਤਾ, ਰਜਤ ਕੁਮਾਰ, ਟੋਨੀ ਪਾਮੇ, ਅਸ਼ੋਕ ਕੁਮਾਰ ਬੱਗਣ, ਲਕਸ਼ ਪਾਮੇ, ਰਾਧੇ ਗਿੱਲ, ਸਰਾਜ ਸਿੰਘ, ਕ੍ਰਿਸ਼ਨਾ, ਦੀਪਕ ਬੱਗਣ, ਪੁਨੂੰ ਸਿੰਘ, f, ਮਨਦੀਪ ਸਿੰਘ ਆਦਿ ਹਾਜ਼ਰ ਸਨ।

# ਹਰਿਆਣਾ ਦੇ ਮੁੱਖ ਮੰਤਰੀ ਨੇ ਗ੍ਰਾਮੀਣ ਸੰਵਰਧਨਪ੍ਰੋਗ੍ਰਾਮ ਦੇ ਤਹਿਤ ਰੋਹਤਕ ਜਿਲ੍ਹੇ ਵਿਚ 62.48 ਕਰੋੜ ਰੁਪਏ ਦੀ ਲਾਗਤ ਦੀ 4 ਪਰਿਯੋਜਨਾਵਾਂ ਨੂੰ ਦਿੱਤੀ ਮੰਜੂਰੀ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਗ੍ਰਾਮੀਣ ਸੰਵਰਧਨ ਪ੍ਰੋਗ੍ਰਾਮ ਤਹਿਤ ਰੋਹਤਕ ਜਿਲ੍ਹੇ ਵਿਚ 62.48 ਕਰੋੜ ਰੁਪਏ ਦੀ ਲਾਗਤ ਦੀ ਚਾਰ ਪ੍ਰਮੁੱਖ ਪਰਿਯੋਜਨਾਵਾਂ ਲਈ ਪ੍ਰਸ਼ਾਸ਼ਨਿਕ ਮੰਜੂਰੀ ਪ੍ਰਦਾਨ ਕੀਤੀ ਹੈ।

ਮੰਜੂਰ ਪਰਿਯੋਜਨਾਵਾਂ ਦੇ ਸਬੰਧ ਵਿਚ ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਮੰਜੂਰ ਪਰਿਯੋਜਨਾਵਾਂ ਵਿਚ 2.13 ਕਰੋੜ ਰੁਪਏ ਦੀ ਅੰਦਾਜਾ ਲਾਗਤ ਨਾਲ ਜੇਐਲਐਨ ਨਹਿਰ ਤੋਂ ਪੰਪਿੰਗ ਰਾਹੀਂ ਕੱਚੇ ਪਾਣੀ ਦੀ ਵਿਵਸਥਾ ਅਤੇ ਨਹਿਰ ਤੋਂ ਕਬੂਲਪੁਰ, ਜਿਲ੍ਹਾ ਰੋਹਤਕ ਦੇ ਜਲਘਰਾਂ ਤਕ ਡੀਆਈ ਪਾਇਪ ਵਿਛਾਉਣਾ ਸ਼ਾਮਿਲ ਹੈ। 6.33 ਕਰੋੜ ਰੁਪਏ ਦੀ ਅੰਦਾਜਾ ਲਾਗਤ ਨਾਲ ਪਿੰਡ ਮਦੀਨਾ ਗਿਧਰਾਣ-2 ਵਿਚ ਸੁਤੰਤਰ ਨਹਿਰ ਅਧਾਰਿਤ ਜਲਘਰ ਉਪਲਬਧ ਕਰਾਉਣਾ, 14.24 ਕਰੋੜ ਰੁਪਏ ਦੀ ਅੰਦਾਜਾ ਲਾਗਤ ਨਾਲ ਪਿੰਡ ਬਹੁ ਅਕਬਰਪੁਰ ਵਿਚ ਮੌਜੂਦਾ ਜਲਘਰਾਂ ਦਾ ਮੁੜ ਵਿਸਥਾਰ ਅਤੇ ਵੰਡ ਪਾਇਪ ਲਾਇਨ ਵਿਛਾਉਣਾ, 12ਪਿੰਡਾਂ ਨੂੰ ਪਾਣੀ ਦੀ ਸਪਲਾਈ ਕਰਨ ਵਾਲੇ 13 ਮੌਜੂਦਾ ਜਲਘਰਾਂ ਦੇ ਲਈ ਪੰਪਿੰਗ ਪ੍ਰਣਾਲੀ ਰਾਹੀਂ ਜੇਐਲਐਨ ਨਹਿਰ ਤੋਂ ਕੱਚੇ ਪਾਣੀ ਦੀ ਵਿਵਸਥਾ ਸਥਾਪਿਤ ਕਰਨਾ ਸ਼ਾਮਿਲ ਹੈ। ਇਸ ਪਰਿਯੋਜਨਾ ਵਿਚ 39.78 ਕਰੋੜ ਰੁਪਏ ਦੀ ਅੰਦਾਜਾ ਲਾਗਤ ਤੋਂ ਕੱਚੇ ਪਾਣੀ ਦੇ ਪੰਪਿੰਗ ਸਟੇਸ਼ਨ ਦਾ ਨਿਰਮਾਣ ਅਤੇ ਡੀਆਈ ਪਾਇਪ ਵਿਛਾਉਣਾ ਵੀ ਸ਼ਾਮਿਲ ਹੈ।

ਬੁਲਾਰੇ ਨੇ ਦਸਿਆ ਕਿ ਹਰਿਆਣਾ ਗ੍ਰਾਮੀਣ ਖੇਤਰਾਂ ਵਿਚ ਪਾਇਪ ਜਲ ਸਪਲਾਈ ਸਹੂਲਤ ਉਪਲਬਧ ਕਰਾਉਣ ਵਿਚ ਮੋਹਰੀ ਹੈ। ਪੇਯਜਲ ਸਪਲਾਈ ਯੋਜਨਾਵਾਂ ਮੁੱਖ ਰੂਪ ਨਾਲ ਟਿਊਬਵੈਲ/ਸਤਹ੍ਹਾ ਸਰੋਤਾਂ ਅਤੇ ਰੈਨੀਵੈਲ 'ਤੇ ਅਧਾਰਿਤ ਹੈ। ਨਿਜੀ ਜਲ ਕਨੈਕਸ਼ਨ ਦੀ ਸਹੂਲਤਾ ਦੇ ਲਈ ਪਿੰਡਾਂ ਵਿਚ ਵੰਡ ਪ੍ਰਣਾਲੀ ਵੀ ਵਿਛਾਈ ਗਈ ਹੈ।

# ਮੁੱਖ ਮੰਤਰੀ ਨੇ 3 ਐਮਡੀਆਰ ਸੜਕਾਂ ਦੇ ਸੁਧਾਰ ਨੂੰ ਦਿੱਤੀ ਮੰਜੂਰੀ

**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ 2 ਜਿਲ੍ਹਿਆਂ ਭਿਵਾਨੀ ਅਤੇ ਸਿਰਸਾ ਵਿਚ 3 ਐਮਡੀਆਰ (ਪ੍ਰਮੁੱਖ ਜਿਲ੍ਹਾ ਸੜਕਾਂ) ਦੀ ਵਿਸ਼ੇਸ਼ ਮੁਰੰਮਤ ਅਤੇ ਸੁਧਾਰ ਲਈ ਪ੍ਰਸਾਸ਼ਨਿਕ ਮੰਜੂਰੀ ਪ੍ਰਦਾਨ ਕੀਤੀ ਹੈ। ਇਸ ਪਰਿਯੋਜਨਾ 'ਤੇ 35 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਆਵੇਗੀ। ਕਿਸੇ ਜਿਲ੍ਹਾ ਵਿਚ ਉਤਪਾਦਨ ਅਤੇ ਬਾਜਾਰ ਸਥਾਨਾਂ ਨੂੰ ਇਕ-ਦੂਜੇ ਤੋਂ ਜਾਂ ਮੁੱਖ ਰਾਜਮਾਰਗ ਨਾਲ ਜੋੜਨ ਵਾਲੀ ਮਹਤੱਵਪੂਰਨ ਸੜਕਾਂ ਨੂੰ ਪ੍ਰਮੁੱਖ ਜਿਲ੍ਹਾ ਸੜਕਾਂ ਵਜੋ ਜਾਨਿਆ ਜਾਂਦਾ ਹੈ।

ਇਸ ਸਬੰਧ ਵਿਚ ਵਧੇਰੇ ਜਾਣਕਾਰੀ ਦਿੰਦੇ ਹੋਏ ਇਕ ਸਰਕਾਰੀ ਬੁਲਾਰੇ ਨੇ ਦਸਿਆ ਕਿ ਪਰਿਯੋਜਨਾ ਦੇ ਤਹਿਤ ਵਿਸ਼ੇਸ਼ ਮੁਰੰਮਤ ਵਿਚ ਭਿਵਾਨੀ ਜਿਲ੍ਹੇ ਵਿਚ 7.54 ਕਰੋੜ ਰੁਪਏ ਦੀ ਅੰਦਾਜਾ ਲਾਗਤ ਨਾਲ ਕੁੱਲ 19.43 ਕਿਲੋਮੀਟਰ ਲੰਬਾਈ ਵਾਲੀ ਸੜਕ ਪਿੰਡ ਜੁਈ ਕਲਾਂ ਤੋਂ ਪਿੰਡ ਕੈਰੂ ਤੋਸ਼ਾਮ 'ਤੇ ਮਜਬੂਤੀਕਰਣ ਕਰਨ ਅਤੇ 23.30 ਕਰੋੜ ਰੁਪਏ ਦੀ ਅੰਦਾਜਾ ਲਾਗਤ ਨਾਲ ਕੁੱਲ 24 ਕਿਲੋਮੀਟਰ ਲੰਬਾਈ ਵਾਲੀ ਸੜਕ ਪਿੰਡ ਆਦਮਪੁਰ ਤੋਂ ਪਿੰਡ ਝੋਝੂ ਕਲਾਂ ਹੁੰਦੇ ਹੋਏ ਪਿੰਡ ਕਾਦਮਾ-ਸਤਨਾਲੀ ਸੜਕ ਦਾ ਚੌੜਾਕਰਣ ਅਤੇ ਮਜਬੂਤੀਕਰਣ ਕਰਨਾ ਹੈ। ਇਸ ਤਰ੍ਹਾ, ਸਿਰਸਾ ਜਿਲ੍ਹਾ ਵਿਚ 4.15 ਕਰੋੜ ਰੁਪਏ ਦੀ ਅੰਦਾਜਾ ਲਾਗਤ ਨਾਲ ਕੁੱਲ 12.23 ਕਿਲੋਮੀਟਰ ਦੀ ਸੜਕ ਬਣਾਈਜਾਵੇਗੀ। ਇਹ ਸੜਕ ਪਿੰਡ ਲੁਦੇਸਰ-ਭਾਦਰਾ ਰਾਜਸਥਾਨ ਸੀਮਾ ਤਕ ਬਣੇਗੀ।

ਉਨ੍ਹਾਂ ਨੇ ਦਸਿਆ ਕਿ ਇਹ ਮੁੱਖ ਮੰਤਰੀ ਦੀ ਇਹ ਪਹਿਲ ਸੂਬੇ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪ੍ਰਤੀਬੱਧਤਾ ਨੂੰ ਦਰਸ਼ਾਉਂਦੀ ਹੈ ਅਤੇ ਪੂਰੇ ਸੂਬੇ ਵਿਚ ਸੜਕ ਨੈਟਵਰਕ ਅਤੇ ਕਨੈਕਟੀਵਿਟੀ ਵਿਚ ਸੁਧਾਰ ਕਰ ਕੇ ਜਨਤਾ ਨੂੰ ਕਾਫੀ ਲਾਭ ਪਹੁੰਚਾਏਗੀ।

# ਕਾਂਗਰਸ ਵੱਲੋਂ ਹਰਿਆਣਾ 'ਚ ਰਾਸ਼ਟਰਪਤੀ ਸ਼ਾਸਨ ਲਗਾ ਕੇ ਚੋਣਾਂ ਕਰਾਉਣ ਦੀ ਅਪੀਲ



**ਚੰਡੀਗੜ੍ਹ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੇ ਆਗੂ ਭੁਪਿੰਦਰ ਸਿੰਘ ਹੁੱਡਾ ਅਤੇ ਹਰਿਆਣਾ ਕਾਂਗਰਸ ਦੇ ਪ੍ਰਧਾਨ ਚੌਧਰੀ ਉਦੈ ਭਾਨ ਦੀ ਅਗਵਾਈ ਹੇਠ ਅੱਜ ਕਾਂਗਰਸ ਦੇ ਵਫਦ ਨੇ ਚੰਡੀਗੜ੍ਹ ਵਿੱਚ ਸੂਬੇ ਦੇ ਰਾਜਪਾਲ ਸ੍ਰੀ ਬੰਡਾਰੂ ਦੱਤਾਤ੍ਰੇਅ ਨਾਲ ਮੁਲਾਕਾਤ ਕੀਤੀ। ਕਾਂਗਰਸੀ ਵਫ਼ਦ ਨੇ ਰਾਜਪਾਲ ਨੂੰ ਮੰਗ ਪੱਤਰ ਸੌਂਪਦੇ ਹੋਏ ਕਿਹਾ ਕਿ ਹਰਿਆਣਾ ਵਿੱਚ ਵਿਧਾਨ ਸਭਾ ਭੰਗ ਕੀਤੀ ਜਾਵੇ ਅਤੇ ਜਲਦੀ ਤੋਂ ਜਲਦੀ ਚੋਣਾਂ ਕਰਵਾਈਆਂ ਜਾਣ। ਸ੍ਰੀ ਹੁੱਡਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਕਰਨਾਲ ਤੋਂ ਜ਼ਿਮਨੀ ਚੋਣ ਜਿੱਤਣ ਦੇ ਬਾਵਜੂਦ ਭਾਜਪਾ ਦੇ ਵਿਧਾਇਕਾਂ ਦੀ ਗਿਣਤੀ 41 ਹੈ।

ਭਾਜਪਾ ਨੂੰ ਇੱਕ ਹਰਿਆਣਾ ਲੋਕ ਹਿੱਤ ਪਾਰਟੀ ਦੇ ਅਤੇ ਇਕ ਆਜ਼ਾਦ ਵਿਧਾਇਕ ਦੀ ਹਮਾਇਤ ਹਾਸਲ ਹੈ। ਇਸ ਤਰ੍ਹਾਂ ਵੀ ਭਾਜਪਾ ਕੋਲ ਕੁੱਲ 43 ਵਿਧਾਇਕ ਹਨ, ਜਦੋਂਕਿ ਸੂਬੇ ਵਿੱਚ ਕੁੱਲ ਵਿਧਾਇਕਾਂ ਦੀ ਗਿਣਤੀ 87 ਹੈ ਅਤੇ ਬਹੁਮਤ ਦਾ ਅੰਕੜਾ 44 ਹੈ। ਸ੍ਰੀ ਹੁੱਡਾ ਨੇ ਕਿਹਾ ਕਿ ਹਰਿਆਣਾ ਵਿੱਚ ਭਾਜਪਾ ਕੋਲ ਬਹੁਮਤ ਨਹੀਂ ਹੈ, ਇਸ ਕਰਕੇ ਰਾਜਪਾਲ ਨੂੰ ਸੂਬੇ ਵਿੱਚ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਸ਼ਾਸਨ ਲਗਾਉਣਾ ਚਾਹੀਦਾ ਹੈ ਅਤੇ ਜਲਦ ਹੀ ਵਿਧਾਨ ਸਭਾ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ। ਇਸ ਤੋਂ ਪਹਿਲਾਂ ਵੀ ਕਾਂਗਰਸ ਨੇ 10 ਮਈ ਨੂੰ ਰਾਜਪਾਲ ਨੂੰ ਮੰਗ ਪੱਤਰ ਸੌਂਪਦੇ ਹੋਏ ਸੂਬਾ ਸਰਕਾਰ ਭੰਗ ਕਰਨ ਦੀ ਮੰਗ ਕੀਤੀ ਸੀ।ਹਰਿਆਣਾ ਕਾਂਗਰਸ ਦੇ ਪ੍ਰਧਾਨ ਚੌਧਰੀ ਉਦੈ ਭਾਨ ਨੇ ਕਿਹਾ ਕਿ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਲੋਕਾਂ ਨੇ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਨਕਾਰ ਦਿੱਤਾ ਹੈ। ਅਜਿਹੇ ਹਾਲਾਤ ਵਿੱਚ ਰਾਜਪਾਲ ਨੂੰ ਵੀ ਵਿਧਾਨ ਸਭਾ ਭੰਗ ਕਰ ਕੇ ਮੁੜ ਤੋਂ ਵਿਧਾਨ ਸਭਾ ਦੀ ਚੋਣ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਆਸਾਨੀ ਨਾਲ ਜਿੱਤ ਹਾਸਲ ਕਰੇਗੀ ਅਤੇ ਸਪੱਸ਼ਟ ਬਹੁਮਤ ਦਾ ਅੰਕੜਾ ਪਾਰ ਕਰਦੇ ਹੋਈ ਸਰਕਾਰ ਬਣਾਵੇਗੀ। ਇਸ ਦੌਰਾਨ ਕਾਂਗਰਸੀਆਂ ਨੇ ਕੇਂਦਰ ਸਰਕਾਰ ਵੱਲੋਂ 14 ਫ਼ਸਲਾਂ ਦੀ ਐੱਮਐੱਸਪੀ ਵਿੱਚ ਕੀਤੇ ਵਾਧੇ ਨੂੰ ਨਿਗੂਣਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਿਨ੍ਹਾਂ ਕੁ ਐੱਮਐੱਸਪੀ 'ਚ ਵਾਧਾ ਕੀਤਾ ਹੈ, ਉਸ ਤੋਂ ਵੱਧ ਤਾਂ ਕਿਸਾਨਾਂ ਦੇ ਖਰਚੇ ਵੱਧ ਚੁੱਕੇ ਹਨ।

# ਠੰਢੀਆਂ ਫੁਹਾਰਾਂ ਨਾਲ ਪਾਰਾ ਡਿੱਗਿਆ

**ਸਿਰਸਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਤੱਤੀ ਲੂ ਨਾਲ ਤਪਤੀ ਕਾਇਨਾਤ ਦੀ ਚਿਰੋਕਣੀ ਉਡੀਕ ਨੂੰ ਆਖਿਰ ਬੂਰ ਪੈ ਗਿਆ ਹੈ। ਅੱਧੀ ਰਾਤ ਮਗਰੋਂ ਮਾਲਵਾ ਖਿੱਤੇ 'ਚ ਬਹੁਤੇ ਥਾਈਂ 'ਇੰਦਰ' ਮਿਹਰਬਾਨ ਹੋਇਆ। ਹਲਕੀ ਬਾਰਿਸ਼ ਦੀਆਂ ਠੰਢੀਆਂ ਬੁਛਾਰਾਂ ਨੇ ਭੱਠ ਵਾਂਗ ਤਪਦੀ ਕਾਇਨਾਤ ਨੂੰ ਸ਼ਾਂਤ ਕਰ ਦਿੱਤਾ।

ਮੌਸਮ ਵਿਭਾਗ ਨੇ ਵੀਰਵਾਰ ਨੂੰ ਸਵੇਰੇ 8:30 ਵਜੇ ਤੱਕ 12.6 ਮਿਲੀਮੀਟਿਰ ਵਰਖਾ ਰਿਕਾਰਡ ਕੀਤੀ। ਹਲਕੇ ਸਿਸਟਮ ਦੀ ਬਦੌਲਤ ਪਈ ਬਾਰਿਸ਼ ਸਦਕਾ ਦਿਨ ਦੇ ਪਾਰੇ 'ਚ ਤਕਰੀਬਨ 12 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ। ਬਠਿੰਡਾ 'ਚ ਪਿਛਲੇ ਕਈ ਦਿਨਾਂ ਤੋਂ 44-45 ਡਿਗਰੀ ਨੂੰ ਛੂੰਹਦਾ ਰਿਹਾ ਦਿਨ ਦਾ ਤਾਪਮਾਨ ਅੱਜ 33.6 ਡਿਗਰੀ ਸੈਲਸੀਅਸ ਜਦਕਿ ਰਾਤ ਦਾ ਪਾਰਾ 22.4 ਡਿਗਰੀ ਸੈਲਸੀਅਸ 'ਤੇ ਆ ਗਿਆ। ਪਿਛਲੇ ਕਈ ਦਿਨਾਂ ਤੋਂ ਵਗ ਰਹੀ ਲੂ ਨੇ ਜ਼ਿੰਦਗੀ ਨੂੰ ਲੀਹੋਂ ਲਾਹਿਆ ਹੋਇਆ ਸੀ। ਗਰਮੀ ਲੱਗਣ ਨਾਲ ਬਿਮਾਰ ਹੋਏ ਲੋਕਾਂ ਨਾਲ ਹਸਪਤਾਲ ਭਰੇ ਪਏ ਸਨ। ਇੱਥੋਂ ਤੱਕ ਕਿ ਅੰਤਾਂ ਦੀ ਗਰਮੀ ਨੇ ਮਨੁੱਖੀ ਜ਼ਿੰਦੜੀਆਂ ਨੂੰ ਵੀ ਹੜੱਪਣਾ ਸ਼ੁਰੂ ਕਰ ਦਿੱਤਾ ਸੀ। ਖ਼ੁਸ਼ਗਵਾਰ ਮੌਸਮ ਵੱਲੋਂ ਤਾਜ਼ਾ ਅੰਗੜਾਈ ਲੈਣ ਸਦਕਾ ਧਰਤੀ 'ਤੇ ਵਸਦੇ ਹਰ ਜੀਵ ਨੂੰ ਭਰਪੂਰ ਸਕੂਨ ਨਸੀਬ ਹੋਇਆ ਹੈ।

ਵਰਖਾ ਉਨ੍ਹਾਂ ਅੰਨਦਾਤਿਆਂ ਲਈ ਵੀ ਵੱਡੀ ਰਾਹਤ ਬਣ ਕੇ ਬਹੁੜੀ ਹੈ, ਜੋ ਝੋਨੇ ਦੀ ਪਨੀਰੀ ਲਾਉਣ ਵਿੱਚ ਮਸਰੂਫ਼ ਹਨ। ਸਮੁੱਚੀ ਫ਼ਿਜ਼ਾ ਨੂੰ ਝੁਲਸਾਉਂਦੀਆਂ ਖ਼ੁਸ਼ਕ ਹਵਾਵਾਂ ਦੇ ਲੰਮੇ ਦੌਰ ਤੋਂ ਖੇਤਾਂ 'ਚ ਖੜ੍ਹੀਆਂ ਨਰਮੇ, ਕਪਾਹ, ਸਬਜ਼ੀਆਂ, ਹਰੇ ਚਾਰੇ ਸਮੇਤ ਹੋਰ ਫ਼ਸਲਾਂ ਨੂੰ ਨਿਜਾਤ ਮਿਲੀ ਹੈ ਅਤੇ ਇਹ ਵਰਖਾ ਇਨ੍ਹਾਂ ਲਈ ਵਰਦਾਨ ਬਣ ਅੱਪੜੀ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਆਉਂਦੇ ਦਿਨੀਂ ਝੋਨੇ ਦੀ ਕਾਸ਼ਤ ਦੀ ਰਫ਼ਤਾਰ ਵਿੱਚ ਵੱਡਾ ਇਜ਼ਾਫ਼ਾ ਹੋਵੇਗਾ।

ਭਾਵੇਂ ਫਿਲਹਾਲ ਇਹ ਵਰਖਾ ਆਰਜ਼ੀ ਰਾਹਤ ਹੈ ਪਰ ਮੌਸਮ ਮਾਹਿਰਾਂ ਦਾ ਤਕਾਜ਼ਾ ਹੈ ਕਿ ਜੂਨ ਮਹੀਨੇ ਦੇ ਆਖਰੀ ਦਿਨਾਂ ਵਿੱਚ ਉੱਤਰ ਭਾਰਤ ਅੰਦਰ ਮੌਨਸੂਨ ਦਾਖ਼ਲਾ ਲੈ ਲਵੇਗੀ। ਮੰਨਿਆ ਜਾ ਰਿਹਾ ਹੈ ਕਿ ਇਸ ਵਾਰ ਪ੍ਰਭਾਵਸ਼ਾਲੀ ਮੌਨਸੂਨ ਉੱਤਰੀ ਭਾਗਾਂ ਵਿੱਚ ਭਾਰੀ ਵਰਖਾ ਲਿਆਵੇਗੀ। ਇਕ ਵਾਰ ਇਸ ਹਲਕੀ ਵਰਖਾ ਨੇ ਭਾਦੋਂ ਦੀ ਹੁੰਮਸ ਵਰਗੀ ਗਰਮੀ ਝਟਕ ਦਿੱਤੀ ਹੈ ਅਤੇ ਬਿਜਲੀ ਦੀ ਮੰਗ 'ਚ ਵੀ ਅੱਜ ਕਮੀ ਵੇਖਣ ਨੂੰ ਮਿਲੀ। ਇਸੇ ਦੌਰਾਨ ਮੀਂਹ ਦਾ ਲਾਹਾ ਲੈਂਦਿਆਂ ਕਿਸਾਨਾਂ ਨੇ ਝੋਨੇ ਦੀ ਲੁਆਈ ਤੇਜ਼ ਕਰ ਦਿੱਤੀ ਹੈ। ਕਣੀਆਂ ਪੈਣ ਕਾਰਨ ਖੇਤ ਪਾਣੀ ਘੱਟ ਖਾਣਗੇ ਜਿਸ ਕਾਰਨ ਵਾਹਣ ਛੇਤੀ ਤਿਆਰ ਹੋ ਜਾਵੇਗਾ। ਜੇਕਰ ਹੋਰ ਮੀਂਹ ਹੈ ਜਾਂਦਾ ਹੈ ਤਾਂ ਝੋਨੇ ਦੀ ਲੁਆਈ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।

ਇਥੇ ਦੇਰ ਸ਼ਾਮ ਤੇਜ਼ ਝੱਖੜ ਮਗਰੋਂ ਮੀਂਹ ਪਿਆ ਜਿਸ ਨਾਲ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ ਹੈ। ਤੇਜ਼ ਝੱਖੜ ਨਾਲ ਕਈ ਬਿਜਲੀ ਦੇ ਖੰਭੇ ਤੇ ਰੁੱਖ ਵੀ ਡਿੱਗ ਪਏ ਹਨ। ਮੀਂਹ ਨਾਲ ਸਾਉਣੀ ਦੀਆਂ ਫ਼ਸਲਾਂ ਨੂੰ ਵੀ ਇਸ ਦਾ ਫਾਇਦਾ ਹੋਇਆ ਹੈ। ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਨੇ ਦੱਸਿਆ ਹੈ ਕਿ ਮੀਂਹ ਪੈਣ ਨਾਲ ਗਰਮੀ ਕਾਰਨ ਝੁਲਸ ਰਹੇ ਨਰਮੇ ਦੀ ਫ਼ਸਲ ਨੂੰ ਫਾਇਦਾ ਹੋਇਆ ਹੈ। ਇਸ ਨਾਲ ਝੋਨੇ ਦੀ ਲੁਆਈ ਵੀ ਜ਼ੋਰ ਫੜ ਲਵੇਗੀ। ਕਿਸਾਨਾਂ ਨੇ ਦੱਸਿਆ ਹੈ ਕਿ ਨਰਮੇ ਤੇ ਮੂੰਗੀ ਦੀ ਫ਼ਸਲ ਗਰਮੀ ਕਾਰਨ ਝੁਲਸ ਰਹੀ ਸੀ ਪਰ ਹੁਣ ਮੀਂਹ ਪੈਣ ਮਗਰੋਂ ਇਨ੍ਹਾਂ ਫ਼ਸਲਾਂ ਨੂੰ ਫਾਇਦਾ ਹੋਵੇਗਾ। ਕਿਸਾਨਾਂ ਨੇ ਦੱਸਿਆ ਹੈ ਕਿ ਗਰਮੀ ਕਾਰਨ ਝੋਨੇ ਦੀ ਲੁਆਈ ਦਾ ਕੰਮ ਮੱਠਾ ਚੱਲ ਰਿਹਾ ਸੀ ਜੋ ਹੁਣ ਰਫਤਾਰ ਫੜ ਲਵੇਗਾ।

# ਨਾਇਬ ਸੈਣੀ ਵੱਲੋਂ 3 ਐੱਮਡੀਆਰ ਸੜਕਾਂ ਦੇ ਸੁਧਾਰ ਨੂੰ ਮਨਜ਼ੂਰੀ

**ਪੰਚਕੂਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 2 ਜ਼ਿਲ੍ਹਿਆਂ ਭਿਵਾਨੀ ਅਤੇ ਸਿਰਸਾ ਵਿਚ 3 ਐੱਮਡੀਆਰ (ਪ੍ਰਮੁੱਖ ਜ਼ਿਲ੍ਹਾ ਸੜਕਾਂ) ਦੀ ਵਿਸ਼ੇਸ਼ ਮੁਰੰਮਤ ਅਤੇ ਸੁਧਾਰ ਲਈ ਪ੍ਰਸ਼ਾਸਨਿਕ ਮਨਜ਼ੂਰੀ ਦਿੱਤੀ ਹੈ। ਇਸ ਪ੍ਰਾਜੈਕਟ 'ਤੇ 35 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਆਵੇਗੀ। ਇਸ ਸਬੰਧ ਵਿਚ ਵਧੇਰੇ ਜਾਣਕਾਰੀ ਦਿੰਦੇ ਹੋਏ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਪ੍ਰਾਜੈਕਟ ਦੇ ਤਹਿਤ ਵਿਸ਼ੇਸ਼ ਮੁਰੰਮਤ ਵਿਚ ਭਿਵਾਨੀ ਜ਼ਿਲ੍ਹੇ ਵਿਚ 7.54 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ਕੁੱਲ 19.43 ਕਿਲੋਮੀਟਰ ਲੰਬਾਈ ਵਾਲੀ ਸੜਕ ਪਿੰਡ ਜੁਈ ਕਲਾਂ ਤੋਂ ਪਿੰਡ ਕੈਰੂ ਤੋਸ਼ਾਮ 'ਤੇ ਮਜ਼ਬੂਤ ਕਰਨ ਅਤੇ 23.30 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ਕੁੱਲ 24 ਕਿਲੋਮੀਟਰ ਲੰਬਾਈ ਵਾਲੀ ਸੜਕ ਪਿੰਡ ਆਦਮਪੁਰ ਤੋਂ ਪਿੰਡ ਝੋਝੂ ਕਲਾਂ ਹੁੰਦੇ ਹੋਏ ਪਿੰਡ ਕਾਦਮਾ-ਸਤਨਾਲੀ ਸੜਕ ਦੀ ਚੌੜਾਈ ਅਤੇ ਮਜ਼ਬੂਤ ਕਰਨਾ ਹੈ। ਇਸ ਤਰ੍ਹਾਂ ਸਿਰਸਾ ਜ਼ਿਲ੍ਹਾ 'ਚ 4.15 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ਕੁੱਲ 12.23 ਕਿਲੋਮੀਟਰ ਦੀ ਸੜਕ ਬਣਾਈ ਜਾਵੇਗੀ। ਇਹ ਸੜਕ ਪਿੰਡ ਲੁਦੇਸਰ-ਭਾਦਰਾ ਰਾਜਸਥਾਨ ਹੱਦ ਤੱਕ ਬਣੇਗੀ।

# ਨਗਰ ਪਾਲਿਕਾ ਅਤੇ ਫਾਇਰ ਬ੍ਰਿਗੇਡ ਕਾਮਿਆਂ ਵੱਲੋਂ ਮੁਜ਼ਾਹਰਾ

**ਯਮੁਨਾਨਗਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਨਗਰ ਨਿਗਮ ਅਤੇ ਫਾਇਰ ਬ੍ਰਿਗੇਡ ਵਿਭਾਗ ਦੇ ਕਰਮਚਾਰੀਆਂ ਨੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਾਹਮਣੇ ਨਵੀਂ ਅਨਾਜ ਮੰਡੀ ਦੇ ਗੇਟ 'ਤੇ ਮੁਜ਼ਾਹਰਾ ਕੀਤਾ। ਉਨ੍ਹਾਂ ਹਰਿਆਣਾ ਸਰਕਾਰ 'ਤੇ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਮੁਲਾਜ਼ਮਾਂ ਨੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਮਿੰਨੀ ਸਕੱਤਰੇਤ ਵਿਖੇ ਜਾ ਕੇ ਸਿਟੀ ਮੈਜਿਸਟਰੇਟ ਰਾਹੀਂ ਮੁੱਖ ਮੰਤਰੀ ਨੂੰ ਸਾਂਝਾ ਮੰਗ ਪੱਤਰ ਸੌਂਪਿਆ। ਇਸ ਪ੍ਰਦਰਸ਼ਨ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਪ੍ਰਵੇਸ਼ ਪਰੋਚਾ ਨੇ ਕੀਤੀ ਅਤੇ ਮੰਚ ਸੰਚਾਲਨ ਜ਼ਿਲ੍ਹਾ ਸਕੱਤਰ ਗੁਲਸ਼ਨ ਭਾਰਦਵਾਜ ਨੇ ਕੀਤਾ। ਯੂਨੀਅਨ ਆਗੂਆਂ ਨੇ ਕਿਹਾ ਕਿ ਯੂਨੀਅਨ ਦੀ ਕੇਂਦਰ ਅਤੇ ਹਰਿਆਣਾ ਸਰਕਾਰ ਨਾਲ 29 ਅਕਤੂਬਰ 2022 ਅਤੇ 5 ਅਪਰੈਲ 2023 ਨੂੰ ਦੋ ਦੌਰ ਦੀ ਗੱਲਬਾਤ ਦੌਰਾਨ ਨਗਰ ਨਿਗਮ ਅਤੇ ਫਾਇਰ ਬ੍ਰਿਗੇਡ ਕਰਮਚਾਰੀਆਂ ਦੀਆਂ ਕਈ ਜਾਇਜ਼ ਮੰਗਾਂ 'ਤੇ ਸਹਿਮਤੀ ਬਣੀ ਸੀ, ਪਰ ਅਫਸੋਸ ਕਿ ਇੰਨਾ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਸੂਬੇ ਦੀ ਭਾਜਪਾ ਸਰਕਾਰ ਮੰਗਾਂ ਨੂੰ ਲਾਗੂ ਨਾ ਨਹੀਂ ਕੀਤਾ। ਹਰਿਆਣਾ ਸਰਕਾਰ ਨੇ 2014 ਦੇ ਚੋਣ ਮੈਨੀਫੈਸਟੋ ਵਿੱਚ ਸਫ਼ਾਈ ਸੇਵਕਾਂ ਦੀ ਠੇਕਾ ਪ੍ਰਣਾਲੀ ਖ਼ਤਮ ਕਰਨ ਅਤੇ ਬੇਨਿਯਮੀਆਂ ਕਰਨ ਵਾਲੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਵੀ ਕੀਤਾ ਸੀ ਪਰ ਪਿਛਲੇ 10 ਸਾਲਾਂ ਵਿੱਚ ਇੱਕ ਵੀ ਸੈਨੀਟੇਸ਼ਨ ਅਤੇ ਸੀਵਰ ਕਰਮਚਾਰੀ ਦੀ ਰੈਗੂਲਰ ਭਰਤੀ ਨਹੀਂ ਕੀਤੀ ਗਈ ਹੈ।

ਸਰਕਾਰ ਨੇ ਸਫਾਈ ਅਤੇ ਸੀਵਰੇਜ ਦੇ ਕੰਮ ਵਿੱਚ ਠੇਕਾ ਪ੍ਰਣਾਲੀ ਨੂੰ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਅਤੇ ਫਾਇਰ ਕਰਮਚਾਰੀ ਸਰਕਾਰ ਦੀਆਂ ਇਨ੍ਹਾਂ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖ਼ਿਲਾਫ਼ 23 ਜੂਨ ਨੂੰ ਲੋਕਲ ਬਾਡੀ ਮੰਤਰੀ ਦੀ ਰਿਹਾਇਸ਼ ਕੁਰੂਕਸ਼ੇਤਰ ਵਿੱਚ ਧਰਨਾ ਦੇ ਕੇ ਉਨ੍ਹਾਂ ਨੂੰ ਕਰਮਚਾਰੀ ਸੰਘ ਨਾਲ ਕੀਤੇ ਸਮਝੌਤੇ ਦੀ ਯਾਦ ਕਰਵਾਇਆ ਜਾਵੇਗਾ। ਇਸ ਮੌਕੇ ਸੀਟੂ ਆਗੂ ਸੁਨੀਤਾ ਸੁਘ, ਰੇਖਾ ਸੈਣੀ, ਨਗਰ ਪਾਲਿਕਾ ਤੋਂ ਯੂਨਿਟ ਪ੍ਰਧਾਨ ਪਾਪਲਾ, ਬਲਦੀਪ ਤੁੰਬੀ, ਮੁਕੇਸ਼, ਰਮੇਸ਼ ਕੁਮਾਰ, ਜੀਤੋ, ਕਮਲੇਸ਼, ਸੁਨੀਤਾ, ਰਮਨ, ਸੋਰਨ ਦਾਲੋਰ, ਫਾਇਰ ਬ੍ਰਿਗੇਡ ਵਿਭਾਗ ਤੋਂ ਵਿਜੇਂਦਰ ਸਿੰਘ, ਵਰਿੰਦਰ ਧੀਮਾਨ, ਰਿੰਕੂ ਕੁਮਾਰ, ਕਮਲਜੀਤ, ਵਿੱਕੀ ਵਾਲੀਆ, ਰਵਿੰਦਰ ਕੁਮਾਰ ਹਾਜ਼ਰ ਸਨ।

# ਪੰਚਾਇਤੀ ਜ਼ਮੀਨ ਨੱਪਣ ਵਾਲੇ ਨਸ਼ਾ ਤਸਕਰ ਦੇ ਘਰ 'ਤੇ ਚੱਲਿਆ ਬੁਲਡੋਜ਼ਰ



**ਏਲਨਾਬਾਦ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੁਲੀਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਅੱਜ ਪੁਲੀਸ ਵੱਲੋਂ ਏਲਨਾਬਾਦ ਦੇ ਪਿੰਡ ਖਾਰੀ ਸੁਰੇਰਾ ਵਾਸੀ ਨਸ਼ਾ ਤਸਕਰ ਸੁਖਦੇਵ ਸਿੰਘ ਉਰਫ਼ ਸੁੱਖਾ ਵੱਲੋਂ ਪੰਚਾਇਤੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕਰਕੇ ਬਣਾਏ ਗਏ ਮਕਾਨ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ ਗਿਆ। ਜ਼ਿਲ੍ਹਾ ਪੁਲੀਸ ਕਪਤਾਨ ਵਿਕਰਾਂਤ ਭੂਸ਼ਣ ਨੇ ਦੱਸਿਆ ਕਿ ਜ਼ਿਲ੍ਹਾ ਪੁਲੀਸ ਵੱਲੋਂ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਣ ਲਈ ਇਹ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਉਕਤ ਨਸ਼ਾ ਤਸਕਰ ਸੁਖਦੇਵ ਸਿੰਘ ਵਾਸੀ ਪਿੰਡ ਖਾਰੀ ਸੁਰੇਰਾ ਖ਼ਿਲਾਫ਼ ਥਾਣਾ ਏਲਨਾਬਾਦ ਵਿੱਚ ਕੁੱਲ 18 ਮੁਕੱਦਮੇ ਦਰਜ ਹਨ ਜਿਨ੍ਹਾਂ ਵਿੱਚੋਂ 5 ਮੁਕੱਦਮੇ ਨਸ਼ੀਲੇ ਪਦਾਰਥ ਐਕਟ ਤਹਿਤ ਹਨ ਜਦਕਿ 13 ਮਾਮਲੇ ਆਬਕਾਰੀ ਐਕਟ ਤਹਿਤ ਦਰਜ ਹਨ। ਨਸ਼ਾ ਤਸਕਰ ਸੁਖਦੇਵ ਸਿੰਘ ਉਰਫ ਸੁੱਖਾ ਇਸ ਸਮੇਂ ਪਿਟ ਐਨਡੀਪੀਐਸ ਐਕਟ ਦੇ ਕੇਸ ਵਿੱਚ ਜੇਲ੍ਹ ਵਿੱਚ ਹੈ। ਐਸਪੀ ਵਿਕਰਾਂਤ ਭੂਸ਼ਣ ਨੇ ਦੱਸਿਆ ਕਿ ਇਹ ਕਾਰਵਾਈ ਡੀਐਸਪੀ ਏਲਨਾਬਾਦ ਸੰਜੀਵ ਬਲਹਾਰਾ, ਡਿਊਟੀ ਮੈਜਿਸਟਰੇਟ ਤਹਿਸੀਲਦਾਰ ਅਮਿਤ ਸਾਹੂ, ਬੀਡੀਪੀਓ ਰੋਸ਼ਨ ਲਾਲ ਅਤੇ ਥਾਣਾ ਇੰਚਾਰਜ ਏਲਨਾਬਾਦ ਸੰਦੀਪ ਕੁਮਾਰ ਦੀ ਅਗਵਾਈ ਵਿੱਚ ਭਾਰੀ ਪੁਲੀਸ ਫੋਰਸ ਦੀ ਮੌਜੂਦਗੀ ਵਿੱਚ ਕੀਤੀ ਗਈ ਹੈ।

ਸੁਰੱਖਿਆ ਦੇ ਨਜ਼ਰੀਏ ਤੋਂ ਇਸ ਕਾਰਵਾਈ ਵਿੱਚ ਏਲਨਾਬਾਦ, ਰਾਣੀਆਂ ਅਤੇ ਪੁਲੀਸ ਲਾਈਨ ਸਿਰਸਾ ਤੋਂ ਪੁਲੀਸ ਮੁਲਾਜ਼ਮ ਅਤੇ ਮਹਿਲਾ ਪੁਲੀਸ ਟੀਮ ਸ਼ਾਮਲ ਸੀ।

ਉਨ੍ਹਾਂ ਦੱਸਿਆ ਕਿ ਕੁਝ ਹੋਰ ਨਸ਼ਾ ਤਸਕਰਾਂ ਵੱਲੋਂ ਐਕੁਆਇਰ ਕੀਤੀ ਗਈ ਜਾਇਦਾਦ ਦਾ ਪਤਾ ਲਗਾ ਲਿਆ ਗਿਆ ਹੈ ਅਤੇ ਜਲਦੀ ਹੀ ਉਨ੍ਹਾਂ ਦੀ ਜਾਇਦਾਦ ਨੂੰ ਵੀ ਜ਼ਬਤ ਕਰ ਲਿਆ ਜਾਵੇਗਾ।

# ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸਮਾਗਮ

**ਸ਼ਾਹਬਾਦ ਮਾਰਕੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਭਾਈ ਕਰਮਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਨਿਰਮਲ ਸਿੰਘ ਨਿਮਾਣਾ, ਕਥਾਵਾਚਕ ਹਰਜੀਤ ਸਿੰਘ ਹਰਮਨ, ਭਾਈ ਸਿਮਰਨਜੀਤ ਸਿੰਘ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ।

ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਚ ਚੱਲ ਰਹੀ ਸ੍ਰੀ ਅਖੰਡ ਪਾਠ ਸਾਹਿਬ ਦੀ ਦੂਜੀ ਲੜੀ ਦੇ ਭੋਗ ਪਾਏ ਗਏ ਤੇ ਤੀਜੀ ਲੜੀ ਦੀ ਆਰੰਭਤਾ ਕੀਤੀ ਗਈ। ਇਸ ਮੌਕੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀ ਸੀਨੀਅਰ ਮੀਤ ਪ੍ਰਧਾਨ ਬੀਬੀ ਰਵਿੰਦਰ ਕੌਰ ਤੇ ਜਥੇਦਾਰ ਕੰਵਲਜੀਤ ਸਿੰਘ ਅਜਰਾਨਾ ਨੇ ਦੱਸਿਆ ਕਿ 23 ਜੂਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਦੀ ਅਗਵਾਈ ਪੰਜ ਪਿਆਰੇ ਕਰਨਗੇ। ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਚੱਲ ਕੇ ਰੇਲਵੇ ਰੋਡ, ਕੁਟੀਆ ਵਾਲੀ ਗਲੀ, ਲਾਲ ਸੜਕ, ਥਾਨੇਸਰ ਬੱਸ ਸਟੈਂਡ, ਅੰਬੇਡਕਰ ਚੌਕ, ਸਿਕਰੀ ਚੌਕ, ਸ਼ਾਸ਼ਤਰੀ ਮਾਰਕੀਟ, ਬਿਰਲਾ ਮੰਦਰ ਤੋਂ ਹੁੰਦਾ ਹੋਇਆ ਆਪਣੇ ਸਥਾਨ 'ਤੇ ਆ ਕੇ ਸਮਾਪਤ ਹੋਵੇਗਾ। ਸੰਗਤਾਂ ਲਈ ਰਿਹਾਇਸ਼ ਦੇ ਪੁਖਤਾ ਇੰਤਜਾਮ ਕੀਤੇ ਗਏ ਹਨ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਮਾਗਮ ਵਿਚ ਦਿੱਲੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਪੰਜਾਬ ਤੇ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਸੰਗਤਾਂ ਆਉਂਦੀਆਂ ਹਨ।

# ਨਕਾਬਪੋਸ਼ਾਂ ਨੇ ਚਾਰ ਨੌਜਵਾਨਾਂ 'ਤੇ ਗੋਲੀਆਂ ਚਲਾਈਆਂ

**ਯਮੁਨਾਨਗਰ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਸਰਸਵਤੀ ਨਗਰ ਦੇ ਮਨਕਾ ਮਨਕੀ ਰੋਡ 'ਤੇ ਸਥਿਤ ਇੱਕ ਪ੍ਰਾਪਰਟੀ ਡੀਲਰ ਦੇ ਦਫ਼ਤਰ 'ਚ ਬੈਠੇ ਚਾਰ ਦੋਸਤਾਂ 'ਤੇ ਦੋ ਨਕਾਬਪੋਸ਼ ਬਦਮਾਸ਼ਾਂ ਨੇ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ 'ਚ ਸ਼ਿਵਮ ਗੋਇਲ ਪੱਟ 'ਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਮੋਟਰਸਾਈਕਲ 'ਤੇ ਫ਼ਰਾਰ ਹੋ ਗਏ। ਪੁਲੀਸ ਨੇ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਦੋ ਖ਼ਿਲਾਫ਼ ਕਤਲ ਦੀ ਕੋਸ਼ਿਸ਼ ਸਣੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਮੁਤਾਬਕ ਸਰਸਵਤੀ ਨਗਰ ਵਾਸੀ ਦੀਪਕ ਨੇ ਥਾਣਾ ਛੱਪਰ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦਾ ਮਨਕਾ ਮਨਕੀ ਰੋਡ 'ਤੇ ਪ੍ਰਾਪਰਟੀ ਡੀਲਰ ਦਾ ਦਫ਼ਤਰ ਹੈ। ਉਹ ਆਪਣੇ ਦੋਸਤਾਂ ਸ਼ਿਵਮ ਗੋਇਲ, ਹਰਪ੍ਰੀਤ ਉਰਫ ਕਾਕਾ ਅਤੇ ਯੋਗੇਸ਼ ਨਾਲ ਦਫਤਰ 'ਚ ਬੈਠਾ ਸੀ। ਇਸ ਦੌਰਾਨ ਦੋ ਨੌਜਵਾਨ ਮੋਟਰਸਾਈਕਲ 'ਤੇ ਆਏ ਤੇ ਉਨ੍ਹਾਂ 'ਚੋਂ ਇੱਕ ਨੇ ਦਫ਼ਤਰ 'ਚ ਆ ਕੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ। ਇੱਕ ਗੋਲੀ ਸ਼ਿਵਮ ਦੇ ਪੱਟ ਵਿੱਚ ਲੱਗੀ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਉਨ੍ਹਾਂ ਨੇ ਸ਼ਿਵਮ ਨੂੰ ਹਸਪਤਾਲ 'ਚ ਭਰਤੀ ਕਰਵਾਇਆ।

ਥਾਣਾ ਛੱਪਰ ਇੰਚਾਰਜ ਰਾਮਪਾਲ ਦਾ ਕਹਿਣਾ ਹੈ ਕਿ ਦੀਪਕ ਦੀ ਸ਼ਿਕਾਇਤ 'ਤੇ ਦੋ ਅਣਪਛਾਤੇ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਮੁਲਜ਼ਮਾਂ ਦੀ ਪਛਾਣ ਕਰਨ ਲਈ ਆਸਪਾਸ ਦੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਮੁਲਜ਼ਮਾਂ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਡੰਪਿੰਗ ਗਰਾਊਂਡ ਨੂੰ ਸ਼ਹਿਰ ਤੋਂ ਬਾਹਰ ਬਣਾਉਣ ਦੀ ਮੰਗ



**ਪਿਹੋਵਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸੀ ਆਗੂ ਹਰਮਨਦੀਪ ਸਿੰਘ ਵਿਰਕ ਨੇ ਅੱਜ ਇੱਥੇ ਪਿਹੋਵਾ ਦੇ ਕੁਰੂਕਸ਼ੇਤਰ ਰੋਡ 'ਤੇ ਸਥਿਤ ਮਿਊਂਸਿਪਲ ਡੰਪਿੰਗ ਗਰਾਊਂਡ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਡੰਪਿੰਗ ਗਰਾਊਂਡ ਨੂੰ ਸ਼ਹਿਰ ਤੋਂ ਬਾਹਰ ਕੱਢ ਕੇ ਆਰਜ਼ੀ ਤੌਰ 'ਤੇ ਜਾਲ ਨਾਲ ਢਕਿਆ ਜਾਵੇ। ਇਸ ਦੌਰਾਨ ਨੇੜੇ ਰਹਿਣ ਵਾਲੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦਾ ਜਿਉਣਾ ਮੁਸ਼ਕਲ ਹੋ ਗਿਆ ਹੈ। ਜਦੋਂ ਵੀ ਹਨੇਰੀ ਆਉਂਦੀ ਹੈ ਤਾਂ ਕੂੜਾ ਦੂਰ-ਦੂਰ ਤੱਕ ਉੱਡ ਕੇ ਉਨ੍ਹਾਂ ਦੇ ਘਰਾਂ ਅਤੇ ਦੁਕਾਨਾਂ ਤੱਕ ਪਹੁੰਚ ਜਾਂਦਾ ਹੈ ਅਤੇ ਅਕਸਰ ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਰਹਿੰਦਾ ਹੈ। ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਵਾਰ ਰਾਜਸੀ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਆਪਣੀ ਆਵਾਜ਼ ਉਠਾਈ ਪਰ ਕੋਈ ਹੱਲ ਨਹੀਂ ਨਿਕਲਿਆ। ਲੋਕਾਂ ਨੇ ਇਹ ਵੀ ਕਿਹਾ ਕਿ ਜੇ ਸਰਕਾਰ ਨੇ ਇਸ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਉਹ ਆਪਣੇ ਘਰ ਛੱਡ ਕੇ ਕਿਤੇ ਹੋਰ ਜਾਣ ਲਈ ਮਜਬੂਰ ਹੋਣਗੇ। ਹਰਮਨਦੀਪ ਨੇ ਕਿਹਾ ਕਿ ਪਿਹੋਵਾ ਇੱਕ ਤੀਰਥ ਨਗਰ ਹੈ ਜਿੱਥੇ ਦੁਨੀਆ ਭਰ ਤੋਂ ਸ਼ਰਧਾਲੂ ਆਉਂਦੇ ਹਨ।

ਸ਼ਹਿਰ ਦੀ ਸੁੰਦਰਤਾ ਅਤੇ ਨੇੜਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੇਖਦੇ ਹੋਏ ਇਸ ਗਰਾਊਂਡ ਨੂੰ ਸ਼ਹਿਰ ਤੋਂ ਕਿਤੇ ਦੂਰ ਤਬਦੀਲ ਕਰਕੇ ਆਰਜ਼ੀ ਤੌਰ 'ਤੇ ਜਾਲ ਨਾਲ ਢੱਕਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਭਾਜਪਾ ਦੇ ਆਗੂ ਪਿਹੋਵਾ ਵਿੱਚ ਵਿਕਾਸ ਦੇ ਵੱਡੇ-ਵੱਡੇ ਦਾਅਵੇ ਕਰਦੇ ਹਨ ਪਰ ਭਾਜਪਾ ਸਰਕਾਰ ਦੇ ਰਾਜ ਦੌਰਾਨ ਪਿਹੋਵਾ ਵਿੱਚ ਕੋਈ ਵਿਕਾਸ ਨਹੀਂ ਹੋਇਆ। ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਇਸ ਡੰਪਿੰਗ ਗਰਾਊਂਡ ਨੂੰ ਸ਼ਹਿਰ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ।

# ਗਿਆਨ ਚੰਦ ਗੁਪਤਾ ਵੱਲੋਂ ਖੜਗ ਮੰਗੋਲੀ ਕਲੋਨੀ ਦਾ ਦੌਰਾ



**ਪੰਚਕੂਲਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਸਪੀਕਰ ਗਿਆਨ ਚੰਦ ਗੁਪਤਾ ਨੇ ਅਧਿਕਾਰੀਆਂ ਨਾਲ ਪੰਚਕੂਲਾ ਦੀ ਖੜਕ ਮੰਗੋਲੀ ਕਲੋਨੀ ਦਾ ਅਚਨਚੇਤ ਦੌਰਾ ਕੀਤਾ। ਇਸ ਦੌਰਾਨ ਕਲੋਨੀ ਵਾਸੀਆਂ ਵੱਲੋਂ ਜੋ ਵੀ ਸਮੱਸਿਆਵਾਂ ਵੱਲ ਧਿਆਨ ਦਿਵਾਇਆ ਗਿਆ, ਸਪੀਕਰ ਗੁਪਤਾ ਨੇ ਉਨ੍ਹਾਂ ਨੂੰ ਮੌਕੇ 'ਤੇ ਹੱਲ ਕਰਨ ਲਈ ਨਿਰਦੇਸ਼ ਜਾਰੀ ਕੀਤੇ। ਕਲੋਨੀ ਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਸੜਕਾਂ 'ਤੇ ਗੰਦਾ ਪਾਣੀ ਖੜ੍ਹਾ ਰਹਿੰਦਾ ਤੇ ਉਨ੍ਹਾਂ ਨੂੰ ਆਵਾਜਾਈ ਵਿੱਚ ਦਿੱਕਤਾਂ ਆਉਂਦੀਆਂ ਹਨ। ਬਰਸਾਤ ਦੇ ਦਿਨਾਂ ਵਿੱਚ ਇਹ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੜਕਾਂ ਬੰਦ ਹੋਣ ਦੇ ਨਾਲ-ਨਾਲ ਇੱਥੇ ਬਿਮਾਰੀਆਂ ਫੈਲਣ ਦਾ ਵੀ ਖਦਸ਼ਾ ਬਣਿਆ ਰਹਿੰਦਾ ਹੈ। ਸ੍ਰੀ ਗੁਪਤਾ ਨੇ ਮੌਕੇ 'ਤੇ ਮੌਜੂਦ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸਮੱਸਿਆ ਦੇ ਹੱਲ ਲਈ ਨਿਰਦੇਸ਼ ਦਿੱਤੇ। ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਇਲਾਕਾ ਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਛੇਤੀ ਕੀਤਾ ਜਾਵੇਗਾ। ਇਸ ਮੌਕੇ 'ਤੇ ਨਿਗਮ ਕਮਿਸ਼ਨਰ ਸਚਿਨ ਗੁਪਤਾ ਤੇ ਹਰਿਆਣਾ ਅਰਬਨ ਡਿਵੈਲਪਮੈਂਟ ਅਥਾਰਟੀ ਦੇ ਅਸਟੇਟ ਅਧਿਕਾਰੀ ਮਾਨਵ ਮਲਿਕ ਆਦਿ ਹਾਜ਼ਰ ਸਨ।

# ਡੇਢ ਦਹਾਕੇ ਤੋਂ ਨਹੀਂ ਹੋਈ ਜਲ ਘਰ ਦੀ ਡਿੱਗੀ ਦੀ ਸ.ਫਾਈ

**ਏਲਨਾਬਾਦ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ 15 ਸਾਲਾਂ ਤੋਂ ਪਿੰਡ ਬਾਲਾਸਰ ਦੇ ਜਲ ਘਰ ਵਿੱਚ ਬਣੀ ਡਿੱਗੀ ਦੀ ਸਫ਼ਾਈ ਨਾ ਹੋਣ ਕਾਰਨ ਪਿੰਡ ਵਾਸੀ ਦੂਸ਼ਿਤ ਪਾਣੀ ਪੀਣ ਲਈ ਮਜਬੂਰ ਹਨ। ਪਿੰਡ ਦੇ ਸਰਪੰਚ ਧਰਮਪਾਲ, ਸੀਤਾ ਰਾਮ, ਲਕਸ਼ਮਣ ਸਿੰਘ, ਮਹਿੰਦਰ ਸਿੰਘ, ਈਸ਼ਵਰ, ਸ਼ੀਸ਼ਪਾਲ, ਨਰੇਸ਼ ਕੁਮਾਰ, ਰਵਿੰਦਰ ਕੁਮਾਰ ਤੇ ਗੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਦੇ ਜਲ ਘਰ ਵਿੱਚ ਬਣੀ ਪਾਣੀ ਵਾਲੀ ਡਿੱਗੀ ਦੀ ਸਫ਼ਾਈ ਕਰੀਬ 15 ਸਾਲ ਤੋਂ ਨਹੀਂ ਕਰਵਾਈ ਗਈ ਹੈ ਜਿਸ ਕਾਰਨ ਡਿੱਗੀ ਵਿੱਚ ਗਾਰ ਜੰਮ ਚੁੱਕੀ ਹੈ ਅਤੇ ਆਸਪਾਸ ਝਾੜੀਆਂ ਉੱਗ ਚੁੱਕੀਆਂ ਹਨ।

ਘਰਾਂ ਵਿੱਚ ਇਹੀ ਦੂਸ਼ਿਤ ਪਾਣੀ ਸਪਲਾਈ ਹੋ ਰਿਹਾ ਹੈ। ਜਿਸ ਨਾਲ ਬੀਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ। ਪਿੰਡ ਵਾਸੀਆਂ ਨੇ ਆਖਿਆ ਕਿ ਗਰਮੀ ਦਾ ਮੌਸਮ ਹੈ ਅਤੇ ਸਾਫ਼ ਪਾਣੀ ਨਾ ਮਿਲਣ ਕਾਰਨ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਵਾਟਰ ਵਰਕਸ ਦੀ ਟੈਂਕੀ ਦੀ ਜਲਦੀ ਸਫ਼ਾਈ ਕਰਵਾਈ ਜਾਵੇ ਤਾਂ ਜੋ ਲੋਕਾਂ ਨੂੰ ਸਾਫ਼ ਪਾਣੀ ਮਿਲ ਸਕੇ। ਪਿੰਡ ਦੇ ਸਰਪੰਚ ਧਰਮਪਾਲ ਨੇ ਦੱਸਿਆ ਕਿ ਇਸ ਸਬੰਧੀ ਉਹ ਡਿਪਟੀ ਕਮਿਸ਼ਨਰ ਸਮੇਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਕਰ ਚੁੱਕੇ ਹਨ ਪਰ ਕੋਈ ਵੀ ਉਨ੍ਹਾਂ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲੈ ਰਿਹਾ, ਜਿਸ ਕਾਰਨ ਪਿੰਡ ਵਾਸੀ ਕਾਫੀ ਪ੍ਰੇਸ਼ਾਨ ਹਨ। ਹਰ ਵਾਰ ਉਨ੍ਹਾਂ ਦੀ ਸਮੱਸਿਆ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਜਾਂਦਾ ਹੈ ਪਰ ਹੱਲ ਨਹੀਂ ਹੋ ਰਿਹਾ।

ਸਰਪੰਚ ਧਰਮਪਾਲ ਨੇ ਦੱਸਿਆ ਕਿ ਪਿੰਡ ਦੀ ਆਬਾਦੀ 6000 ਦੇ ਕਰੀਬ ਹੈ ਅਤੇ ਲੋਕਾਂ ਨੂੰ ਪਾਣੀ ਖਰੀਦ ਕੇ ਪੀਣਾ ਪੈ ਰਿਹਾ ਹੈ। ਜਿਸ ਕਾਰਨ ਲੋਕਾਂ ਦਾ ਆਰਥਿਕ ਨੁਕਸਾਨ ਵੀ ਹੋ ਰਿਹਾ ਹੈ। ਲੋਕਾਂ ਨੇ ਕਿਹਾ ਕਿ ਇਸ ਪਿੰਡ ਵਿੱਚ ਬਾਦਲ ਪਰਿਵਾਰ ਦੀ ਸੈਂਕੜੇ ਏਕੜ ਜ਼ਮੀਨ ਹੈ। ਪਿੰਡ ਨੂੰ ਵੀਆਈਪੀ ਪਿੰਡ ਵਜੋਂ ਵੀ ਜਾਣਿਆ ਜਾਂਦਾ ਹੈ ਪਰ ਲੋਕ ਪੀਣ ਵਾਲੇ ਸਾਫ਼ ਪਾਣੀ ਲਈ ਤਰਸ ਰਹੇ ਹਨ।

ਜਨ ਸਿਹਤ ਵਿਭਾਗ ਦੇ ਐਸਡੀਓ ਰਾਮਰੱਖਾ ਨੇ ਆਖਿਆ ਕਿ ਇਹ ਸਮੱਸਿਆ ਉਨ੍ਹਾਂ ਦੇ ਧਿਆਨ ਵਿੱਚ ਆਈ ਹੈ। ਉਹ ਮੌਕੇ ਦਾ ਮੁਆਇਨਾ ਕਰਕੇ ਸਥਿਤੀ ਦਾ ਪਤਾ ਲਗਾਉਣਗੇ। ਪਿੰਡ ਵਾਸੀਆਂ ਦੀ ਸਮੱਸਿਆ ਦਾ ਜਲਦੀ ਹੱਲ ਕੀਤਾ ਜਾਵੇਗਾ। ਜਲ ਘਰ ਦੀਆਂ ਡਿੱਗੀਆਂ ਦੀ ਸਫਾਈ ਲਈ ਮਨਰੇਗਾ ਤਹਿਤ ਐਸਟੀਮੇਟ ਬਣਾਇਆ ਜਾਵੇਗਾ ਅਤੇ ਸਫਾਈ ਗਰਾਮ ਪੰਚਾਇਤ ਰਾਹੀਂ ਕਰਵਾਈ ਜਾਵੇਗੀ।

# ਅੰਮ੍ਰਿਤਸਰ ਦੇ ਦੋ ਨੌਜਵਾਨ ਹੈਰੋਇਨ ਸਣੇ ਸਿਰਸਾ 'ਚ ਗ੍ਰਿਫ਼ਤਾਰ

**ਸਿਰਸਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਦੇ ਐਂਟੀ ਨਾਰਕੋਟਿਕਸ ਸੈੱਲ ਦੀ ਟੀਮ ਨੇ ਗਸ਼ਤ ਦੌਰਾਨ ਜਨਤਾ ਭਵਨ ਰੋਡ ਤੋਂ ਦੋ ਨੌਜਵਾਨਾਂ ਨੂੰ ਹੈਰੋਇਨ ਸਮੇਤ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਬਲਜੀਤ ਸਿੰਘ ਵਾਸੀ ਬਾਵੇਵਾਲਾ ਅਤੇ ਬਲਰਾਜ ਸਿੰਘ ਵਾਸੀ ਫੱਤੂਕਿਲਾ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲੀਸ ਬੁਲਾਰੇ ਨੇ ਦੱਸਿਆ ਕਿ ਪੁਲੀਸ ਦੀ ਐਂਟੀ ਨਾਰਕੋਟਿਕਸ ਸੈੱਲ ਦੀ ਇਕ ਟੀਮ ਜਨਤਾ ਭਵਨ ਰੋਡ 'ਤੇ ਗਸ਼ਤ ਕਰ ਰਹੀ ਸੀ ਤਾਂ ਇਸੇ ਦੌਰਾਨ ਪੈਦਲ ਆਉਂਦੇ ਦੋ ਨੌਜਵਾਨ ਪੁਲੀਸ ਨੂੰ ਵੇਖ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗੇ ਤਾਂ ਪੁਲੀਸ ਦੇ ਜਵਾਨਾਂ ਨੇ ਹੁਸ਼ਿਆਰੀ ਕਰਦਿਆਂ ਉਨ੍ਹਾਂ ਨੂੰ ਰੋਕ ਲਿਆ। ਜਦੋਂ ਉਨ੍ਹਾਂ ਨੂੰ ਭੱਜਣ ਦਾ ਕਾਰਨ ਪੁਛਿਆ ਤਾਂ ਉਹ ਪੁਲੀਸ ਨੂੰ ਕੋਈ ਸੰਤੋਸ਼ਜਨਕ ਉੱਤਰ ਨਾ ਦੇ ਸਕੇ, ਜਿਸ ਮਗਰੋਂ ਉਨ੍ਹਾਂ ਦੀ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਕੋਲੋਂ ਹੈਰੋਇਨ ਬਰਾਮਦ ਹੋਈ ।

# ਘਰ ਵਿੱਚੋਂ ਗਹਿਣੇ, ਨਕਦੀ ਅਤੇ ਕੀਮਤੀ ਸਾਮਾਨ ਚੋਰੀ

**ਸ਼ਾਹਬਾਦ ਮਾਰਕੰਡਾ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਪਿੰਡ ਪਿਲਛੀਆਂ ਵਿੱਚ ਰਾਤ ਚੋਰ ਸੋਨੇ ਦੇ ਗਹਿਣੇ, ਨਕਦੀ ਅਤੇ ਕੀਮਤੀ ਸਾਮਾਨ ਚੋਰੀ ਕਰਕੇ ਲੈ ਗਏ। ਪਿਲਛੀਆਂ ਵਾਸੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਆਪਣੇ ਖੇਤ ਵਿੱਚ ਢਾਣੀ ਬਣਾ ਰਹਿ ਰਹੇ ਹਨ। ਉਨ੍ਹਾਂ ਦੀ ਢਾਣੀ ਦੇ ਨਾਲ ਹੀ ਉਸ ਦੇ ਤਾਇਆ ਗੁਰਜੰਟ ਸਿੰਘ ਦੀ ਢਾਣੀ ਬਣੀ ਹੋਈ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਚੋਰ ਅਲਮਾਰੀ ਵਿੱਚੋਂ ਰੱਖੇ ਸੋਨੇ ਦੇ ਗਹਿਣਿਆਂ ਤੋਂ ਇਲਾਵਾ 40 ਹਜ਼ਾਰ ਰੁਪਏ ਦੀ ਨਗਦੀ ਅਤੇ ਹੋਰ ਕੀਮਤੀ ਸਾਮਾਨ, ਐੱਲਈਡੀ ਚੋਰੀ ਕਰਕੇ ਲੈ ਗਏ। ਪੁਲੀਸ ਨੇ ਇਸ ਸਬੰਧੀ ਕੇਸ ਦਰਜ ਕਰ ਲਿਆ ਹੈ। ਪਿੰਡ ਨੰਗਲ ਦੇ ਇਕ ਘਰ ਵਿੱਚੋਂ ਦਿਨ ਦਿਹਾੜੇ ਕਣਕ ਦੀਆਂ ਦੋ ਬੋਰੀਆਂ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਮਾਮਲੇ ਨੂੰ ਲੈ ਕੇ ਪੁਲੀਸ ਨੇ ਮਕਾਨ ਮਾਲਕ ਅਮਰੀਕ ਸਿੰਘ ਦੀ ਸ਼ਿਕਾਇਤ 'ਤੇ ਹੀ ਪਿੰਡ ਉਹ ਆਪਣੇ ਖੇਤ ਵਿੱਚ ਢਾਣੀ ਬਣਾ ਰਹਿ ਰਹੇ ਹਨ। ਉਨ੍ਹਾਂ ਦੀ ਢਾਣੀ ਦੇ ਨਾਲ ਹੀ ਉਸ ਦੇ ਤਾਇਆ ਗੁਰਜੰਟ ਸਿੰਘ ਦੀ ਢਾਣੀ ਬਣੀ ਹੋਈ ਹੈ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਚੋਰ ਅਲਮਾਰੀ ਵਿੱਚੋਂ ਰੱਖੇ ਸੋਨੇ ਦੇ ਗਹਿਣਿਆਂ ਤੋਂ ਇਲਾਵਾਨੰਗਲ ਦੇ ਜਸਪ੍ਰੀਤ ਉਰਫ ਭੂਰਾ ਖ਼ਿਲਾਫ਼ ਕੇਸ ਦਰਜ ਕੀਤਾ ਹੈ।

# ਹਰਿਆਣਾ ਕਮੇਟੀ ਵੱਲੋਂ ਪਾਕਿਸਤਾਨ ਲਈ ਜਥਾ ਰਵਾਨਾ

**ਰਤੀਆ, 23 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਹਬਾਦ ਮਾਰਕੰਡਾ (ਸਤਨਾਮ ਸਿੰਘ): ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਵਿਚ ਸਥਿਤ ਗੁਰੂਘਰਾਂ ਦੇ ਦਰਸ਼ਨਾਂ ਲਈ ਸਿੱਖ ਸੰਗਤ ਦਾ ਇੱਕ ਜਥਾ ਕੁਰੂਕਸ਼ੇਤਰ ਦੇ ਛੇਵੀਂ ਪਾਤਸ਼ਾਹੀ ਗੁਰਦੁਆਰੇ ਤੋਂ ਰਵਾਨਾ ਕੀਤਾ। ਇਸ ਤੋਂ ਪਹਿਲਾਂ ਕਮੇਟੀ ਦੀ ਸੀਨੀਅਰ ਮੀਤ ਪ੍ਰਧਾਨ ਰਵਿੰਦਰ ਕੌਰ ਤੇ ਕਮੇਟੀ ਦੇ ਬੁਲਾਰੇ ਕੰਵਲਜੀਤ ਸਿੰਘ ਅਜਰਾਨਾ ਨੇ ਸੰਗਤਾਂ ਨੂੰ ਉਨ੍ਹਾਂ ਦੇ ਪਾਸਪੋਰਟ ਦਿੱਤੇ। ਬੀਬੀ ਰਵਿੰਦਰ ਕੌਰ ਅਜਰਾਨਾ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਅੱਜ ਇਹ ਜਥਾ ਪਾਕਿਸਤਾਨ ਲਈ ਰਵਾਨਾ ਕੀਤਾ ਗਿਆ ਹੈ। ਕਮੇਟੀ ਦੇ ਯਾਤਰਾ ਵਿਭਾਗ ਦੀ ਸੇਵਾ ਦਾ ਜ਼ਿੰਮਾ ਸੰਭਾਲ ਰਹੇ ਕਪਾਲ ਮੋਚਨ ਗੁਰਦੁਆਰਾ ਬਿਲਾਸਪੁਰ ਦੇ ਮੈਨੇਜਰ ਹਰਕੀਰਤ ਸਿੰਘ ਨੇ ਜਥੇ ਨੂੰ ਉਥੋਂ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਜਥਾ ਅੱਜ ਦੀ ਰਾਤ ਸ੍ਰੀ ਦਰਬਾਰ ਸਾਹਿਬ ਵਿਖੇ ਰਾਤ ਨੂੰ ਆਰਾਮ ਕਰੇਗਾ ਤੇ 23 ਜੂਨ ਨੂੰ ਸਵੇਰੇ ਵਾਹਗਾ ਬਾਰਡਰ ਰਾਹੀਂ ਪਾਕਿਸਤਾਨ 'ਚ ਪ੍ਰਵੇਸ਼ ਕਰੇਗਾ। ਇਸ ਜਥੇ 'ਚ 24 ਜਣੇ ਹਨ। ਉਨ੍ਹਾਂ ਦੱਸਿਆ ਕਿ 30 ਜੂਨ ਨੂੰ ਜਥਾ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਤੋਂ ਬਾਅਦ ਭਾਰਤ ਆਏਗਾ।

## ਜਲੰਧਰ ਜਿਮਨੀ ਚੋਣ: ਕਾਂਗਰਸੀ ਉਮੀਦਵਾਰ ਸੁਰਿੰਦਰ ਕੌਰ ਤੇ ਅਕਾਲੀ ਦਲ ਉਮੀਦਵਾਰ ਸੁਰਜੀਤ ਕੌਰ ਨੇ ਭਰੇ ਨਾਮਜਦਗੀ ਪੱਤਰ

ਏਜੰਸੀਆਂ

ਜਲੰਧਰ 23 ਜੂਨ। ਜਲੰਧਰ ਜਿ਼ਮਿਨੀ ਚੋਣ ਲਈ ਨਾਮਜਦਗੀ ਭਰਨ ਦੇ ਅੱਜ ਆਖਰੀ ਦਿਨ ਕਾਂਗਰਸੀ ਉਮੀਦਵਾਰ ਸੁਰਿੰਦਰ ਕੌਰ ਅਤੇ ਅਕਾਲੀ ਦਲ ਦੇ ਉਮੀਦਾਰ ਸੁਰਜੀਤ ਕੌਰ ਵੱਲੋਂ ਨਾਮਜਦਗੀ ਪੱਤਰ ਦਾਖਲ ਕਰ ਦਿੱਤੇ ਗਏ ਹਨ। ਪੱਤਰਕਾਰਾਂ ਨਾਲ



ਗੱਲਬਾਤ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਇਸ ਸੀਟ ਲਈ ਕਈ ਲੋਕਾਂ ਨੇ ਦਾਅਵਾ ਪੇਸ ਕੀਤਾ ਸੀ ਅਤੇ ਸਾਰਿਆਂ ਨਾਲ ਗੱਲਬਾਤ ਕਰਕੇ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਦੇ ਪਰਿਵਾਰ ਨੇ ਜਲੰਧਰ ਦੇ ਲੋਕਾਂ ਦੀ ਬਹੁਤ ਸੇਵਾ ਕੀਤੀ ਹੈ। ਪਤੀ ਦੀ ਮੌਤ ਤੋਂ ਬਾਅਦ ਵੀ ਉਸ ਨੇ ਹਿੰਮਤ ਨਹੀਂ ਹਾਰੀ ਅਤੇ ਸਾਦਾ ਜੀਵਨ ਬਤੀਤ ਕੀਤਾ ਅਤੇ ਲੋਕਾਂ ਦੀ ਸੇਵਾ ਕੀਤੀ। ਨਾਮਜਦਗੀ ਦਾਖਲ ਕਰਨ ਜਾ ਰਹੀ ਕਾਂਗਰਸੀ ਉਮੀਦਵਾਰ ਸੁਰਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸੀ ਹੈ ਕਿ ਉਹ ਪਿਛਲੇ 50 ਸਾਲਾਂ ਤੋਂ ਕਾਂਗਰਸ ਪਾਰਟੀ ਦੀ ਸੇਵਾ ਕਰ ਰਹੀ ਹੈ ਅਤੇ ਇਸ ਵਾਰ ਪਾਰਟੀ ਨੇ ਉਨ੍ਹਾਂ ਨੂੰ ਵੱਡਾ ਮੌਕਾ ਦਿੱਤਾ ਹੈ ਅਤੇ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਉਹ ਜਿੱਤੇਗੀ . ਇਹ ਚੋਣ ਅਸੀਂ ਵੱਡੇ ਫਰਕ ਨਾਲ ਜਿੱਤਾਂਗੇ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਅੱਜ ਸਵੇਰੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੋਹਿੰਦਰ ਭਗਤ ਨੇ ਨਾਮਜਦਗੀ ਪੱਤਰ ਦਾਖਲ ਕੀਤੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਮੰਤਰੀ ਹਰਪਾਲ ਚੀਮਾ, ਮੰਤਰੀ ਅਮਨ ਅਰੋੜਾ, ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਸਮੇਤ ਹੋਰ ਸੀਨੀਅਰ ਆਗੂ ਮੌਜੂਦ ਸਨ। ਮੋਹਿੰਦਰ ਭਗਤ ਨੇ ਨਾਮਜਦਗੀ ਪੱਤਰ ਭਰਨ ਤੋਂ ਪਹਿਲਾਂ ਪਿਤਾ ਸਾਬਕਾ ਮੰਤਰੀ ਚੁੰਨੀ ਲਾਲ ਆਸ਼ਿਰਵਾਦ ਲਿਆ ਅਤੇ ਫਿਰ ਭਾਰਗੋ ਕੈਂਪ ਵਿਚ ਸਥਿਤ ਕਬੀਰ ਮੰਦਿਰ ਵਿਚ ਮੱਥਾ ਵੀ ਟੇਕਿਆ। ਵੈਸਟ ਵਿਧਾਨ ਸਭਾ ਹਲਕਾ ਦੀ ਜਿ਼ਮਿਨੀ ਚੋਣ ਲਈ ਵੀਰਵਾਰ 6 ਉਮੀਦਵਾਰਾਂ ਨੇ ਨਾਮਜਦਗੀ ਪੱਤਰ ਰਿਟਰਨਿੰਗ ਅਧਿਕਾਰੀ ਨੂੰ ਦਾਖਲ ਕਰਵਾਏ ਸਨ। ਜਿ਼ਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦੇ ਤੌਰ ’ਤੇ ਸ਼ੀਤਲ ਅੰਗੁਰਾਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਦੇ ਤੌਰ ’ਤੇ ਸਰਬਜੀਤ ਸਿੰਘ, ਬਸਪਾ ਦੇ ਉਮੀਦਵਾਰ ਦੇ ਤੌਰ ’ਤੇ ਬਿੰਦਰ ਕੁਮਾਰ ਲੱਖਾ ਅਤੇ ਰਾਸ਼ਟਰੀ ਏਕਤਾ ਪਾਰਟੀ ਦੇ ਉਮੀਦਵਾਰ ਦੇ ਤੌਰ ’ਤੇ ਇਕਬਾਲ ਚੰਦ ਨੇ ਨਾਮਜਦਗੀ ਕਾਗਜ ਦਾਖਲ ਕਰਵਾਏ।

# ਗਰੀਬ ਪਰਿਵਾਰਾਂ ਲਈ ਚੌਲਾਂ ਦੀ ਵੰਡ ’ਚ ਹੋਏ 1.55 ਕਰੋੜ ਰੁਪਏ ਦੇ ਗ਼ਬਨ ਦਾ ਪਰਦਾਫਾਸ਼

ਸਰਦੂਲ ਸਿੰਘ

ਚੰਡੀਗੜ੍ਹ 23 ਜੂਨ। ਪੰਜਾਬ ਵਿਜੀਲੈਂਸ ਬਿਊਰੋ ਨੇ ਇਕ ਗੋਦਾਮ ’ਤੇ ਛਾਪੇਮਾਰੀ ਕਰਕੇ 1.55 ਕਰੋੜ ਰੁਪਏ ਦੇ ਵੱਡੇ ਗ਼ਬਨ ਦਾ ਪਰਦਾਫਾਸ਼ ਕਰਦਿਆਂ ਚੌਲਾਂ ਦੀਆਂ 1138 ਬੋਰੀਆਂ ਨਾਲ ਲੱਦੇ 2 ਟਰੱਕ ਜ਼ਬਤ ਕੀਤੇ ਹਨ। ਇਸ ਸਬੰਧੀ ਵਿਜੀਲੈਂਸ ਬਿਊਰੋ ਨੇ ਸ਼ਿਵ ਸ਼ਕਤੀ ਰਾਈਸ ਮਿੱਲ, ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਲਕ ਗੋਪਾਲ ਗੋਇਲ ਸਣੇ ਦੋ ਟਰੱਕ ਡਰਾਈਵਰਾਂ ਜਗਪਾਲ ਸਿੰਘ ਅਤੇ ਸੁਖਵਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿਚ ਜੈ ਜਨੇਂਦਰ ਫਰਮ ਦੇ ਠੇਕੇਦਾਰ ਹਰੀਸ਼ ਦਲਾਲ, ਸ਼ਿਵ ਸ਼ਕਤੀ ਰਾਈਸ ਮਿੱਲ ਗੜ੍ਹਸ਼ੰਕਰ ਹੁਸ਼ਿਆਰਪੁਰ ਦੇ ਮਾਲਕ ਗੋਪਾਲ ਗੋਇਲ, ਅੰਜਨੀ ਰਾਈਸ ਮਿੱਲ ਕੁੱਤੀਵਾਲ ਕਲਾਂ, ਮੌੜ ਮੰਡੀ, ਬਠਿੰਡਾ ਦੇ ਮਾਲਕ, ਟਰੱਕ ਡਰਾਈਵਰਾਂ ਜਗਪਾਲ ਸਿੰਘ ਅਤੇ ਸੁਖਵਿੰਦਰ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿਚ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਭਵਿੱਖ ਦੀ ਜਾਂਚ ਦੌਰਾਨ ਭਾਰਤੀ ਖੁਰਾਕ ਨਿਗਮ ਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਤੋਂ ਇਲਾਵਾ ਗਲੋਬਲ ਵੇਅਰਹਾਊਸ ਦੇ ਅਧਿਕਾਰੀਆਂ/ਕਰਮਚਾਰੀਆਂ/ਨਿਗਰਾਨਾਂ ਦੀ ਭੂਮਿਕਾ ਵੀ ਵਿਚਾਰੀ ਜਾਵੇਗੀ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ‘ਭਾਰਤ ਬ੍ਰਾਂਡ’ ਸਕੀਮ ਤਹਿਤ ਰਾਸ਼ਟਰੀ ਸਹਿਕਾਰੀ ਖ਼ਪਤਕਾਰ ਫੈਡਰੇਸ਼ਨ ਆਫ ਇੰਡੀਆ ਵੱਲੋਂ ਬਠਿੰਡਾ, ਭੁੱਚੋ, ਮੌੜ, ਰਾਮਪੁਰਾ ਫੂਲ ਅਤੇ ਬੁਢਲਾਡਾ ਦੇ ਗਰੀਬ ਪਰਿਵਾਰਾਂ ਨੂੰ ਲਗਭਗ 70,000 ਮੀਟ੍ਰਿਕ ਟਨ ਚੌਲ ਵੰਡੇ ਜਾ ਰਹੇ ਸਨ, ਜਿਨ੍ਹਾਂ ਦੀ ਕੀਮਤ ਲਗਭਗ 130 ਕਰੋੜ ਰੁਪਏ ਬਣਦੀ ਹੈ। ਇਨ੍ਹਾਂ ਵਿਚੋਂ 1000




ਮੀਟ੍ਰਿਕ ਟਨ ਚੌਲ 5 ਕਿੱਲੋ ਅਤੇ 10 ਕਿਲੋ ਦੀ ਥੈਲਿਆਂ ਵਿਚ 18.50 ਪ੍ਰਤੀ ਕਿੱਲੋ ਦੇ ਹਿਸਾਬ ਨਾਲ ਵੰਡੇ ਜਾਣੇ ਸੀ। ਬਠਿੰਡਾ ਜ਼ਿਲ੍ਹੇ ਵਿਚ 29 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਇਹ ਚੌਲ ਲਾਭਪਾਤਰੀਆਂ ਨੂੰ ਸਪਲਾਈ ਕਰਨ ਦਾ ਟੈਂਡਰ ਜੈ ਜੈਨੇਂਦਰ ਫਰਮ ਨੂੰ ਦਿੱਤਾ ਗਿਆ ਸੀ। ਬੁਲਾਰੇ ਨੇ ਕਿਹਾ ਕਿ ਵਿਜੀਲੈਂਸ ਬਿਊਰੋ ਨੂੰ ਭਰੋਸੇਯੋਗ ਸੂਤਰਾਂ ਤੋਂ ਸੂਚਨਾ ਮਿਲੀ ਸੀ ਕਿ ਲਾਭਪਾਤਰੀਆਂ ਦੇ 3.40 ਕਰੋੜ ਰੁਪਏ ਦੇ ਚੌਲਾਂ ਵਿਚ ਗਬਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਚਨਾ ’ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਚੌਲਾਂ ਦੀਆਂ 1138 ਬੋਰੀਆਂ ਨਾਲ ਲੱਦੇ 2 ਟਰੱਕ ਜ਼ਬਤ ਕਰ ਲਏ ਹਨ, ਜੋ ਫਤਿਆਬਾਦ ਦੇ ਕਸਬਾ ਹਮਜਾਪੁਰ ਭੇਜੇ ਜਾਣੇ ਸਨ ਪਰ ਟੈਂਡਰ ਫਰਮ ਨੇ ਚੌਲਾਂ ਨੂੰ ਅੱਗੇ ਚੌਲ-ਫ਼ਰੋਸ਼ਾਂ ਨੂੰ ਸਿੱਧੇ ਵੇਚਣ ਦੇ ਇਰਾਦੇ ਨਾਲ ਨਾ ਤਾਂ ਚੌਲਾਂ ਦੀ ਸਫਾਈ ਨਹੀਂ ਕੀਤੀ ਅਤੇ ਨਾ ਹੀ ਚੌਲ ਬੋਰੀਆਂ ਵਿਚ ਭਰੇ। ਪੜਤਾਲ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਉਕਤ ਫਰਮ ਗਰੀਬ ਲੋਕਾਂ ਲਈ ਰੱਖੇ ਸਰਕਾਰੀ ਸਟਾਕ ਨੂੰ 34 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਮਹਿੰਗੇ ਭਾਅ ਵੇਚ ਕੇ ਗਬਨ ਕਰਨਾ ਚਾਹੁੰਦੀ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਜੈ ਜਨੇਂਦਰ ਫਰਮ ਦੇ ਮਾਲਕਾਂ ਨੇ ਹਰੀਸ਼ ਕੁਮਾਰ ਨਾਮਕ ਦਲਾਲ ਅਤੇ ਭਾਰਤੀ ਖੁਰਾਕ ਨਿਗਮ ਦੇ ਅਣਪਛਾਤੇ ਅਧਿਕਾਰੀਆਂ ਰਾਹੀਂ ਇਸ ਗੋਦਾਮ ਦੇ ਅਧਿਕਾਰੀਆਂ/ਕਰਮਚਾਰੀਆਂ/ਨਿਗਰਾਨਾਂ ਨਾਲ ਮਿਲੀਭੁਗਤ ਕਰਕੇ ਗਲੋਬਲ ਵੇਅਰਹਾਊਸ (ਸੋਮਾ ਵੇਅਰਹਾਊਸ), ਮੌੜ ਮੰਡੀ ਤੋਂ ਚੌਲ ਹਾਸਲ ਕਰਕੇ ਰਿਸ਼ਵਤ ਦੇਣ ਤੋਂ ਬਾਅਦ ਇੰਨ੍ਹਾਂ ਚੌਲਾਂ ਦੀਆਂ ਬੋਰੀਆਂ ਨੂੰ ਅੰਜਨੀ ਰਾਈਸ ਮਿੱਲ, ਕੁੱਤੀਵਾਲ ਕਲਾਂ, ਮੌੜ ਮੰਡੀ ਵਿਖੇ ਭੇਜ ਦਿੱਤਾ ਅਤੇ ਇਸ ਤੋਂ ਬਾਅਦ ਚੌਲਾਂ ਦੀਆਂ ਬੋਰੀਆਂ ਨੂੰ ਇਨ੍ਹਾਂ ਟਰੱਕਾਂ ਰਾਹੀਂ ਸ਼ਿਵ ਸ਼ਕਤੀ ਰਾਈਸ ਮਿੱਲ, ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਲਿਜਾਇਆ ਜਾਣਾ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਕਤ ਸਾਰੇ ਮੁਲਜ਼ਮਾਂ ਅਤੇ ਉਕਤ ਫਰਮਾਂ ਦੇ ਮਾਲਕਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਕਾਰਵਾਈ ਜਾਰੀ ਹੈ।

## ਜਲੰਧਰ ਵੈਸਟ ਹਲਕੇ ਦੀ ਜਿਮਨੀ ਚੋਣ ਲਈ ਨਾਮਜਦਗੀਆਂ ਦਾਖਲ ਕਰਨ ਦਾ ਅੱਜ ਆਖਰੀ ਦਿਨ

ਜਲੰਧਰ 23 ਜੂਨ। ਵੈਸਟ ਵਿਧਾਨ ਸਭਾ ਹਲਕਾ ਦੀ ਜਿ਼ਮਿਨੀ ਚੋਣ ਲਈ ਵੀਰਵਾਰ 6 ਉਮੀਦਵਾਰਾਂ ਨੇ ਨਾਮਜਦਗੀ ਪੱਤਰ ਰਿਟਰਨਿੰਗ ਅਧਿਕਾਰੀ ਨੂੰ ਦਾਖਲ ਕਰਵਾਏ। ਜਿ਼ਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਦੇ ਤੌਰ ’ਤੇ ਸ਼ੀਤਲ ਅੰਗੁਰਾਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਦੇ ਤੌਰ ’ਤੇ ਸਰਬਜੀਤ ਸਿੰਘ, ਬਸਪਾ ਦੇ ਉਮੀਦਵਾਰ ਦੇ ਤੌਰ ’ਤੇ ਬਿੰਦਰ ਕੁਮਾਰ ਲੱਖਾ ਅਤੇ ਰਾਸ਼ਟਰੀ ਏਕਤਾ ਪਾਰਟੀ ਦੇ ਉਮੀਦਵਾਰ ਦੇ ਤੌਰ ’ਤੇ ਇਕਬਾਲ ਚੰਦ ਨੇ ਨਾਮਜਦਗੀ ਕਾਗਜ ਦਾਖਲ ਕਰਵਾਏ। ਡਿਪਟੀ ਕਮਿਸ਼ਨਰ ਨੇ ਦੱਸਿਆ



ਕਿ ਇਸ ਤੋਂ ਇਲਾਵਾ ਆਜਾਦ ਉਮੀਦਵਾਰਾਂ ਦੇ ਤੌਰ ’ਤੇ ਅਜੈ ਕੁਮਾਰ ਭਗਤ ਅਤੇ ਨੀਟੂ ਸ਼ਟਰਾਂ ਵਾਲੇ ਨੇ ਨਾਮਜਦਗੀ ਕਾਗਜ ਦਾਖਲ ਕਰਵਾਏ। ਇਸ ਤੋਂ ਪਹਿਲਾਂ 3 ਉਮੀਦਵਾਰਾਂ ਨੇ ਨਾਮਜਦਗੀ ਕਾਗਜ ਦਾਖਲ ਕਰਵਾਏ, ਜਿਸ ਦੇ ਨਾਲ ਹੁਣ ਤਕ 9 ਉਮੀਦਵਾਰਾਂ ਵੱਲੋਂ ਨਾਮਜਦਗੀ ਕਾਗਜ ਜਮ੍ਹਾ ਕਰਵਾ ਦਿੱਤੇ ਗਏ ਹਨ। ਇਸ ਤੋਂ ਇਲਾਵਾ ਅੰਜੂ ਅੰਗੁਰਾਲ ਨੇ ਭਾਰਤੀ ਜਨਤਾ ਪਾਰਟੀ ਦੇ ਕਵਰਿੰਗ ਉਮੀਦਵਾਰ ਦੇ ਤੌਰ ’ਤੇ ਨਾਮਜਦਗੀ ਕਾਗਜ ਦਾਖਲ ਕੀਤੇ ਹਨ। ਉਨ੍ਹਾਂ ਦੱਸਿਆ ਕਿ 21 ਜੂਨ ਨਾਮਜਦਗੀ ਕਾਗਜ ਦਾਖਲ ਕਰਵਾਉਣ ਦੀ ਆਖਰੀ ਤਾਰੀਖ ਹੈ। ਦੱਸਣਯੋਗ ਹੈ ਕਿ ਸ਼ੀਤਲ ਅੰਗੁਰਾਲ ਵੱਲੋਂ ਵਿਧਾਇਕੀ ਦੇ ਤੌਰ ‘ਤੇ ਅਸਤੀਫਾ ਦੇਣ ਮਗਰੋਂ ਜਲੰਧਰ ਵੈਸਟ ਹਲਕੇ ਦੀ ਸੀਟ ਖਾਲੀ ਹੋਈ ਸੀ।

## ਡਰਾਈਵਿੰਗ ਟਰੈਕ ‘ਤੇ ਦਿਮਾਗੀ ਤੌਰ ‘ਤੇ ਬੇਕਾਬੂ ਔਰਤ ਨੇ ਕੀਤਾ ਹੰਗਾਮਾ

ਲੁਧਿਆਣਾ 23 ਜੂਨ। ਆਰ. ਟੀ. ਏ. ਤਹਿਤ ਆਉਂਦੇ ਸੈਕਟਰ-32 ਸਥਿਤ ਡਰਾਈਵਿੰਗ ਟੈਸਟ ਟਰੈਕ ’ਤੇ ਸ਼ੁੱਕਰਵਾਰ ਸਵੇਰੇ ਦਿਮਾਗੀ ਤੌਰ ’ਤੇ ਬੇਕਾਬੂ ਔਰਤ ਨੇ ਖੂਬ ਹੰਗਾਮਾ ਕੀਤਾ। ਉਸ ਨੇ ਲਾਇਸੈਂਸ ਬਣਵਾਉਣ ਸਬੰਧੀ ਸਮਾਰਟ ਚਿੱਪ ਕੰਪਨੀ ਦੇ ਪੁਨੀਤ ਕੁਮਾਰ ਨਾਲ ਬਹਿਸਬਾਜ਼ੀ ਸ਼ੁਰੂ ਕਰ ਦਿੱਤੀ। ਪੁਨੀਤ ਕੁਮਾਰ ਦੇ ਵਾਰ-ਵਾਰ ਕਹਿਣ ’ਤੇ ਵੀ ਔਰਤ ਨੇ ਇਕ ਗੱਲ ਨਾ ਸੁਣੀ ਅਤੇ ਕਾਫੀ ਦੇਰ ਤੱਕ ਹੰਗਾਮਾ ਕਰਦੀ ਸੀ ਅਤੇ ਕਈ ਤਰ੍ਹਾਂ ਦੇ ਦੋਸ਼ ’ਚ ਜੜ੍ਹ ਦਿੱਤੇ। ਇਸ ’ਤੇ ਪੁਨੀਤ ਨੇ ਫੌਰਨ ਇਸ ਮਾਮਲੇ ਦੀ ਜਾਣਕਾਰੀ ਏ. ਟੀ. ਓ. ਅਭਿਸ਼ੇਕ ਬਾਂਸਲ ਨੂੰ ਦਿੱਤੀ। ਇਸ ’ਤੇ ਉਹ ਮੌਕੇ ’ਤੇ ਪੁੱਜੇ ਅਤੇ ਥਾਣਾ ਡਵੀਜ਼ਨ ਨੰ. 7 ਦੀ ਪੁਲਸ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ ਮੌਕੇ ’ਤੇ ਪੁੱਜੇ 3 ਪੁਲਸ ਮੁਲਾਜ਼ਮਾਂ ਨੇ ਔਰਤ ਨੂੰ ਸਮਝਾ ਕੇ ਵਾਪਸ ਭੇਜਿਆ। ਇਸ ਤੋਂ ਬਾਅਦ ਮਾਮਲਾ ਸ਼ਾਂਤ ਹੋਇਆ ਅਤੇ ਕੰਮ ਫਿਰ ਚਾਲੂ ਹੋ ਸਕਿਆ ਅਤੇ ਉਥੇ ਆਏ ਬਿਨੈਕਾਰਾਂ ਨੇ ਰਾਹਤ ਦਾ ਸਾਹ ਲਿਆ। ਇਸ ਸਬੰਧੀ ਜਦੋਂ ਏ. ਟੀ. ਓ. ਅਭਿਸ਼ੇਕ ਬਾਂਸਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਿਛਲੇ ਦਿਨੀਂ ਅੰਮ੍ਰਿਤਸਰ ਤੋਂ ਪੁਨੀਤ ਨੂੰ ਬੁਲਾ ਕੇ ਇੱਥੇ ਤਾਇਨਾਤ ਕੀਤਾ ਹੈ। ਇਸ ਤੋਂ ਪਹਿਲਾਂ ਜੋ ਲੋਕ ਤਾਇਨਾਤ ਸਨ, ਉਨ੍ਹਾਂ ਦੇ ਸਬੰਧ ਕੁਝ ਏਜੰਟ ਕਿਸਮ ਦੇ ਲੋਕਾਂ ਨਾਲ ਸਨ ਅਤੇ ਉਹ ਉਨ੍ਹਾਂ ਦੇ ਕੰਮ ਲਗਾਤਾਰ ਕਰ ਰਹੇ ਸਨ। ਹੁਣ ਪੁਨੀਤ ਕੁਮਾਰ ਦੇ ਤਾਇਨਾਤ ਹੋਣ ਤੋਂ ਬਾਅਦ ਉਨ੍ਹਾਂ ਏਜੰਟਾਂ ਦੇ ਕੰਮ ਬੰਦ ਹੋ ਚੁੱਕੇ ਹਨ। ਇਸ ਕਾਰਨ ਉਨ੍ਹਾਂ ਨੇ ਆਪਣੀ ਖੁੰਦਕ ਕੱਢਣ ਲਈ ਇਸ ਔਰਤ ਨੂੰ ਟਰੈਕ ’ਤੇ ਹੰਗਾਮਾ ਕਰਨ ਲਈ ਭੇਜਿਆ ਸੀ।

## ਬਠਿੰਡਾ ‘ਚ ਵੱਡੀ ਵਾਰਦਾਤ, ਸਾਬਕਾ ਸਰਪੰਚ ਨੂੰ ਸ਼ਰੇਆਮ ਮਾਰੀਆਂ ਗੋਲੀਆਂ

ਕਿਸ਼ਨ ਪਾਲ

ਬਠਿੰਡਾ 23 ਜੂਨ। ਪੁਰਾਣੀ ਰੰਜਿਸ ਦੇ ਚੱਲਦਿਆਂ ਪਿੰਡ ਦੇ ਕੁਝ ਵਿਅਕਤੀਆਂ ਨੇ ਸਾਬਕਾ ਸਰਪੰਚ ‘ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਉਸ ਦੀ ਲੱਤ ‘ਚ ਕਈ ਗੋਲੀਆਂ ਲੱਗੀਆਂ ਅਤੇ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਬਠਿੰਡਾ ਵਿਖੇ ਦਾਖਲ ਕਰਵਾਇਆ ਗਿਆ। ਬੁਰੀ ਤਰ੍ਹਾਂ ਜਖਮੀ ਕੁਲਵਿੰਦਰ ਸਿੰਘ ਕਿੰਗਰਾ ਦੀ ਪਤਨੀ ਪਰਮਜੀਤ ਕੌਰ ਨੇ ਦੱਸਿਆ ਕਿ ਜਸਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਰਸਤੇ ‘ਚ ਉਸ ਦੇ ਪਤੀ ਨੂੰ ਗੋਲੀਆਂ ਮਾਰ ਦਿੱਤੀਆਂ। ਉਸ ਨੇ ਦੱਸਿਆ ਕਿ ਉਸ ਦਾ ਪਤੀ ਕੁਲਵਿੰਦਰ ਸਿੰਘ ਆਪਣੀ ਕਾਰ ਵਿਚ ਪਿੰਡ ਕਲਿਆਣ ਸੁੱਖਾ ਤੋਂ ਭਗਤਾ ਜਾ ਰਿਹਾ ਸੀ ਤਾਂ ਰਸਤੇ ਵਿਚ ਉਸ ਨੂੰ ਘੇਰ ਲਿਆ ਗਿਆ ਅਤੇ ਗੋਲੀਆਂ ਮਾਰ ਦਿੱਤੀਆਂ ਗਈਆਂ। ਰੰਜਿਸ ਦੇ ਕਾਰਨ ਬਾਰੇ ਉਸ ਨੇ ਦੱਸਿਆ ਕਿ ਉਸ ਦੇ ਲੜਕੇ ਰੁਪਿੰਦਰ ਸਿੰਘ (23) ਖਿ਼ਲਾਫ ਪਿੰਡ ਦੀ ਹੀ ਲੜਕੀ ਵੱਲੋਂ ਜਬਰ-ਜਿ਼ਨਾਹ ਦਾ ਕੇਸ ਦਰਜ ਕਰਵਾਇਆ ਸੀ। ਉਕਤ ਲੜਕੀ ਦਾ ਵਿਆਹ ਜਸਵੰਤ ਸਿੰਘ ਨਾਲ ਹੋ ਗਈ ਸੀ ਅਤੇ ਉਹ ਸਮਝੌਤੇ ਦੇ ਨਾਂ ‘ਤੇ 20 ਲੱਖ ਰੁਪਏ ਦੀ ਮੰਗ ਕਰ ਰਿਹਾ ਸੀ। ਜਿਸ ਨੂੰ ਦੇਣ ਤੋਂ ਉਸ ਨੇ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਪੁੱਤਰ ਅਜੇ ਵੀ ਜੇਲ੍ਹ ਵਿਚ ਹੈ ਅਤੇ ਕਿਹਾ ਕਿ ਅਦਾਲਤ ਜੋ ਵੀ ਫੈਸਲਾ ਕਰੇਗੀ ਉਹ ਸਵੀਕਾਰ ਕਰਨਗੇ ਪਰ ਸਮਝੌਤਾ ਨਹੀਂ ਕਰਨਗੇ। ਸ਼ੁੱਕਰਵਾਰ ਸਾਮ ਨੂੰ ਉਕਤ ਵਿਅਕਤੀਆਂ ਨੇ ਉਸ ਦੇ ਛੋਟੇ ਲੜਕੇ ਤੀਰਥ ਸਿੰਘ (19) ਨੂੰ ਸੜਕ ‘ਤੇ ਘੇਰ ਕੇ ਉਸ ਦੀ ਕੁੱਟਮਾਰ ਕੀਤੀ। ਜਖਮੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਕੰਮ ਲਈ ਪਿੰਡ ਤੋਂ ਭੱਜ ਰਿਹਾ ਸੀ, ਜਦੋਂ ਉਸ ਨੂੰ ਰੋਕ ਕੇ ਤੇਜਧਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ ਤਾਂ ਉਹ ਬੇਹੋਸ ਹੋ ਗਿਆ ਅਤੇ ਗੋਲੀਆਂ ਚਲਾਉਣੀਆਂ ਸੁਰੂ ਕਰ ਦਿੱਤੀਆਂ। ਉਹ ਰੌਲਾ ਪਾਉਂਦਾ ਰਿਹਾ ਕਿ ਉਸ ਦੀ ਕੁੱਟਮਾਰ ਕਿਉਂ ਕੀਤੀ ਜਾ ਰਹੀ ਹੈ ਪਰ ਮੁਲਜਮਾਂ ਨੇ ਉਸ ਦੀ ਗੱਲ ਨਹੀਂ ਸੁਣੀ। ਫਿਲਹਾਲ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਜਦਕਿ ਦੋਸੀ ਫਰਾਰ ਦੱਸੇ ਜਾ ਰਹੇ ਹਨ।

## ਜੀਜੇ ਦੀ ਭੈਣ ਨਾਲ ਜਾ ਰਹੇ ਨੌਜਵਾਨ ਨਾਲ ਵਾਪਰਿਆ ਭਾਣਾ

ਲੁਧਿਆਣਾ 23 ਜੂਨ। ਥਾਣਾ ਸਲੇਮ ਟਾਬਰੀ ਅਧੀਨ ਆਉਂਦੇ ਟਾਈਗਰ ਸਫਾਰੀ ਨੇੜੇ ਇਕ ਸਵਾਰੀ ਲੈ ਕੇ ਜਾ ਰਹੇ ਥ੍ਰੀ-ਵ੍ਹੀਲਰ ਅਤੇ ਰਾਂਗ ਸਾਈਡ ਆ ਰਹੇ ਟੈਂਪੂ ਦਰਮਿਆਨ ਟੱਕਰ ਹੋਣ ਕਾਰਨ 4 ਵਿਅਕਤੀ ਗੰਭੀਰ ਰੂਪ ’ਚ ਜ਼ਖਮੀ ਹੋ ਗਏ ਸਨ, ਜਿਨ੍ਹਾਂ ’ਚੋਂ ਇਕ ਨੂੰ ਇਲਾਜ ਲਈ ਚੰਡੀਗੜ੍ਹ ਪੀ. ਜੀ. ਆਈ. ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਇਲਾਜ ਦੌਰਾਨ 3 ਦਿਨ ਬਾਅਦ ਉਸ ਵਿਅਕਤੀ ਦੀ ਮੌਤ ਹੋ ਗਈ। ਜਾਣਕਾਰੀ ਦਿੰਦਿਆਂ ਥਾਣਾ ਮੁਖੀ ਜੈਦੀਪ ਜਾਖੜ ਨੇ ਦੱਸਿਆ ਕਿ ਪੁਲਸ ਨੂੰ ਸ਼ਿਕਾਇਤਕਰਤਾ ਹਰਲੀਨ ਅਰੋੜਾ ਪਤਨੀ ਕਪਿਲ ਪਸਰੀਚਾ ਵਾਸੀ ਸਿਲਵਰ ਕੁੰਜ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ 17 ਜੂਨ ਨੂੰ ਉਹ ਆਪਣੇ ਭਰਾ ਦੇ ਸਾਲੇ ਬਲਜੀਤ ਸਿੰਘ ਪੁੱਤਰ ਮਨੋਜਰ ਸਿੰਘ ਵਾਸੀ ਡੇਰਾ ਅਕਲਪੁਰ ਰੋਡ, ਫਿਲੌਰ ਦੇ ਨਾਲ ਥ੍ਰੀ-ਵ੍ਹੀਲਰ ’ਚ ਬੈਠ ਕੇ ਲੁਧਿਆਣਾ ਵੱਲ ਜਾ ਰਹੀ ਸੀ। ਜਦੋਂ ਉਨ੍ਹਾਂ ਦਾ ਥ੍ਰੀ-ਵ੍ਹੀਲਰ ਟਾਈਗਰ ਸਫਾਰੀ ਨੇੜੇ ਪੁੱਜਾ ਤਾਂ ਤੁਲਸੀ ਰੋਡ ’ਤੇ ਰਾਂਗ ਸਾਈਡ ਤੋਂ ਆ ਰਹੇ ਇਕ ਟੈਂਪੂ ਨੇ ਸਿੱਧਾ ਉਨ੍ਹਾਂ ਦੇ ਥ੍ਰੀ-ਵ੍ਹੀਲਰ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਬਲਜੀਤ ਸਿੰਘ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ

## ਕੈਬਨਿਟ ਮੰਤਰੀ ਧਾਲੀਵਾਲ ਨੂੰ ਮਿਲਿਆ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦਾ ਵਫ਼ਦ

ਗੁਰਦਾਸਪੁਰ 23 ਜੂਨ। ਘੋਨੇਵਾਲਾ ਨੇੜੇ ਰਾਵੀ ਦਰਿਆ ਉੱਤੇ ਨਵੇਂ ਬਣਾਏ ਜਾ ਰਹੇ ਪੁੱਲ ਦੇ ਕੰਮ ਦਾ ਜਾਇਜ਼ਾ ਲੈਣ ਪਹੁੰਚੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਅਤੇ ਜਨਰਲ ਸਕੱਤਰ ਕਵਲਜੀਤ ਸਿੰਘ ਖੁਸ਼ਹਾਲਪੁਰ ਦੀ ਅਗਵਾਈ ਵਾਲੇ ਵਫਦ ਨੇ ਮੁਲਾਕਾਤ ਕੀਤੀ। ਆਗੂਆਂ ਨੇ ਕਿਹਾ ਕਿ ਡਾਲਾ, ਗੂਰਚੱਕ, ਮਨਸੂਰ, ਘੋਨੇਵਾਲਾ, ਮਾਸ਼ੀਵਾਲਾ, ਧਰਮਕੋਟ ਪੱਤਣ ਆਦਿ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਨੂੰ ਪਾਣੀ ਦੀ ਮਾਰ ਤੋਂ ਬਚਾਉਣ ਲਈ ਪੱਥਰਾਂ ਦਾ ਬੰਨ ਜਲਦੀ ਬਣਾਇਆ ਜਾਵੇ। ਦਰਿਆ ਰਾਵੀ, ਬਿਆਸ ਅਤੇ ਸਤਲੁਜ ਵਿੱਚੋਂ ਰੇਤਾ ਕੱਢ ਕੇ ਪਾਣੀ ਲਈ ਸਪੇਸ ਬਣਾਉਣ ਦੀ ਮੰਗ ਵੀ ਜੋਰਦਾਰ ਢੰਗ ਨਾਲ ਉਠਾਈ ਗਈ। ਜੇਕਰ ਸੂਬੇ ਦੇ ਸਾਰੇ ਦਰਿਆਵਾਂ ਵਿੱਚੋਂ ਰੇਤਾ ਕੱਢ ਲਈ ਜਾਵੇ ਤਾਂ ਪਾਣੀ ਲਈ ਖੇਤਰਫਲ ਵੱਧ ਜਾਵੇਗਾ ਅਤੇ ਸੂਬੇ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਵੱਡੀ ਮਦਦ ਮਿਲੇਗੀ ਅਤੇ ਲੋਕਾਂ ਨੂੰ ਰੇਤ ਦੇ ਮਹਿੰਗੇ ਭਾਅ ਤੋਂ ਵੀ ਰਾਹਤ ਮਿਲੇਗੀ।

## ਏਟੀਐੱਮ ਬਦਲ ਕੇ ਠੱਗ ਗਿਰੋਹ ਨੇ 74,400 ਰੁਪਏ ਖਾਤੇ ‘ਚੋਂ ਕਢਵਾਏ

ਬਲਾਚੌਰ 23 ਜੂਨ। ਬਲਾਚੌਰ ਦੇ ਆਸ-ਪਾਸ ਵੱਖ ਵੱਖ ਬੈਂਕਾ ਦੇ ਏਟੀਐੱਮ ਦੇ ਇਰਦ ਗਿਰਦ ਠੱਗ ਗਿਰੋਹ ਪੂਰੀ ਤਰ੍ਹਾਂ ਨਾਲ ਸਰਗਰਮ ਹੈ ਜਿਸ ਵਲੋਂ ਨਿੱਤ ਦਿਨ ਕਿਸੇ ਨਾ ਕਿਸੇ ਸਖਸ ਨੂੰ ਆਪਣੀ ਠੱਗੀ ਦਾ ਸਿ਼ਕਾਰ ਬਣਾਉਣ ਦੀਆਂ ਖਬਰਾ ਆਉਂਦੀਆ ਰਹਿੰਦੀਆਂ ਹਨ। ਜਾਣਕਾਰੀ ਦਿੰਦੇ ਹੋਏ ਪਿੰਡ ਜਾਡਲੀ ਨਿਵਾਸੀ ਮਮਤਾ ਰਾਣੀ ਪੁੱਤਰੀ ਚਤਰ ਸੈਨ ਨੇ ਦੱਸਿਆ ਕਿ ਜਦ ਉਹ ਬੀਤੇ ਦਿਨੀਂ ਆਪਣੀ ਮਾਤਾ ਬਿਮਲਾ ਦੇਵੀ ਦੇ ਪੰਜਾਬ ਨੈਸਨਲ ਬੈਂਕ ਬਰਾਂਚ ਜਾਡਲਾ ਦੇ ਖਾਤੇ ਦਾ ਏਟੀਐੱਮ ਲੈ ਕੇ ਬਲਾਚੌਰ ਦੇ ਭੱਦੀ ਰੋਡ ਸਥਿਤ ਪੰਜਾਬ ਨੈਸਨਲ ਬੈਂਕ ਬਰਾਂਚ ਬਲਾਚੌਰ ਦੇ ਏਟੀਐੱਮ ਉਪਰ ਪੈਸੇ ਕਢਾਉਣ ਲਈ ਗਈ ਸੀ ਜਿੱਥੇ




ਕਿ ਉਸ ਨੇ 10 ਹਜਾਰ ਰੁਪਏ ਕਢਾਏ । ਇਸ ਦੌਰਾਨ ਏਟੀਐੱਮ ਦੇ ਨਜਦੀਕ ਦੋ ਨੌਜਵਾਨ ਮੌਜੂਦ ਸਨ ਜਿਨ੍ਹਾਂ ਨੇ ਉਸ ਦੀ ਏਟੀਐੱਮ ਦੀ ਪਰਚੀ ਹੇਠਾਂ ਡਿੱਗੀ ਚੁੱਕਣ ਲੱਗੀ ਦਾ ਸਾਤਰਦਿਮਾਗ ਨਾਲ ਏਟੀਐੱਮ ਬਦਲੀ ਕਰ ਦਿੱਤਾ ਉਸ ਨੂੰ ਉਸ ਵੇਲੇ ਤਾਂ ਕੁੱਝ ਨਹੀਂ ਪਤਾ ਲੱਗਿਆ ਅਤੇ ਉਹ ਵਾਪਸ ਘਰ ਚਲੇ ਗਈ। ਪਰ ਬਾਅਦ ਵਿਚ ਪਤਾ ਲੱਗਿਆ ਕਿ ਹੇਰਾਫੇਰੀ ਨਾਲ ਉਨ੍ਹਾਂ ਦੇ ਏਟੀਐੱਮ ਵਿੱਚੋਂ 35000 ਰੁਪਏ, ਫਿਰ 25000 ਰੁਪਏ ਅਤੇ ਫਿਰ 10000 ਰੁਪਏ, ਫਿਰ 4000 ਰੁਪਏ ਅਤੇ ਅਖੀਰ ਵਿਚ 400 ਰੁਪਏ ਵੱਖ-ਵੱਖ ਏਟੀਐੱਮ ਮਸ਼ੀਨਾਂ ਰਾਹੀਂ ਕੁੱਲ 74,400 ਰੁਪਏ ਕਢਵਾ ਲਏ ਹਨ। ਇਸ ਸਬੰਧ ਵਿਚ ਉਨ੍ਹਾਂ ਵਲੋਂ ਮੁੱਖ ਥਾਣਾ ਅਫਸਰ ਸਿਟੀ ਬਲਾਚੌਰ ਨੂੰ ਲਿਖਤੀ ਸਿ਼ਕਾਇਤ ਕਰਕੇ ਕਥਿਤ ਦੋਸੀਆ ਖਿ਼ਲਾਫ ਬਣਦੀ ਕਾਰਵਾਈ ਕਰਨ ਦੀ ਅਪੀਲ ਕੀਤੀ।

## ਛੱਤੀਸਗੜ੍ਹ ਪਬਲਿਕ ਕਮਿਸ਼ਨ ਦੇ ਦਫਤਰ ‘ਚ ਲੱਗੀ ਅੱਗ, ਕਈ ਦਸਤਾਵੇਜ ਸੜ ਕੇ ਹੋਏ ਸੁਆਹ

ਰਾਏਪੁਰ 23 ਜੂਨ। ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ‘ਚ ਕਾਰਪੋਰੇਸਨ ਬਿਲਡਿੰਗ ਦੇ ਕੋਲ ਸਥਿਤ ਛੱਤੀਸਗੜ੍ਹ ਪਬਲਿਕ ਕਮਿਸਨ ਦੇ ਦਫਤਰ ‘ਚ ਵੀਰਵਾਰ ਨੂੰ ਅੱਗ ਲੱਗ ਗਈ। ਇਸ ਦੌਰਾਨ ਲੋਕ ਆਯੋਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਘਟਨਾ ਦੀ ਕਵਰੇਜ ਕਰਨ ਆਏ ਪੱਤਰਕਾਰਾਂ ਨਾਲ ਬਦਸਲੂਕੀ ਕੀਤੀ। ਉਨ੍ਹਾਂ ਦੀ ਪੱਤਰਕਾਰਾਂ ਨਾਲ ਹੱਥੋਪਾਈ ਵੀ ਹੋਈ। ਇਸ ਘਟਨਾ ਤੋਂ ਬਾਅਦ ਰਾਜਧਾਨੀ ਦੇ ਪੱਤਰਕਾਰਾਂ ਵਿੱਚ ਭਾਰੀ ਰੋਸ ਹੈ। ਇਸ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਲੋਕ ਕਮਿਸਨ ਦੇ ਕਮਿਸਨਰ ਜਸਟਿਸ ਟੀਪੀ ਸਰਮਾ ਨੇ ਪੱਤਰਕਾਰਾਂ ਤੋਂ ਇਸ ਦੁਰਵਿਹਾਰ ਲਈ ਮੁਆਫੀ ਮੰਗੀ। ਉਨ੍ਹਾਂ ਮੁਆਫੀ ਮੰਗਦਿਆਂ ਕਿਹਾ ਕਿ ਮੈਂ ਕਮਿਸਨ ਮੁਲਾਜਮਾਂ ਦੀ ਗਲਤੀ ਲਈ ਮੁਆਫੀ ਮੰਗਦਾ ਹਾਂ, ਕੱਲ੍ਹ ਸਖਤ ਕਾਰਵਾਈ ਕੀਤੀ ਜਾਵੇਗੀ . ਛੱਤੀਸਗੜ੍ਹ ਪਬਲਿਕ ਕਮਿਸਨ ਦੇ ਦਫਤਰ ਵਿੱਚ ਲੱਗੀ ਅੱਗ ਵਿੱਚ ਕਈ ਦਸਤਾਵੇਜ ਸੜ ਗਏ। ਅੱਗ ਬੁਝਾਉਣ ਦੌਰਾਨ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਬਾਹਰ ਕੱਢਿਆ ਗਿਆ। ਸੂਚਨਾ ਮਿਲਣ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ ‘ਤੇ ਪਹੁੰਚ ਕੇ ਅੱਗ ‘ਤੇ ਕਾਬੂ ਪਾਇਆ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

## ‘ਹਿਮਾਚਲ’ ‘ਚ ਜਮੀਨ ਦਿਵਾਉਣ ਦੇ ਨਾਂ ‘ਤੇ ਮਾਰੀ 81 ਲੱਖ ਦੀ ਠੱਗੀ, ਦਵਾਈਆਂ ਦੀ ਫੈਕਟਰੀ ਲਗਾਉਣਾ ਚਾਹੁੰਦਾ ਸੀ ਪੀੜਤ

ਏਜੰਸੀਆਂ

ਚੰਡੀਗੜ੍ਹ 23 ਜੂਨ। ਦਵਾਈ ਫੈਕਟਰੀ ਲਈ ਹਿਮਾਚਲ ਦੇ ਊਨਾ ਦੇ ਪਿੰਡ ਮਾਹਲ ‘ਚ ਜਮੀਨ ਦਿਵਾਉਣ ਦੇ ਨਾਂ ‘ਤੇ ਪੰਜ ਵਿਅਕਤੀਆਂ ਨੇ ਸਿਸਮੇਡ ਐਕਸਿਮ ਪ੍ਰਾਈਵੇਟ ਲਿਮਟਿਡ ਕੰਪਨੀ ਦੇ ਡਾਇਰੈਕਟਰ ਚੰਦਰਸੇਖਰ ਨਾਲ 81 ਲੱਖ ਰੁਪਏ ਦੀ ਠੱਗੀ ਮਾਰ ਲਈ ਹੈ। ਇਹ ਧੋਖਾਧੜੀ ਪ੍ਰਾਪਰਟੀ ਡੀਲਰ ਸਮੇਤ ਪੰਜ ਜਣਿਆਂ ਵੱਲੋਂ ਕੀਤੀ ਗਈ ਹੈ। ਬਾਅਦ ’ਚ ਪਤਾ ਲੱਗਾ ਕਿ ਉਹ ਗੈਰ-ਹਿਮਾਚਲੀ ਹੋਣ ਕਰਕੇ ਇੱਥੇ ਜਮੀਨ ਨਹੀਂ ਸੀ ਖਰੀਦ ਸਕਦਾ। ਉਸ ਨੇ ਮਹਿਸੂਸ ਕੀਤਾ ਕਿ ਉਸ ਨਾਲ ਠੱਗੀ ਹੋਈ ਹੈ ਤੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਸੈਕਟਰ-17 ਥਾਣਾ ਪੁਲਸ ਨੇ ਜਾਂਚ ਤੋਂ ਬਾਅਦ ਪ੍ਰਾਪਰਟੀ ਡੀਲਰ ਭੁਪਿੰਦਰ ਸਰਮਾ ਵਾਸੀ ਚੰਦਰਪੁਰ ਪਿੰਡ ਊਨਾ, ਰਾਜਨ ਸਰਮਾ ਵਾਸੀ ਪਿੰਡ ਨੰਗਲਾ ਕਲਾਂ, ਜਤਿੰਦਰ ਸਰਮਾ ਵਾਸੀ ਪਿੰਡ ਕੁਰਗਲ, ਧਰੁਵਦੱਤ ਸਰਮਾ ਵਾਸੀ ਕਾਲਕਾ ਤੇ ਪਿੰਡ ਨੰਗਲਾ ਕਲਾਂ ਵਾਸੀ ਰਾਕੇਸ਼ ਕੁਮਾਰ ਖਿ਼ਲਾਫ ਧੋਖਾਧੜੀ ਤੇ ਸਾਜਿ਼ਸ ਰਚਣ ਸਬੰਧੀ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਚੰਦਰਸ਼ੇਖਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ’ਚ ਉਨ੍ਹਾਂ ਦੀ ਇੰਡਸਟਰੀਅਲ ਏਰੀਆ ਫੇਜ਼-1 ’ਚ ਸਿਸਮੇਡ ਐਕਸਿਮ ਪ੍ਰਾਈਵੇਟ ਲਿਮਟਿਡ ਕੰਪਨੀ ਹੈ। ਉਨ੍ਹਾਂ ਦੀ ਕੰਪਨੀ 2014 ਤੋਂ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਕੰਪਨੀ ਦੇ



ਦਫਤਰ ਨਵੀਂ ਦਿੱਲੀ, ਜੰਮੂ, ਸ੍ਰੀਨਗਰ ਤੇ ਦੇਹਰਾਦੂਨ ’ਚ ਖੁੱਲ੍ਹੇ ਹੋਏ ਹਨ। ਉਨ੍ਹਾਂ ਦਾ ਪੁੱਤਰ ਅੰਕੁਰ ਕੰਪਨੀ ਦਾ ਐੱਮ.ਡੀ. ਹੈ, ਜੋ ਊਨਾ ’ਚ ਦਵਾਈ ਦੀ ਫੈਕਟਰੀ ਲਾਉਣਾ ਚਾਹੁੰਦਾ ਸੀ। ਜਮੀਨ ਖਰੀਦਣ ਲਈ ਪੁੱਤਰ ਅੰਕੁਰ ਦੀ ਪ੍ਰਾਪਰਟੀ ਡੀਲਰ ਭੁਪਿੰਦਰ ਸਰਮਾ ਤੇ ਰਾਜਨ ਸਰਮਾ ਨਾਲ ਮੁਲਾਕਾਤ ਹੋਈ। ਊਨਾ ਦੇ ਪਿੰਡ ਮਾਹਲ ’ਚ 91 ਕਨਾਲ 12 ਮਰਲੇ ਜਮੀਨ ਵਿਕ ਰਹੀ ਹੈ। ਉਨ੍ਹਾਂ ਨੇ ਜਮੀਨ ਮਾਲਕ ਰਾਕੇਸ ਕੁਮਾਰ ਤੇ ਜਤਿੰਦਰ ਸਰਮਾ ਨਾਲ ਮੁਲਾਕਾਤ ਕਰਵਾਈ। ਉਨ੍ਹਾਂ ਨੇ ਸਿ਼ਕਾਇਤਕਰਤਾ ਨੂੰ ਦੱਸਿਆ ਕਿ ਜਮੀਨ ਖਾਲੀ ਪਈ ਹੈ, ਜਿਸ ਕਾਰਨ ਜਮੀਨ ਦੀ ਕੀਮਤ ਘੱਟ ਹੈ। ਜਮੀਨ ਦਾ ਸੌਦਾ 81 ਲੱਖ ਰੁਪਏ ’ਚ ਹੋਇਆ ਸੀ। ਉਕਤ ਵਿਅਕਤੀਆਂ ਨੇ ਕਿਹਾ ਕਿ ਜਮੀਨ ਉਨ੍ਹਾਂ ਦੇ ਨਾਂ ਕਰਵਾ ਦਿੱਤੀ ਜਾਵੇਗੀ। ਹਿਮਾਚਲ ਸਰਕਾਰ ਨੇ ਗੈਰ-ਹਿਮਾਚਲੀ ਲੋਕਾਂ ਨੂੰ ਕਾਰੋਬਾਰ ਲਈ ਜਮੀਨ ਦੇਣ ਨੂੰ ਲੈ ਕੇ ਨਿਯਮਾਂ ’ਚ ਬਦਲਾਅ ਕੀਤਾ ਹੈ। ਉਨ੍ਹਾਂ ਨੇ 10 ਸਤੰਬਰ 2020 ਨੂੰ ਮੁਲਜਮਾਂ ਨੂੰ 70 ਲੱਖ ਰੁਪਏ ਮੁਲਜ਼ਮਾਂ ਨੂੰ ਦੇ ਦਿੱਤੇ। ਇਸ ਤੋਂ ਇਲਾਵਾ 1 ਲੱਖ ਰੁਪਏ ਟੋਕਨ ਮਨੀ ਦਿੱਤੀ ਸੀ। ਇਸ ਤੋਂ ਬਾਅਦ ਉਸ ਨੇ ਸਰਕਾਰ ਕੋਲ 10 ਲੱਖ ਰੁਪਏ ਜਮ੍ਹਾਂ ਕਰਵਾਉਣ ਲਈ ਪੈਸੇ ਮੰਗੇ। ਸਿ਼ਕਾਇਤਕਰਤਾ ਨੇ ਕੁੱਲ 81 ਲੱਖ ਰੁਪਏ ਉਕਤ ਵਿਅਕਤੀਆਂ ਨੂੰ ਦੇ ਦਿੱਤੇ। ਪੈਸੇ ਲੈਣ ਤੋਂ ਬਾਅਦ ਉਹ ਜ਼ਮੀਨ ਨਾਂ ਕਰਵਾਉਣ ਨੂੰ ਲੈ ਕੇ ਬਹਾਨੇ ਬਣਾਉਣ ਲੱਗੇ। ਸੈਕਟਰ-17 ਥਾਣਾ ਪੁਲਸ ਨੇ ਜਾਂਚ ਤੋਂ ਬਾਅਦ ਮਾਮਲਾ ਦਰਜ ਕੀਤਾ ਹੈ।

# ਜਮੀਨ ਹੇਠਲੇ ਪਾਣੀ ਦੀ ਘਾਟ ਕਾਰਨ ਮਾਰੂਥਲ ਬਣਨ ਵੱਲ ਵਧ ਰਿਹੈ ਜਿਲਾ ਜਲੰਧਰ

ਏਜੰਸੀਆਂ

ਜਲੰਧਰ, 23 ਜੂਨ। ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣ ਕਾਰਨ ਜਿ਼ਲਾ ਜਲੰਧਰ ਮਾਰੂਥਲ ਬਣਨ ਵੱਲ ਵਧ ਰਿਹਾ ਹੈ, ਜਿਸ ਕਾਰਨ ਅਗਲੇ ਡੇਢ ਦਹਾਕੇ ’ਚ ਇਸ ਨੂੰ ਭਿਆਨਕ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜਿ਼ਲੇ ’ਚ ਕਿਸਾਨਾਂ ਨੂੰ ਝੋਨੇ ਦੇ ਚੱਕਰ ਤੋਂ ਕੱਢਣ ਲਈ ਜਿ਼ਲਾ ਖੇਤੀਬਾੜੀ ਵਿਭਾਗ ਨੂੰ ਸਖਤ ਕਦਮ ਚੁੱਕਣੇ ਪੈਣਗੇ ਤਾਂ ਜੋ ਕਿਸਾਨਾਂ ਨੂੰ ਦਾਲਾਂ ਤੇ ਹੋਰ ਫਸਲਾਂ ਦੀ ਕਾਸਤ ਕਰਨ ਲਈ ਜਾਗਰੂਕ ਕੀਤਾ ਜਾ ਸਕੇ। ਉੱਥੇ ਹੀ ਵਧਦੀ ਗਰਮੀ ਕਾਰਨ ਲੋਕਾਂ ਦਾ ਬੁਰਾ ਹਾਲ ਹੈ ਤੇ ਕਈ ਇਲਾਕਿਆਂ ’ਚ ਪੀਣ ਵਾਲੇ ਪਾਣੀ ਦਾ ਸੰਕਟ ਡੂੰਘਾ ਹੋ ਗਿਆ ਹੈ, ਉਥੇ ਹੀ ਜਲੰਧਰ ਸਹਿਰ ਤੇ ਦਿਹਾਤੀ ਖੇਤਰਾਂ ’ਚ ਲੋਕਾਂ ਵੱਲੋਂ ਬਿਨਾਂ ਮਨਜ਼ੂਰੀ ਤੋਂ ਸਬਮਰਸੀਬਲ ਪੰਪ ਲਾਉਣ ਲਈ ਬੋਰ ਕੀਤੇ ਜਾ ਰਹੇ ਹਨ। ਹਰ ਰੋਜ ਕਿਸੇ ਨਾ ਕਿਸੇ ਇਲਾਕੇ ’ਚ ਲੋਕ ਨਗਰ ਨਿਗਮ ਖਿ਼ਲਾਫ ਰੋਸ ਪ੍ਰਦਰਸਨ ਕਰਦੇ ਨਜਰ ਆ ਰਹੇ ਹਨ ਤੇ ਪ੍ਰਸਾਸਨ ਨੇ ਫਿਲਹਾਲ ਇਸ ਦਿਸਾ ’ਚ ਕੋਈ ਕਦਮ ਨਹੀਂ ਚੁੱਕਿਆ ਹੈ। ਜਮੀਨੀ ਪੱਧਰ ਦੇ ਪਾਣੀ ਨੂੰ ਲੈ ਕੇ ਜਲੰਧਰ ਬਲੈਕ ਜੋਨ ’ਚ ਆ ਗਿਆ ਹੈ, ਜੋ ਕਿ ਕਾਫੀ ਦੁਖਦਾਈ ਵੀ ਹੈ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਜੇਕਰ ਪਾਣੀ ਨਾ ਮਿਲਿਆ ਤਾਂ ਇਸ ਦਾ ਲੋਕਾਂ ਦੇ ਜੀਵਨ ’ਤੇ ਕੀ ਪ੍ਰਭਾਵ ਪਵੇਗਾ। ਲੋਕਾਂ ਨੂੰ ਪਾਣੀ ਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ ਤੇ ਵੱਧ ਤੋਂ ਵੱਧ ਪਾਣੀ ਦੀ ਬੱਚਤ ਕਰਨੀ ਚਾਹੀਦੀ ਹੈ। ਮਹਾਨਗਰ ’ਚ ਪਾਣੀ ਦੀ ਕਿੱਲਤ ਕਾਰਨ ਸਮਾਜ-ਸੇਵੀ ਤੇ ਇਲਾਕਾ ਨਿਵਾਸੀ ਪੈਸੇ ਇਕੱਠੇ ਕਰ ਕੇ ਪਾਣੀ ਦੇ ਭਰੇ ਟੈਂਕਰ ਮੰਗਵਾ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਪਾਣੀ ਦੀ ਕਿੱਲਤ ਦਾ ਸਾਹਮਣਾ ਨਾ ਕਰਨਾ ਪਵੇ। ਪਿੰਡਾਂ ’ਚ ਵੀ ਪੀਣ ਵਾਲੇ ਪਾਣੀ ਦੀ ਘਾਟ ਕਾਰਨ ਲੋਕਾਂ ਨੂੰ ਇਸੇ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੰਡਾਂ ’ਚ ਦੇਖਿਆ ਗਿਆ ਹੈ ਕਿ ਲੋਕ ਸਬੰਧਤ ਵਿਭਾਗ ਦੀ ਮਨਜੂਰੀ ਤੋਂ ਬਿਨਾਂ ਹੀ ਸਬਮਰਸੀਬਲ ਬੋਰ ਕਰਵਾ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਕ ਹੀ ਗਲੀ ’ਚ 8 ਤੋਂ 10 ਸਬਮਰਸੀਬਲ ਬੋਰ ਹੋ ਰਹੇ ਹਨ, ਜਿਸ ਕਾਰਨ ਇਲਾਕੇ ਦੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਦੂਜੇ ਪਾਸੇ ਇਲਾਕੇ ’ਚ ਲਾਈਆਂ ਪੁਰਾਣੀਆਂ ਸਬਮਰਸੀਬਲਾਂ ਨੇ ਪਾਣੀ ਚੁੱਣਾ ਬੰਦ ਕਰ ਦਿੱਤਾ ਹੈ। ਪਾਣੀ ਨਾ ਮਿਲਣ ਕਾਰਨ ਲੋਕਾਂ ਨੂੰ ਰੋਜਾਨਾ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫੀ ਹੇਠਾਂ ਡਿੱਗ ਗਿਆ ਹੈ, ਜਿਸ ਕਾਰਨ ਦੇਸ ਭਰ ’ਚ ਪਾਣੀ ਦਾ ਸੰਕਟ ਡੂੰਘਾ ਹੋ ਗਿਆ ਹੈ, ਜੇਕਰ ਲੋਕ ਧਰਤੀ ਹੇਠਲੇ ਪਾਣੀ ਦੀ ਜਿ਼ਆਦਾ ਵਰਤੋਂ ਕਰਦੇ ਰਹੇ ਤਾਂ ਪਾਣੀ ਦਾ ਸੰਕਟ ਹੋਰ ਡੂੰਘਾ ਹੋ ਜਾਵੇਗਾ। ਇਸ ਸਮੇਂ ਧਰਤੀ ਹੇਠਲੇ ਪਾਣੀ ਦਾ ਪੱਧਰ 600 ਫੁੱਟ ਤੱਕ ਪਹੁੰਚ ਗਿਆ ਹੈ। ਪਾਣੀ ਦੇ ਘਟ ਰਹੇ ਪੱਧਰ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਕਿਸਾਨਾਂ ਨਾਲ ਕਈ ਮੀਟਿੰਗਾਂ ਕੀਤੀਆਂ ਹਨ ਤੇ ਝੋਨੇ ਦੇ ਸੀਜਨ ਦੌਰਾਨ ਖੇਤਾਂ ਦੀ ਸਿੰਚਾਈ ਲਈ ਨਹਿਰੀ ਪਾਣੀ



ਮੁਹੱਈਆ ਕਰਵਾ ਰਹੀ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ। ਸਬਮਰਸੀਬਲ ਪੰਪ ਦੇ ਬੋਰ ਕਰਵਾਉਣ ਨੂੰ ਲੈ ਕੇ ਲੋਕ ਕਾਫੀ ਪ੍ਰੇਸਾਨ ਰਹਿੰਦੇ ਹਨ ਤੇ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਕਿਸ ਵਿਭਾਗ ਤੋਂ ਮਨਜੂਰੀ ਲੈਣੀ ਹੈ। ਇਸ ਸਬੰਧੀ ਲੋਕ ਕਈ ਵਾਰ ਪਾਵਰਕਾਮ ਦਫਤਰ ਤੇ ਨਗਰ ਨਿਗਮ ਦੇ ਚੱਕਰ ਵੀ ਲਾਉਂਦੇ ਹਨ। ਲੋਕ ਹੁਣ ਸਬਮਰਸੀਬਲ ਬੋਰ ਕਰਵਾਉਣ ਲਈ ਡੀ.ਸੀ. ਦਫਤਰ ਜਾ ਕੇ ਪਰਮੀਸਨ ਲੈਣ। ਸਹਿਰਾਂ ਤੇ ਪਿੰਡਾਂ ’ਚ ਬਿਨਾਂ ਮਨਜੂਰੀ ਸਬਮਰਸੀਬਲ ਬੋਰ ਕੀਤੇ ਜਾ ਰਹੇ ਹਨ ਤੇ ਸਬੰਧਤ ਵਿਭਾਗ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ, ਜਿਸ ਦਾ ਫਾਇਦਾ ਉਠਾ ਕੇ ਮਸੀਨਾਂ ਨਾਲ ਸਬਮਰਸੀਬਲ ਬੋਰ ਕਰਨ ਵਾਲੇ ਮੋਟੀ ਕਮਾਈ ਕਰ ਰਹੇ ਹਨ, ਜੇਕਰ ਸਬੰਧਤ ਵਿਭਾਗ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਸਖਤ ਕਦਮ ਚੁੱਕਣੇ ਪੈਣਗੇ ਤੇ ਬਿਨਾਂ ਮਨਜੂਰੀ ਪਾਣੀ ਦੇ ਬੋਰ ਕਰਨ ਵਾਲਿਆਂ ਖਿ਼ਲਾਫ ਸਖਤ ਕਾਰਵਾਈ ਕਰਨੀ ਹੋਵੇਗੀ। ਕਈ ਪਿੰਡਾਂ ’ਚ ਬੋਰ ਕਰਨ ਵਾਲੇ ਲੋਕਾਂ ਦੇ ਘਰਾਂ ਤੇ ਗਲੀਆਂ ’ਚ ਇਹ ਕਹਿ ਕੇ ਬੋਰ ਕਰ ਰਹੇ ਹਨ ਕਿ ਜੋ ਵੀ ਸਰਕਾਰੀ ਅਧਿਕਾਰੀ ਬੋਰ ਰੋਕਣ ਲਈ ਆਵੇਗਾ, ਉਸ ਨਾਲ ਸੈਟਿੰਗ ਕਰ ਕੇ ਕਰਵਾਇਆ ਜਾ ਰਿਹਾ ਸਬਮਰਸੀਬਲ ਬੋਰ ਨੂੰ ਬਿਨਾਂ ਕਿਸੇ ਡਰ ਤੋਂ ਚਾਲੂ ਕਰਵਾ ਦਿੱਤਾ ਜਾਵੇਗਾ। ਬਿਜਲੀ ਵਿਭਾਗ ਦੇ ਐਕਸੀਅਨ ਜਸਪਾਲ ਸਿੰਘ ਨੇ ਦੱਸਿਆ ਕਿ ਉਹ ਤੇ ਉਨ੍ਹਾਂ ਦੀ ਟੀਮ ਪਹਿਲਾਂ ਵੀ ਕਈ ਪਿੰਡਾਂ ’ਚ ਗਲੀਆਂ ’ਚ ਲੱਗੇ ਸਬਮਰਸੀਬਲ ਪੰਪਾਂ ਦੇ ਕੁਨੈਕਸਨਾਂ ਸਬੰਧੀ ਜੁਰਮਾਨੇ ਕਰ ਚੁੱਕੇ ਹਨ।

## ਤਪਦੀ ਗਰਮੀ ‘ਚ 4 ਦਿਨ ਤੋਂ ਬਿਜਲੀ ਗੁੱਲ ! ਭੜਕੇ ਲੋਕਾਂ ਨੇ ਘੇਰਿਆ ਬਿਜਲੀ ਘਰ

ਲੁਧਿਆਣਾ 23 ਜੂਨ। ਛਾਉਣੀ ਮੁਹੱਲਾ ਇਲਾਕੇ ਤਹਿਤ ਪੈਂਦੇ ਵਾਰਡ ਨੰ. 94 ਦੇ ਇਲਾਕਾ ਨਿਵਾਸੀਆਂ ਵੱਲੋਂ ਚਾਂਦ ਸਿਨੇਮਾ ਨੇੜੇ ਜੀ. ਟੀ. ਰੋਡ ਸਥਿਤ ਬਿਜਲੀਘਰ ਦਾ ਘਿਰਾਓ ਕਰਦੇ ਹੋਏ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਖਿਲਾਫ ਮੁਰਦਾਬਾਦ ਦੇ ਜ਼ੋਰਦਾਰ ਨਾਅਰੇ ਲਾਏ ਗਏ। ਇਲਾਕਾ ਨਿਵਾਸੀ ਰਜਿੰਦਰ ਸਿੰਘ ਅਤੇ ਔਰਤਾਂ ਨੇ ਦੋਸ਼ ਲਾਏ ਹਨ ਕਿ ਪਿਛਲੇ 4 ਦਿਨਾਂ ਤੋਂ ਇਲਾਕੇ ’ਚ ਬਿਜਲੀ ਦੀ ਸਪਲਾਈ ਠੱਪ ਪਈ ਹੋਈ ਹੈ, ਜਿਸ ਕਾਰਨ ਇਲਾਕਾ ਨਿਵਾਸੀ ਪੀਣ ਵਾਲੇ ਪਾਣੀ ਦੀ ਇਕ-ਇਕ ਬੂੰਦ ਲਈ ਤਰਸ ਰਹੇ ਹਨ, ਜਦੋਂਕਿ ਉਕਤ ਗੰਭੀਰ ਮਾਮਲੇ ਸਬੰਧੀ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਵੱਲੋਂ ਇਲਾਵਾ ਨਿਵਾਸੀਆਂ ਨੂੰ ਝੂਠਾ ਭਰੋਸਾ ਦੇ ਕੇ ਟਾਲ ਮਟੋਲ ਕੀਤੀ ਜਾ ਰਹੀ ਹੈ। ਪ੍ਰਦਰਸ਼ਨਕਾਰਆਂ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਪੂਰੇ ਇਲਾਕੇ ਦੀਆਂ ਔਰਤਾਂ ਅਤੇ ਛੋਟੇ-ਛੋਟੇ ਬੱਚਿਆਂ ਵੱਲੋਂ ਸਵੇਰ ਛਾਉਣੀ ਮੁਹੱਲਾ ਸਥਿਤ ਬਿਜਲੀ ਘਰ ਦੇ ਮੱਖ ਗੇਟ ’ਤੇ ਦਰੀ ਵਿਛਾ ਕੇ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਪਰ ਇਸ ਦੌਰਾਨ ਸ਼ਾਮ ਦੇ ਸਾਢੇ 5 ਵਜੇ ਤੱਕ ਇਲਾਵਾ ਨਿਵਾਸੀਆਂ ਨਾਲ ਗੱਲ ਕਰਨ ਲਈ ਕੋਈ ਵੀ ਅਧਿਕਾਰੀ ਮੌਕੇ ’ਤੇ ਨਹੀਂ ਪੁੱਜਾ। ਗੁੱਸੇ ਵਿਚ ਲੋਹੇ-ਲਾਖੇ ਹੋਏ ਪ੍ਰਦਰਸ਼ਨਕਾਰੀ ਔਰਤਾਂ ਨੇ ਦਾਅਵਾ ਕੀਤਾ ਕਿ ਪਾਵਰਕਾਮ ਵਿਭਾਗ ਦੇ ਅਧਿਕਾਰੀ ਇਲਾਕਾ ਨਿਵਾਸੀਆਂ ਨਾਲ ਗੰਦੀ ਸਿਆਸਤ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਪਾਵਰਕਾਮ ਵਿਭਾਗ ਦੇ ਦਫਤਰ ’ਚ ਲਾਈਨਮੈਨਾਂ ਦੀ ਚੱਲ ਰਹੀ ਹੜਤਾਲ ਦਾ ਖਮਿਆਜਾ ਆਮ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ।